

ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV





ਅੰਦਰਲੀ ਖ਼ਬਰ
ਸਚਿਨ ਪਾਇਲਟ ਦੀ ਰਿਪੋਰਟ ਤੋਂ ਬਾਅਦ ਪੰਜਾਬ ਕਾਂਗਰਸ 'ਚ ਹੋ ਸਕਦੇ ਵੱਡੇ ਬਦਲਾਅ 05

ਅੰਦਰਲੀ ਖ਼ਬਰ
ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕਰਵਾਏ ਗਏ 'ਇੰਸਪੀਰੇਸ਼ਨਲ ਸਟੈੱਪਸ-2026' 'ਚ ਸੈਂਕੜੇ ਦੌੜਾਕਾਂ ਤੇ ਵਾਕਰਾਂ ਨੇ ਭਾਗ ਲਿਆ 07





ਪੰਨਾ ਨੰ.:6 ਲੇਖ
ਜਦੋਂ ਮੈਨੂੰ ਪੁਰਸਕਾਰ ਮਿਲਿਆ !





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

01 ਅਕਤੂਬਰ ਤੋਂ 07 ਅਕਤੂਬਰ, 2026

Email :- editor@punjabstar.com, Vo. 20. Issue:1257


## ਮੌਂਟਰੀਆਲ ਨੇੜੇ ਵਾਪਰੇ ਹੈਲੀਕਾਪਟਰ ਹਾਦਸੇ 'ਚ ਚਾਰ ਲੋਕਾਂ ਦੀ ਮੌਤ




(ਪੰਜਾਬ ਸਟਾਰ ਬਿਓਰੋ): ਲੰਘੀ ਸ਼ਾਮ ਕੈਨੇਡਾ ਦੇ ਪੂਰਬੀ ਸੂਬੇ ਕਿਊਬਕ ਦੀ ਰਾਜਧਾਨੀ ਮੌਂਟਰੀਆਲ ਕੋਲ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਉਸ ਵਿੱਚ ਸਵਾਰ ਚਾਰੇ ਲੋਕਾਂ ਦੀ ਮੌਤ ਹੋ ਗਈ। ਸਥਾਨਕ ਪੁਲੀਸ ਅਨੁਸਾਰ ਸ਼ਾਮੀਂ ਹਾਦਸੇ ਦੀ ਸੂਚਨਾ ਮਿਲਣ 'ਤੇ ਜਦੋਂ ਉਹ ਅਤੇ ਬਚਾਅ ਦਲ ਦੇ ਮੈਂਬਰਾਂ ਨਾਲ ਮੌਕੇ 'ਤੇ ਪਹੁੰਚੇ ਤਾਂ ਹੈਲੀਕਾਪਟਰ ਨੂੰ ਅੱਗ ਲੱਗੀ ਹੋਈ ਸੀ। * ਬਾਕੀ ਸਫ਼ਾ 2 'ਤੇ

## ਕੈਨੇਡਾ ਦੀ ਵਿਦੇਸ਼ ਨੀਤੀ ਰਣਨੀਤਕ ਖ਼ੁਦਮੁਖ਼ਤਿਆਰੀ 'ਤੇ ਕੇਂਦਰਿਤ: ਅਨੀਤਾ ਆਨੰਦ



ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਸਾਲਾਨਾ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਕੈਨੇਡਾ ਆਲਮੀ ਪੱਧਰ 'ਤੇ ਰਣਨੀਤਕ ਖ਼ੁਦਮੁਖ਼ਤਿਆਰੀ ਦਾ ਹਾਮੀ ਹੈ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ ਇਸੇ ਨੀਤੀ 'ਤੇ ਕੇਂਦਰਿਤ ਹੋ ਕੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵੱਡੀਆਂ ਤਾਕਤਾਂ ਵੱਲੋਂ ਪਾਏ ਜਾਣ ਵਾਲੇ ਦਬਾਵਾਂ ਨੂੰ ਸੀਮਤ ਕਰਨਾ ਜ਼ਰੂਰੀ ਅਤੇ ਸਮੇਂ ਦੀ ਮੁੱਖ ਲੋੜ ਹੈ।

ਅਨੀਤਾ ਆਨੰਦ ਨੇ ਵਿਸਥਾਰ ਵਿੱਚ ਦੱਸਦਿਆਂ ਕਿਹਾ ਕਿ ਕੈਨੇਡਾ ਚਾਹੁੰਦਾ ਹੈ ਕਿ ਸਮੇਂ ਦੇ ਨਾਲ ਬਦਲਦੇ ਸਮੀਕਰਨਾਂ ਦੇ ਮੱਦੇਨਜ਼ਰ, ਰੱਖਿਆ, ਊਰਜਾ, ਵਪਾਰ ਅਤੇ ਤਕਨਾਲੋਜੀ ਵਰਗੇ ਵਿਸ਼ੇਸ਼ ਅਤੇ ਮਹੱਤਵਪੂਰਨ * ਬਾਕੀ ਸਫ਼ਾ 2 'ਤੇ

# ਮਿਆਂਮਾਰ ਦੇ ਰਖਾਈਨ 'ਚ ਇੱਕ ਬਾਜ਼ਾਰ ਨੇੜੇ ਭਾਰੀ ਹਵਾਈ ਹਮਲਾ

## 49 ਲੋਕਾਂ ਦੀ ਮੌਤ, 56 ਜ਼ਖ਼ਮੀ



ਮਿਆਂਮਾਰ (ਪੰਜਾਬ ਸਟਾਰ ਬਿਓਰੋ): ਮਿਆਂਮਾਰ ਦੀ ਫੌਜ ਨੇ ਇੱਕ ਤਾਕਤਵਰ ਬਾਗੀ ਸਮੂਹ ਦੇ ਕਬਜ਼ੇ ਵਾਲੇ ਇਲਾਕੇ ਵਿੱਚ ਇੱਕ ਬਾਜ਼ਾਰ ਨੇੜੇ ਭਾਰੀ ਹਵਾਈ ਹਮਲਾ ਕੀਤਾ ਹੈ। ਇਸ ਹਮਲੇ ਵਿੱਚ ਘੱਟੋ-ਘੱਟ 49 ਲੋਕ ਮਾਰੇ ਗਏ ਅਤੇ 58 ਜ਼ਖ਼ਮੀ ਹੋਏ ਹਨ। ਹਮਲੇ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਮਿਆਂਮਾਰ ਦੇ ਪੱਛਮੀ ਰਾਖੀਨ ਰਾਜ ਵਿੱਚ ਹੋਇਆ ਇਹ ਹਮਲਾ ਦੇਸ਼ ਭਰ ਵਿੱਚ ਲੋਕਤੰਤਰ-ਪੱਖੀ ਬਾਗੀ ਸਮੂਹਾਂ ਅਤੇ ਨਸਲੀ ਹਥਿਆਰਬੰਦ ਸੰਗਠਨਾਂ ਵਿਰੁੱਧ ਕੀਤੇ ਜਾ ਰਹੇ ਘਾਤਕ ਹਵਾਈ ਹਮਲਿਆਂ ਦੀ ਲੜੀ ਵਿੱਚ ਤਾਜ਼ਾ ਘਟਨਾ ਹੈ। * ਬਾਕੀ ਸਫ਼ਾ 2 'ਤੇ

## ਟਰੰਪ ਨੇ ਲਾਂਚ ਕੀਤਾ AI ਪੋਰਟਲ, US ਨਾਗਰਿਕਾਂ ਲਈ ਵੱਡੀ ਰਾਹਤ

### ਇੱਕ ਥਾਂ ਮਿਲਣਗੀਆਂ ਅਮਰੀਕੀ ਸਰਕਾਰੀ ਸੇਵਾਵਾਂ



(ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ America.gov ਨਾਮ ਦਾ ਨਵਾਂ AI-ਆਧਾਰਿਤ ਪੋਰਟਲ ਲਾਂਚ ਕੀਤਾ ਹੈ। ਇਸ ਦਾ ਮਕਸਦ ਲੋਕਾਂ ਨੂੰ ਵੱਖ-ਵੱਖ ਸਰਕਾਰੀ ਵੈੱਬਸਾਈਟਾਂ ਅਤੇ ਹਜ਼ਾਰਾਂ ਫਾਰਮਾਂ ਵਿੱਚ ਜਾਣਕਾਰੀ ਲੱਭਣ ਦੀ ਪਰੇਸ਼ਾਨੀ ਤੋਂ ਬਚਾਉਣਾ ਹੈ। ਪੋਰਟਲ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ EB-5 ਗ੍ਰੀਨ ਕਾਰਡ ਹੋਇਆ ਮਹਿੰਗਾ

### ਫੀਸਾਂ ਵਿੱਚ ਹੋਇਆ ਵਾਧਾ




ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਸੰਯੁਕਤ ਰਾਜ ਅਮਰੀਕਾ ਨੇ ਉਨ੍ਹਾਂ ਪ੍ਰਵਾਸੀਆਂ ਲਈ EB-5 ਨਿਵੇਸ਼ਕ ਪ੍ਰੋਗਰਾਮ ਲਈ ਫੀਸਾਂ ਵਿੱਚ ਕਾਫ਼ੀ ਵਾਧਾ ਕਰਨ ਦਾ ਫੈਸਲਾ ਕੀਤਾ ਹੈ ਜੋ ਦੇਸ਼ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹਨ ਅਤੇ ਬਾਅਦ ਵਿੱਚ ਸਥਾਈ ਨਿਵਾਸ (ਗ੍ਰੀਨ ਕਾਰਡ) ਪ੍ਰਾਪਤ ਕਰਨਾ ਚਾਹੁੰਦੇ ਹਨ। EB-5 ਨਿਵੇਸ਼ਕ ਪ੍ਰੋਗਰਾਮ ਨੂੰ ਭਾਰਤੀ ਉੱਦਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਗ੍ਰੀਨ ਕਾਰਡ * ਬਾਕੀ ਸਫ਼ਾ 2 'ਤੇ

## ਟਰੰਪ ਦੇ ਵਿਰੋਧ ਕਾਰਨ ਮਾਰਕ ਕਾਰਨੀ ਨੂੰ Nobel Prize ਦੀ ਚਰਚਾ



(ਪੰਜਾਬ ਸਟਾਰ ਬਿਓਰੋ) : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਬਾਅ ਅੱਗੇ ਆਪਣੇ ਮੁਲਕ ਦਾ ਮਜ਼ਬੂਤੀ ਨਾਲ ਪੱਖ ਰੱਖ ਕੇ ਆਲਮੀ ਪੱਧਰ 'ਤੇ ਵੱਖਰੀ ਪਛਾਣ ਬਣਾਈ ਹੈ। ਕਾਰਨੀ ਦੇ ਇਸੇ ਅੰਦਾਜ਼ ਕਾਰਨ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਅਤੇ 'ਟਾਈਮ' ਰਸਾਲੇ ਦੇ 'ਪਰਸਨ ਆਫ ਦਿ ਯੀਅਰ' ਜਿਹੇ ਵੱਕਾਰੀ ਸਨਮਾਨਾਂ ਦੀ ਦੌੜ 'ਚ ਦੇਖਿਆ ਜਾ ਰਿਹਾ ਹੈ। ਅਮਰੀਕਾ ਆਧਾਰਿਤ ਅੰਦਾਜ਼ੇ ਲਗਾਉਣ ਨਾਲ ਜੁੜੇ ਬਾਜ਼ਾਰ 'ਕਲਸ਼ੀ' 'ਚ ਕਾਰਨੀ ਦੇ ਦੋਵੇਂ ਸਨਮਾਨ ਹਾਸਲ ਕਰਨ ਦੀਆਂ ਸੰਭਾਵਨਾਵਾਂ ਦੇ ਕਿਆਸ ਲਾਏ ਜਾ ਰਹੇ ਹਨ।

ਕਾਰਨੀ ਕੁਝ ਸਮੇਂ ਲਈ 2026 ਦੇ ਨੋਬੇਲ ਸ਼ਾਂਤੀ ਪੁਰਸਕਾਰ ਦੇ ਸੰਭਾਵੀ ਜੇਤੂਆਂ 'ਚ ਅੱਗੇ ਰਹੇ। ਕਾਰੋਬਾਰੀਆਂ ਨੇ ਉਨ੍ਹਾਂ ਦੀ ਸੰਭਾਵਨਾ 14 ਫ਼ੀਸਦ ਪਰਗਟ ਕੀਤੀ ਪਰ ਬਾਅਦ 'ਚ ਇਹ ਘਟ ਗਈ। ਨੋਬੇਲ ਕਮੇਟੀ ਦੀ 9 ਅਕਤੂਬਰ ਨੂੰ ਓਸਲੋ 'ਚ ਐਲਾਨੇ ਜਾਣ * ਬਾਕੀ ਸਫ਼ਾ 2 'ਤੇ

## LPU ਹਿੰਸਾ ਮਾਮਲਾ ਹਾਈਕੋਰਟ ਪਹੁੰਚਿਆ, CBI ਜਾਂਚ ਦੀ ਮੰਗ



ਫਗਵਾੜਾ, (ਪੰਜਾਬ ਸਟਾਰ ਬਿਓਰੋ): ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (LPU) ਵਿੱਚ ਪਿਛਲੇ ਦਿਨਾਂ ਦੌਰਾਨ ਹੋਈ ਹਿੰਸਾ ਦਾ ਮਾਮਲਾ ਹੁਣ ਪੰਜਾਬ-ਹਰਿਆਣਾ ਹਾਈਕੋਰਟ ਪਹੁੰਚ ਗਿਆ ਹੈ। ਪੂਰੇ ਘਟਨਾਕ੍ਰਮ ਦੀ ਜਾਂਚ ਕੇਂਦਰੀ ਜਾਂਚ ਬਿਊਰੋ (CBI) ਤੋਂ ਕਰਵਾਉਣ ਦੀ ਮੰਗ ਨੂੰ ਲੈ ਕੇ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ। ਮੰਗਲਵਾਰ ਨੂੰ ਇਹ ਪਟੀਸ਼ਨ ਤੁਰੰਤ ਸੁਣਵਾਈ ਲਈ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਬੈਂਚ ਸਾਹਮਣੇ ਪੇਸ਼ ਕੀਤੀ ਗਈ। ਬੈਂਚ ਨੇ ਮਾਮਲੇ ਨੂੰ ਬੁੱਧਵਾਰ ਸੁਣਨ 'ਤੇ ਸਹਿਮਤੀ ਦਿੱਤੀ ਹੈ।

ਹਿੰਸਾ ਦੀ ਛਬੀ ਜਾਂਚ ਦੀ ਮੰਗ

ਪਟੀਸ਼ਨਕਰਤਾ ਵੱਲੋਂ ਸੀਨੀਅਰ ਐਡਵੋਕੇਟ ਗੌਰਵ ਚੋਪੜਾ ਨੇ ਐਡਵੋਕੇਟ * ਬਾਕੀ ਸਫ਼ਾ 2 'ਤੇ

## FBI ਨੇ ਗੋਲਡੀ ਬਰਾੜ ਨੂੰ Top 10 Most Wanted ਲਿਸਟ 'ਚ ਪਾਇਆ

### ਸੂਹ ਦੇਣ ਵਾਲੇ ਨੂੰ ਲੱਖਾਂ ਡਾਲਰ ਦੇ ਇਨਾਮ ਦਾ ਐਲਾਨ




(ਪੰਜਾਬ ਸਟਾਰ ਬਿਓਰੋ): ਅਮਰੀਕਾ ਦੀ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (FBI) ਨੇ ਗੋਲਡੀ ਬਰਾੜ ਨੂੰ ਆਪਣੀ Top 10 Most Wanted Fugitives ਸੂਚੀ ਵਿੱਚ ਸ਼ਾਮਲ ਕਰ ਲਿਆ ਹੈ। FBI ਨੇ ਉਸ ਦੀ ਗ੍ਰਿਫ਼ਤਾਰੀ ਲਈ ਜਾਣਕਾਰੀ ਦੇਣ ਵਾਲੇ ਨੂੰ 10 ਲੱਖ ਅਮਰੀਕੀ ਡਾਲਰ ਤੱਕ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ 'ਤੇ Lawrence Bishnoi Organized Crime Group ਨਾਲ ਕਥਿਤ ਤੌਰ 'ਤੇ ਜੁੜੇ ਹੋਣ ਅਤੇ ਕਤਲ, ਜਬਰੀ ਵਸੂਲੀ, ਕਿਡਨੈਪਿੰਗ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮੇਤ ਕਈ ਅਪਰਾਧਾਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ। * ਬਾਕੀ ਸਫ਼ਾ 2 'ਤੇ

## 180 ਲੋਕਾਂ ਦੀ ਜਾਨ ਬਚਾਉਣ ਵਾਲੇ ਭਾਰਤੀ ਪਾਇਲਟ ਨੂੰ ਟਰੰਪ, ਮੋਦੀ ਨੇਤਨਯਾਹੂ ਨੇ ਕਿਹਾ 'ਹੀਰੋ'



(ਪੰਜਾਬ ਸਟਾਰ ਬਿਓਰੋ): 174 ਯਾਤਰੀ... ਹਵਾ ਵਿੱਚ ਉੱਡਦਾ ਜਹਾਜ਼... ਕਾਕਪਿਟ ਦੇ ਅੰਦਰ ਚਾਕੂ ਨਾਲ ਹਮਲਾ... ਅਤੇ ਇੱਕ ਪਾਇਲਟ, ਜਿਸ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸੈਂਕੜੇ ਲੋਕਾਂ ਦੀ ਜ਼ਿੰਦਗੀ ਬਚਾਉਣ ਲਈ ਹਮਲਾਵਰ ਨਾਲ ਮੁਕਾਬਲਾ ਕੀਤਾ। ਇਹ ਕਹਾਣੀ ਹੈ ਭਾਰਤੀ ਪਾਇਲਟ ਕੈਪਟਨ ਸਮਿਤ ਮੱਛਾਰ ਦੀ, ਜਿਨ੍ਹਾਂ ਦੀ ਬਹਾਦਰੀ ਦੀ ਅੱਜ ਹਰ ਪਾਸੇ ਚਰਚਾ ਹੋ ਰਹੀ ਹੈ। ਮਾਮਲਾ ਦੁਬਈ ਤੋਂ ਤੇਲ ਅਵੀਵ ਜਾ ਰਹੀ ਫਲਾਈਦੁਬਈ ਦੀ ਉਡਾਣ ਫਜ਼-1073 ਨਾਲ ਜੁੜਿਆ ਹੈ। ਜਹਾਜ਼ ਵਿੱਚ ਕੁੱਲ 174 ਯਾਤਰੀ ਸਵਾਰ ਸਨ। ਜਹਾਜ਼ ਆਪਣੀ ਮੰਜ਼ਿਲ ਵੱਲ ਵਧ ਰਿਹਾ ਸੀ ਪਰ ਅਚਾਨਕ ਹਾਲਾਤ ਅਜਿਹੇ ਬਣ ਗਏ ਕਿ ਜਹਾਜ਼ ਦੇ ਅੰਦਰ ਹੀ ਇੱਕ ਵੱਡਾ ਖ਼ਤਰਾ ਪੈਦਾ ਹੋ ਗਿਆ।

ਸਭ ਕੁਝ ਆਮ ਚੱਲ ਰਿਹਾ ਸੀ ਕਿ ਜਹਾਜ਼ ਵੱਲੋਂ ਪਹਿਲਾਂ 7700 ਐਮਰਜੈਂਸੀ ਕੋਡ ਭੇਜਿਆ ਗਿਆ। ਇਸਦਾ ਮਤਲਬ ਸੀ ਕਿ ਜਹਾਜ਼ ਵਿੱਚ ਕੋਈ ਗੰਭੀਰ ਐਮਰਜੈਂਸੀ ਪੈਦਾ ਹੋ ਗਈ ਹੈ। ਪਰ ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਜਹਾਜ਼ ਦਾ ਕੋਡ ਬਦਲ ਕੇ 7500 ਹੋ ਗਿਆ। ਅਤੇ ਇੱਥੋਂ ਮਾਮਲਾ ਹੋਰ ਵੀ ਗੰਭੀਰ ਹੋ ਗਿਆ। ਕਿਉਂਕਿ 7500 ਕੋਡ ਦਾ ਮਤਲਬ ਹੁੰਦਾ ਹੈ—ਜਹਾਜ਼ ਨੂੰ ਹਾਈਜੈਕ ਕਰਨ ਦੀ ਸਥਿਤੀ। ਇਹ ਸਿਗਨਲ ਮਿਲਦੇ ਹੀ ਇਜ਼ਰਾਈਲ ਵਿੱਚ ਹੜਕੰਪ ਮਚ ਗਿਆ। ਦੱਸਿਆ ਗਿਆ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਐਮਰਜੈਂਸੀ ਮੀਟਿੰਗ ਬੁਲਾਈ ਅਤੇ ਸਥਿਤੀ ਨਾਲ ਨਜਿੱਠਣ ਲਈ ਇਜ਼ਰਾਈਲ ਵੱਲੋਂ 8 ਲੜਾਕੂ ਜਹਾਜ਼ ਵੀ ਹਵਾ ਵਿੱਚ ਭੇਜੇ ਗਏ। ਪਰ ਇਸ ਦੌਰਾਨ ਜਹਾਜ਼ ਦੇ ਅੰਦਰ ਜੋ ਕੁਝ ਹੋ ਰਿਹਾ ਸੀ, ਉਹ ਕਿਸੇ ਫ਼ਿਲਮੀ ਕਹਾਣੀ ਤੋਂ ਘੱਟ ਨਹੀਂ ਸੀ। ਜਾਣਕਾਰੀ ਮੁਤਾਬਕ ਜਹਾਜ਼ ਦਾ ਕੋ-ਪਾਇਲਟ, ਜੋ ਓਮਾਨ ਦਾ ਰਹਿਣ ਵਾਲਾ ਦੱਸਿਆ ਗਿਆ ਹੈ, ਨੇ ਕਾਕਪਿਟ ਦੇ ਅੰਦਰ ਹੀ ਕੈਪਟਨ ਸਮਿਤ ਮੱਛਾਰ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਕੈਪਟਨ ਸਮਿਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪਰ ਇੱਥੇ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਜ਼ਖ਼ਮੀ ਹੋਣ ਦੇ ਬਾਵਜੂਦ ਕੈਪਟਨ ਸਮਿਤ ਨੇ ਕਥਿਤ * ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available



Jasbir Singh Hundal
Registered Credit Counsellor
www.MakeMeDebtFree.ca 416-502-3100 1888-864-3131
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਮੌਂਟਰੀਆਲ ਨੇੜੇ ਵਾਪਰੇ...

ਬਚਾਅ ਦਲ ਨੇ ਅੱਗ ਬੁਝਾਉਣ ਦੇ ਯਤਨ ਕੀਤੇ ਪਰ ਉਦੋਂ ਤੱਕ ਉਸ ਵਿੱਚ ਸਵਾਰ ਚਾਰ ਲੋਕਾਂ ਦੀ ਮੌਤ ਹੋ ਚੁੱਕੀ ਸੀ। ਹਾਦਸਾ ਮੌਂਟਰੀਆਲ ਦੇ ਦੱਖਣੀ ਪਾਸੇ ਸੇਂਟ ਬ੍ਰਿਗੇਡਵਿਲ ਕੋਲ ਹਾਈਵੇਅ 10 ਕੋਲ ਵਾਪਰਿਆ। ਪੁਲੀਸ ਬੁਲਾਰੇ ਨੇ ਦੱਸਿਆ ਕਿ ਇਹ ਪਤਾ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ ਕਿ ਹਾਦਸਾਗ੍ਰਸਤ ਹੈਲੀਕਾਪਟਰ ਕਿੱਥੋਂ ਉੱਡਿਆ ਸੀ, ਇਸ ਨੇ ਕਿੱਥੇ ਜਾਣਾ ਸੀ ਅਤੇ ਇਹ ਕਿਸ ਕੰਪਨੀ ਨਾਲ ਸਬੰਧਤ ਸੀ। ਹਾਦਸੇ ਦੇ ਕਾਰਨਾਂ ਦੀ ਜਾਂਚ ਅਜੇ ਚੱਲ ਰਹੀ ਹੈ। ਕੈਨੇਡਾ ਦੇ ਟਰਾਂਸਪੋਰਟ ਸੇਫ਼ਟੀ ਬੋਰਡ ਵੱਲੋਂ ਜਾਂਚ ਟੀਮ ਹਾਦਸਾ ਸਥਾਨ 'ਤੇ ਰਵਾਨਾ ਕਰ ਦਿੱਤੀ ਗਈ ਹੈ। ਕੈਨੇਡਾ ਦੇ ਕੇਂਦਰੀ ਟਰਾਂਸਪੋਰਟ ਮੰਤਰੀ ਸਟੀਵਨ ਮੈਕਿੰਨਨ ਨੇ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਹ ਮਰਨ ਵਾਲਿਆਂ, ਜਿੰਨ੍ਹਾਂ ਦੀ ਅਜੇ ਪਛਾਣ ਨਹੀਂ ਹੋਈ, ਦੇ ਵਾਰਸਾਂ ਦੀ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹਨ ਅਤੇ ਉਨ੍ਹਾਂ ਦੀ ਹਰੇਕ ਸੰਭਵ ਮਦਦ ਕੀਤੀ ਜਾਏਗੀ। ਹਾਦਸੇ ਨੂੰ ਵੇਖਣ ਵਾਲੇ ਖੇਤਾਂ ਵਿੱਚ ਕੰਮ ਕਰਦੇ ਕਿਸਾਨਾਂ ਨੇ ਦੱਸਿਆ ਕਿ ਜਦ ਉਨ੍ਹਾਂ ਦੀ ਨਜ਼ਰ ਪਈ ਤਾਂ ਲੜਖੜਾ ਰਿਹਾ ਹੈਲੀਕਾਪਟਰ ਜ਼ਮੀਨ ਤੋਂ ਜ਼ਿਆਦਾ ਉੱਚਾ ਨਹੀਂ ਸੀ ਅਤੇ ਸਕਿੰਟਾਂ ਵਿੱਚ ਜਿਵੇਂ ਹੀ ਹੇਠਾਂ ਡਿੱਗਾ ਤਾਂ ਇੱਕਦਮ ਅੱਗ ਦੀ ਲਪੇਟ ਵਿੱਚ ਆ ਗਿਆ।

## ਮਿਆਂਮਾਰ ਦੇ...

ਇਹ ਹਮਲਾ ਸੋਮਵਾਰ ਨੂੰ ਕਿਆਉਕਟਾਵ (Kyauktaw) ਟਾਊਨਸ਼ਿਪ ਵਿੱਚ ਹੋਇਆ। ਇਹ ਇਲਾਕਾ ਦੇਸ਼ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ, ਮੰਡਾਲੇ (Mandalay) ਤੋਂ ਲਗਭਗ 340 ਕਿਲੋਮੀਟਰ (210 ਮੀਲ) ਪੱਛਮ ਵੱਲ ਸਥਿਤ ਹੈ। ਕਿਆਉਕਟਾਵ 'ਤੇ 'ਅਰਾਕਾਨ ਆਰਮੀ' ਦਾ ਕਬਜ਼ਾ ਹੈ, ਜੋ ਰਖਾਈਨ (Rakhine) ਵਿੱਚ ਸਥਿਤ ਇੱਕ ਸ਼ਕਤੀਸ਼ਾਲੀ ਨਸਲੀ ਹਥਿਆਰਬੰਦ ਸਮੂਹ ਹੈ।

ਹਮਲੇ ਦੇ ਵੇਰਵਿਆਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਕਰਨਾ ਸੰਭਵ ਨਹੀਂ ਸੀ। ਮੰਗਲਵਾਰ ਸਵੇਰੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ, ਅਰਾਕਾਨ ਆਰਮੀ ਨੇ ਕਿਹਾ ਕਿ ਦੁਪਹਿਰ ਵੇਲੇ ਇੱਕ ਲੜਾਕੂ ਜਹਾਜ਼ ਨੇ ਸਥਾਨਿਕ ਬਾਜ਼ਾਰ ਨੇੜੇ ਦੋ ਬੰਬ ਸੁੱਟੇ, ਜਿਸ ਨਾਲ ਵਿਕਰੇਤਾ, ਖਰੀਦਦਾਰ ਅਤੇ ਰਾਹਗੀਰ ਮਾਰੇ ਗਏ। ਸਮੂਹ ਨੇ ਦੱਸਿਆ ਕਿ 58 ਹੋਰ ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ 22 ਦੀ ਹਾਲਤ ਗੰਭੀਰ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਸਮੂਹ "ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਵਿਰੁੱਧ ਜਲਦੀ ਹੀ ਪ੍ਰਭਾਵਸ਼ਾਲੀ ਜਵਾਬੀ ਕਾਰਵਾਈ ਕਰੇਗਾ ਜੋ ਜਾਣ-ਬੁੱਝ ਕੇ ਕੀਤੇ ਗਏ ਉਨ੍ਹਾਂ ਹਵਾਈ ਹਮਲਿਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਜਿਨ੍ਹਾਂ ਕਾਰਨ ਵੱਡੀ ਗਿਣਤੀ ਵਿੱਚ ਜਾਨੀ ਨੁਕਸਾਨ ਹੋਇਆ ਹੈ।" ਰਾਖੀਨ ਵਿੱਚ ਬਚਾਅ ਕਾਰਜਾਂ ਵਿੱਚ ਸ਼ਾਮਲ ਇੱਕ ਸੀਨੀਅਰ ਅਧਿਕਾਰੀ, ਵਾਈ ਹੁਨ ਔਂਗ ਨੇ ਘਟਨਾ ਸਥਾਨ 'ਤੇ ਮੌਜੂਦ ਬਚਾਅ ਕਰਮਚਾਰੀਆਂ ਦਾ ਹਵਾਲਾ ਦਿੰਦੇ ਹੋਏ 'ਦਿ ਐਸੋਸੀਏਟਿਡ ਪ੍ਰੈਸ' ਨੂੰ ਜਾਨੀ ਨੁਕਸਾਨ ਦੇ ਅੰਕੜਿਆਂ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਇਹ ਸਥਾਨ ਬਾਜ਼ਾਰ ਖੇਤਰ ਲਈ ਮੁੱਖ ਥੋਕ ਕੇਂਦਰ ਸੀ, ਜਿੱਥੇ ਪੂਰੇ ਰਾਜ ਵਿੱਚੋਂ ਵਪਾਰੀ ਅਤੇ ਖਰੀਦਦਾਰ ਆਉਂਦੇ ਸਨ। ਉਨ੍ਹਾਂ ਕਿਹਾ, "ਇਹ ਰਾਖੀਨ ਵਿੱਚ ਹੋਏ ਸਭ ਤੋਂ ਭਿਆਨਕ ਹਵਾਈ ਹਮਲਿਆਂ ਵਿੱਚੋਂ ਇੱਕ ਹੈ।"

## ਟਰੰਪ ਨੇ ਲਾਂਚ...

ਰਾਹੀਂ ਆਮ ਭਾਸ਼ਾ ਵਿੱਚ ਸਵਾਲ ਪੁੱਛ ਕੇ ਸੰਘੀ ਸਰਕਾਰੀ ਸੇਵਾਵਾਂ, ਫਾਰਮਾਂ ਅਤੇ ਹੋਰ ਜਾਣਕਾਰੀ ਤੱਕ ਪਹੁੰਚ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਪਹਿਲਾ ਵਰਜ਼ਨ ਹੁਣ ਉਪਲਬਧ ਹੈ ਅਤੇ ਆਉਣ ਵਾਲੇ ਹਫ਼ਤਿਆਂ ਤੇ ਮਹੀਨਿਆਂ ਵਿੱਚ ਇਸ ਦੀਆਂ ਸਹੂਲਤਾਂ ਵਧਾਉਣ ਦੀ ਯੋਜਨਾ ਹੈ।

America.gov ਦਾ ਵਿਚਾਰ ਇਹ ਹੈ ਕਿ ਨਾਗਰਿਕਾਂ ਨੂੰ ਕਿਸੇ ਸਰਕਾਰੀ ਸੇਵਾ ਦੀ ਜਾਣਕਾਰੀ ਲੈਣ ਲਈ ਵੱਖ-ਵੱਖ ਵਿਭਾਗਾਂ ਦੀਆਂ ਵੈੱਬਸਾਈਟਾਂ 'ਤੇ ਜਾਣ ਦੀ ਲੋੜ ਘੱਟ ਪਵੇ। ਉਪਭੋਗਤਾ ਆਮ ਭਾਸ਼ਾ ਵਿੱਚ ਆਪਣਾ ਸਵਾਲ ਪੁੱਛ ਸਕਣਗੇ ਅਤੇ AI ਰਾਹੀਂ ਸਰਕਾਰੀ ਸੇਵਾਵਾਂ ਨਾਲ ਸਬੰਧਤ ਜਵਾਬ ਜਾਂ ਸੰਬੰਧਿਤ ਜਾਣਕਾਰੀ ਲੱਭ ਸਕਣਗੇ। ਰਿਪੋਰਟਿੰਗ ਮੁਤਾਬਕ ਇਹ ਪਲੇਟਫਾਰਮ Google ਦੇ Gemini ਅਤੇ xAI ਦੇ ਘਰੋਕ ਮਾਡਲਾਂ ਦੀ ਵਰਤੋਂ ਕਰਦਾ ਹੈ। ਇਨ੍ਹਾਂ AI ਟੂਲਾਂ ਦਾ ਮਕਸਦ ਉਪਭੋਗਤਾਵਾਂ ਨੂੰ ਸਰਕਾਰੀ ਸੇਵਾਵਾਂ ਅਤੇ ਜਾਣਕਾਰੀ ਨੂੰ ਸਧਾਰਨ ਤਰੀਕੇ ਨਾਲ ਸਮਝਣ ਵਿੱਚ ਮਦਦ ਕਰਨਾ ਹੈ।

ਟਰੰਪ ਨੇ AI ਦੀ ਸਮਰੱਥਾ ਬਾਰੇ ਗੱਲ ਕਰਦਿਆਂ 'Super Intelligence' ਸ਼ਬਦ ਦੀ ਵਰਤੋਂ ਵੀ ਕੀਤੀ। ਇਹ ਪੋਰਟਲ ਅਮਰੀਕੀ ਸਰਕਾਰ ਵੱਲੋਂ ਡਿਜ਼ੀਟਲ ਸਰਕਾਰੀ ਸੇਵਾਵਾਂ ਨੂੰ ਆਸਾਨ ਬਣਾਉਣ ਦੀ ਵੱਡੀ ਕੋਸ਼ਿਸ਼ ਦਾ ਹਿੱਸਾ ਹੈ। ਇਸ ਪਹਿਲ ਦਾ ਸਬੰਧ ਵ੍ਹਾਈਟ ਹਾਊਸ ਵੱਲੋਂ ਬਣਾਏ National Design Studio ਨਾਲ ਵੀ ਹੈ। ਅਗਸਤ 2025 ਦੇ ਇੱਕ ਕਾਰਜਕਾਰੀ ਹੁਕਮ ਵਿੱਚ ਵ੍ਹਾਈਟ ਹਾਊਸ ਨੇ ਸੰਘੀ ਸਰਕਾਰੀ ਸੇਵਾਵਾਂ ਦੀ ਡਿਜ਼ੀਟਲ ਵਰਤੋਂ ਨੂੰ ਵਧੇਰੇ ਆਸਾਨ ਅਤੇ ਸੁਚੱਜਾ ਬਣਾਉਣ ਲਈ 'America by Design' ਪਹਿਲ ਅਤੇ National Design Studio ਸਥਾਪਤ ਕਰਨ ਦਾ ਐਲਾਨ ਕੀਤਾ ਸੀ।

**ਟੈਕ ਕੰਪਨੀਆਂ ਦੇ CEO ਨਾਲ ਟਰੰਪ ਦੀ ਮੀਟਿੰਗ**

ਇਸੇ ਦੌਰਾਨ ਟਰੰਪ ਵੱਲੋਂ ਅਮਰੀਕਾ ਦੀਆਂ ਵੱਡੀਆਂ ਟੈਕ ਅਤੇ AI ਕੰਪਨੀਆਂ ਦੇ ਮੁਖੀਆਂ ਨਾਲ ਵੀ ਮੀਟਿੰਗ ਕੀਤੀ ਜਾ ਰਹੀ ਹੈ। ਇਸ ਵਿੱਚ AI ਦੇ ਤੇਜ਼ ਵਿਕਾਸ, ਸੁਰੱਖਿਆ ਅਤੇ ਸਰਕਾਰ ਦੀ ਭੂਮਿਕਾ ਵਰਗੇ ਮੁੱਦਿਆਂ 'ਤੇ ਚਰਚਾ ਹੋਣ ਦੀ ਉਮੀਦ ਹੈ।

ਰਿਪੋਰਟਾਂ ਮੁਤਾਬਕ ਮੀਟਿੰਗ ਵਿੱਚ Meta ਦੇ CEO ਮਾਰਕ ਜ਼ੁਕਰਬਰਗ, Anthropic ਦੇ CEO ਡੈਰੀਓ ਅਮੋਡੇਈ, Google ਦੇ CEO ਸੁੰਦਰ ਪਿਚਾਈ, Nvidia ਦੇ CEO ਜੇਨਸਨ ਹੁਆਂਗ ਅਤੇ Palantir ਦੇ CEO ਐਲੇਕਸ ਕਾਰਪ ਵਰਗੇ ਟੈਕ ਆਗੂਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। OpenAI ਨਾਲ ਜੁੜੇ ਗ੍ਰੇਗ ਬ੍ਰੌਕਮੈਨ ਅਤੇ ਅਮਰੀਕੀ ਹਾਊਸ ਸਪੀਕਰ ਮਾਈਕ ਜੌਨਸਨ ਦੇ ਵੀ ਸ਼ਾਮਲ ਹੋਣ ਦੀ ਗੱਲ ਕਹੀ ਗਈ ਹੈ।

AI ਦੀਆਂ ਵਧ ਰਹੀਆਂ ਸਮਰੱਥਾਵਾਂ ਦੇ ਨਾਲ ਇਸ ਦੀ ਸੁਰੱਖਿਆ ਨੂੰ ਲੈ ਕੇ ਵੀ ਚਿੰਤਾ ਵੱਧ ਰਹੀ ਹੈ। ਅਮਰੀਕਾ ਵਿੱਚ ਇਹ ਬਹਿਸ ਜਾਰੀ ਹੈ ਕਿ AI ਦੇ ਵਿਕਾਸ ਨੂੰ ਕਿਵੇਂ ਅੱਗੇ ਵਧਾਇਆ ਜਾਵੇ ਅਤੇ ਨਾਲ ਹੀ ਇਸ ਨਾਲ ਜੁੜੇ ਸੰਭਾਵਿਤ ਖਤਰਿਆਂ ਲਈ ਕਿਹੜੇ ਸੁਰੱਖਿਆ ਉਪਾਅ ਕੀਤੇ ਜਾਣ।

ਇੱਕ ਪਾਸੇ AI ਕੰਪਨੀਆਂ ਅਤੇ ਕੁਝ ਨੀਤੀ ਨਿਰਮਾਤਾ ਤੇਜ਼ ਤਕਨੀਕੀ ਵਿਕਾਸ 'ਤੇ ਜ਼ੋਰ ਦੇ ਰਹੇ ਹਨ, ਜਦਕਿ ਦੂਜੇ ਪਾਸੇ ਅੀ ਸਿਸਟਮਾਂ ਦੀ ਨਿਗਰਾਨੀ ਅਤੇ ਸੁਰੱਖਿਆ ਨੂੰ ਲੈ ਕੇ ਵਧੇਰੇ ਉਪਾਵਾਂ ਦੀ ਮੰਗ ਵੀ ਕੀਤੀ ਜਾ ਰਹੀ ਹੈ। ਇਸੇ ਵੱਡੀ ਬਹਿਸ ਦੇ ਵਿਚਕਾਰ America.gov ਦਾ AI ਪੋਰਟਲ ਲਾਂਚ ਕੀਤਾ ਗਿਆ ਹੈ।

## ਅਮਰੀਕਾ 'ਚ EB-5...

ਪ੍ਰਾਪਤ ਕਰਨ ਲਈ ਸਭ ਤੋਂ ਭਰੋਸੇਮੰਦ ਮਾਰਗਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (USCIS) ਨੇ ਮੰਗਲਵਾਰ ਨੂੰ ਇੱਕ ਅੰਤਮ ਨਿਯਮ ਜਾਰੀ ਕੀਤਾ ਹੈ ਜੋ EB-5 ਵੀਜ਼ਾ ਲਈ ਅਰਜ਼ੀ ਦੇਣ ਦੀ ਫੀਸ ਨੂੰ ਦੁੱਗਣੇ ਤੋਂ ਵੱਧ ਕਰ ਦੇਵੇਗਾ। ਇਹ ਨਿਯਮ 30 ਨਵੰਬਰ ਤੋਂ ਲਾਗੂ ਹੋਵੇਗਾ।

ਅਮਰੀਕੀ EB-5 ਨਿਵੇਸ਼ਕ ਪ੍ਰੋਗਰਾਮ ਵਿਦੇਸ਼ੀ ਨਿਵੇਸ਼ਕਾਂ ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਨੂੰ ਸਥਾਈ ਨਿਵਾਸ (ਗ੍ਰੀਨ ਕਾਰਡ) ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਇੱਕ ਅਮਰੀਕੀ ਵਪਾਰਕ ਉੱਦਮ ਵਿੱਚ ਇੱਕ ਸਥਿਰ ਪੂੰਜੀ ਨਿਵੇਸ਼ ਕਰਦੇ ਹਨ ਅਤੇ ਅਮਰੀਕੀ ਕਰਮਚਾਰੀਆਂ ਲਈ ਘੱਟੋ-ਘੱਟ 10 ਫੁੱਲ-ਟਾਈਮ ਨੌਕਰੀਆਂ ਪੈਦਾ ਕਰਦੇ ਹਨ।

ਸਿੰਗਲ ਨਿਵੇਸ਼ਕ ਬਿਨੈਕਾਰਾਂ ਲਈ ਫਾਰਮ I-526 ਫੀਸ $3,675 ਤੋਂ $7,615 ਤੱਕ ਵੱਧ ਜਾਵੇਗੀ। ਇੱਕ ਪ੍ਰਵਾਨਿਤ ਖੇਤਰੀ ਕੇਂਦਰ ਰਾਹੀਂ ਦਾਇਰ ਕਰਨ ਵਾਲੇ ਬਿਨੈਕਾਰਾਂ ਲਈ ਸ਼ੁਰੂਆਤੀ ਫਾਰਮ I-526 ਫੀਸ $3,675 ਤੋਂ ਵੱਧ ਕੇ $7,850 ਹੋ ਜਾਵੇਗੀ। ਸ਼ੁਰੂਆਤੀ I-526 ਅਤੇ I-526E ਪਟੀਸ਼ਨਾਂ 'ਤੇ ਵੀ $75 ਤਕਨਾਲੋਜੀ ਫੀਸ ਲੱਗੇਗੀ। ਨਵੀਆਂ ਫੀਸਾਂ ਦਾ ਐਲਾਨ ਕਰਦੇ ਹੋਏ, USCIS ਨੇ ਕਿਹਾ ਕਿ ਏਜੰਸੀ ਮੁੱਖ ਤੌਰ 'ਤੇ ਅਰਜ਼ੀ ਫੀਸਾਂ ਦੁਆਰਾ ਫੰਡ ਕੀਤੀ ਜਾਂਦੀ ਹੈ, ਟੈਕਸਾਂ ਦੁਆਰਾ ਨਹੀਂ। "ਅਰਜ਼ੀ ਸਮੀਖਿਆ, ਪਿਛੋਕੜ ਜਾਂਚ, ਯੋਗਤਾ ਤਸਦੀਕ, ਧੋਖਾਧੜੀ ਦਾ ਪਤਾ ਲਗਾਉਣ ਅਤੇ ਪ੍ਰੋਗਰਾਮ ਸੰਚਾਲਨ ਨੂੰ ਬਣਾਈ ਰੱਖਣ ਦੇ ਖਰਚੇ ਉਨ੍ਹਾਂ ਲੋਕਾਂ ਦੁਆਰਾ ਸਹਿਣ ਕੀਤੇ ਜਾਂਦੇ ਹਨ ਜੋ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਵਰਤੋਂ ਕਰਦੇ ਹਨ," ਇੱਕ ਬਿਆਨ ਵਿੱਚ ਕਿਹਾ ਗਿਆ ਹੈ।

## ਟਰੰਪ ਦੇ ਵਿਰੋਧ...

ਵਾਲੀ ਸੂਚੀ 'ਚ ਕਾਰਨੀ ਦੇ ਸ਼ਾਮਲ ਹੋਣ ਦਾ ਕੋਈ ਜਨਤਕ ਸਬੂਤ ਨਹੀਂ ਹੈ। ਉਂਝ ਨੋਬੇਲ ਪੁਰਸਕਾਰ ਬਾਰੇ ਚਰਚਾ ਨਾਲ ਕਾਰਨੀ ਦੇ ਉਸ ਸੁਨੇਹੇ ਵੱਲ ਧਿਆਨ ਗਿਆ ਹੈ ਜਿਸ ਨੇ ਉਨ੍ਹਾਂ ਦੀ ਆਲਮੀ ਪਛਾਣ ਬਣਾਈ ਹੈ। ਉਨ੍ਹਾਂ ਆਖਿਆ ਸੀ, "ਦਰਮਿਆਨੀਆਂ ਤਾਕਤਾਂ ਵਾਲੇ ਮੁਲਕਾਂ ਨੂੰ ਆਪਣੀ ਖ਼ੁਦਮੁਖ਼ਤਾਰੀ ਦੀ ਰੱਖਿਆ ਲਈ ਇਕਜੁੱਟ ਹੋਣਾ ਚਾਹੀਦਾ ਹੈ ਕਿਉਂਕਿ ਵੱਡੀਆਂ ਤਾਕਤਾਂ ਆਰਥਿਕ ਅਤੇ ਫ਼ੌਜੀ ਦਬਾਅ ਦੀ ਵਰਤੋਂ ਵਧਾ ਰਹੀਆਂ ਹਨ।" ਉੱਧਰ, 'ਟਾਈਮ' ਨੇ ਕਾਰਨੀ ਨੂੰ 2026 ਦੇ 100 ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ 'ਚ ਸ਼ਾਮਲ ਕੀਤਾ ਸੀ ਅਤੇ ਕਿਹਾ ਸੀ ਕਿ ਟਰੰਪ ਦੇ ਦਬਾਅ ਦਾ ਡਟ ਕੇ ਸਾਹਮਣਾ ਕਰਨ ਕਰ ਕੇ ਉਨ੍ਹਾਂ ਦੀ ਮਕਬੂਲੀਅਤ ਵਧੀ ਹੈ। ਬਾਜ਼ਾਰ 'ਚ 'ਪਰਸਨ ਆਫ ਦਿ ਯੀਅਰ' ਲਈ ਕਾਰਨੀ ਦੂਜੇ ਸਥਾਨ 'ਤੇ ਸਨ ਅਤੇ ਨਿਊਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਉਨ੍ਹਾਂ ਤੋਂ ਅੱਗੇ ਸਨ।

## LPU ਹਿੰਸਾ ਮਾਮਲਾ...

ਅਰਜੁਨ ਸ਼ਿਓਰਾਣ ਨਾਲ ਮਿਲ ਕੇ ਅਦਾਲਤ ਨੂੰ ਦੱਸਿਆ ਕਿ ਕੈਂਪਸ ਵਿੱਚ ਹੋਈ ਹਿੰਸਾ ਦੌਰਾਨ ਕਥਿਤ ਤੌਰ 'ਤੇ ਦੰਗੇ, ਅੱਗਜ਼ਨੀ ਅਤੇ ਲੁੱਟਮਾਰ ਦੀਆਂ ਘਟਨਾਵਾਂ ਹੋਈਆਂ। ਪਟੀਸ਼ਨ ਵਿੱਚ ਪੂਰੇ ਮਾਮਲੇ ਨੂੰ ਗੰਭੀਰ ਦੱਸਦਿਆਂ ਹਾਈਕੋਰਟ ਤੋਂ ਤੁਰੰਤ ਦਖ਼ਲ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਘਟਨਾਵਾਂ ਦੀ ਨਿਰਪੱਖ ਅਤੇ ਵਿਸਥਾਰਤ ਜਾਂਚ ਲਈ CBI ਜਾਂ ਕਿਸੇ ਸੁਤੰਤਰ ਏਜੰਸੀ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ। ਹਾਈਕੋਰਟ ਵਿੱਚ ਦਾਇਰ ਪਟੀਸ਼ਨ ਇੱਕ LPU ਵਿਦਿਆਰਥੀ ਵੱਲੋਂ ਦਾਇਰ ਕੀਤੀ ਗਈ ਹੈ।

**ਕਥਿਤ ਜਬਰ-ਜਨਾਹ ਦੇ ਦਾਅਵੇ ਤੋਂ ਬਾਅਦ ਭੜਕੀ ਸੀ ਹਿੰਸਾ**

ਇਹ ਵਿਵਾਦ ਕੈਂਪਸ ਵਿੱਚ ਇੱਕ ਵਿਦਿਆਰਥਣ ਨਾਲ ਕਥਿਤ ਜਬਰ-ਜਨਾਹ ਸਬੰਧੀ ਸੋਸ਼ਲ ਮੀਡੀਆ 'ਤੇ ਫੈਲੀ ਜਾਣਕਾਰੀ ਤੋਂ ਬਾਅਦ ਸ਼ੁਰੂ ਹੋਇਆ ਸੀ। ਇਸ ਦਾਅਵੇ ਦੀ ਅਜੇ ਤੱਕ ਨਿਰਣਾਇਕ ਪੁਸ਼ਟੀ ਨਹੀਂ ਹੋਈ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਲਈ FIR ਦਰਜ ਕੀਤੀ ਹੈ ਅਤੇ ਵਿਸ਼ੇਸ਼ ਜਾਂਚ ਟੀਮ (SIT) ਵੀ ਬਣਾਈ ਗਈ ਹੈ। ਯੂਨੀਵਰਸਿਟੀ ਨੇ ਕਥਿਤ ਘਟਨਾ ਸਬੰਧੀ ਫੈਲ ਰਹੀਆਂ ਗੱਲਾਂ ਨੂੰ ਬੇਬੁਨਿਆਦ ਦੱਸਿਆ ਹੈ। ਇਸ ਤੋਂ ਬਾਅਦ ਵਿਦਿਆਰਥੀਆਂ ਦਾ ਵਿਰੋਧ ਹਿੰਸਕ ਹੋ ਗਿਆ। ਕੈਂਪਸ ਵਿੱਚ ਭੰਨਤੋੜ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਅਤੇ ਜਲੰਧਰ-ਫਗਵਾੜਾ ਨੈਸ਼ਨਲ ਹਾਈਵੇਅ ਵੀ ਬੰਦ ਰਿਹਾ। ਪੁਲਿਸ ਨਾਲ ਝੜਪਾਂ ਤੋਂ ਬਾਅਦ ਸਥਿਤੀ ਨੂੰ ਕਾਬੂ ਕਰਨ ਲਈ ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਕੀਤਾ ਗਿਆ।

**Uni Mall ਦੀਆਂ ਦੁਕਾਨਾਂ ਵਿੱਚ ਲੁੱਟਮਾਰ ਦੇ ਦੋਸ਼**

ਹਿੰਸਾ ਦੌਰਾਨ LPU ਦੇ ਅੰਦਰ ਸਥਿਤ Uni Mall ਦੀਆਂ ਕਈ ਦੁਕਾਨਾਂ ਨੂੰ ਵੀ ਨੁਕਸਾਨ ਪਹੁੰਚਣ ਅਤੇ ਸਮਾਨ ਲੁੱਟੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਰਿਪੋਰਟਾਂ ਮੁਤਾਬਕ ਕੁਝ ਦੁਕਾਨਾਂ ਤੋਂ ਲੈਪਟਾਪ, ਮੋਬਾਈਲ ਫੋਨ, ਕੂਰੀਅਰ ਸਮਾਨ, ਮਿਠਾਈਆਂ ਅਤੇ ਹੋਰ ਚੀਜ਼ਾਂ ਲੈ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। CCTV ਫੁਟੇਜ ਵਿੱਚ ਵੀ ਕੁਝ ਲੋਕਾਂ ਵੱਲੋਂ ਦੁਕਾਨਾਂ ਵਿੱਚੋਂ ਸਮਾਨ ਲੈ ਜਾਂਦੇ ਦਿਖਾਈ ਦੇਣ ਦੀ ਗੱਲ ਕਹੀ ਗਈ ਹੈ। ਹਿੰਸਾ ਤੋਂ ਬਾਅਦ ਯੂਨੀਵਰਸਿਟੀ ਪ੍ਰਸ਼ਾਸਨ ਨੇ 28 ਸਤੰਬਰ ਤੋਂ 10 ਦਿਨਾਂ ਲਈ ਨਿਯਮਤ ਕਲਾਸਾਂ ਮੁਅੱਤਲ ਕਰ ਦਿੱਤੀਆਂ ਹਨ ਅਤੇ ਮਿਡ-ਟਰਮ ਪ੍ਰੀਖਿਆਵਾਂ ਵੀ ਅਗਲੇ ਹੁਕਮਾਂ ਤੱਕ ਮੁਲਤਵੀ ਕੀਤੀਆਂ ਗਈਆਂ ਹਨ। ਹੁਣ ਮਾਮਲੇ ਦੀ ਜਾਂਚ ਅਤੇ ਹਾਈਕੋਰਟ ਵਿੱਚ ਹੋਣ ਵਾਲੀ ਸੁਣਵਾਈ 'ਤੇ ਨਜ਼ਰ ਰਹੇਗੀ।

## FBI ਨੇ ਗੋਲਡੀ ਬਰਾੜ...

**ਹਰੇਕ ਜਾਣਕਾਰੀ FBI ਤੱਕ ਪਹੁੰਚਾਉਣ ਦੀ ਅਪੀਲ**

FBI ਦੇ ਲਾਸ ਏਂਜਲਸ ਫੀਲਡ ਆਫਿਸ ਦੇ ਅਧਿਕਾਰੀ ਪੈਟਰਿਕ ਗ੍ਰੈਂਡੀ ਨੇ ਕਿਹਾ ਕਿ ਗੋਲਡੀ ਬਰਾੜ ਨੂੰ ਫੜਨਾ ਏਜੰਸੀ ਦੀ ਤਰਜੀਹ ਹੈ। FBI ਦੇ ਅਨੁਸਾਰ ਉਹ ਹਥਿਆਰਬੰਦ ਅਤੇ ਖ਼ਤਰਨਾਕ ਮੰਨਿਆ ਜਾਂਦਾ ਹੈ ਅਤੇ ਉਸ ਦੇ ਕੈਲੀਫੋਰਨੀਆ ਅਤੇ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿਣ ਦੀ ਜਾਣਕਾਰੀ ਹੈ। FBI ਨੇ ਲੋਕਾਂ ਨੂੰ ਉਸ ਨਾਲ ਸੰਪਰਕ ਨਾ ਕਰਨ ਅਤੇ ਕਿਸੇ ਵੀ ਜਾਣਕਾਰੀ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੱਕ ਪਹੁੰਚਾਉਣ ਲਈ ਕਿਹਾ ਹੈ। FBI ਮੁਤਾਬਕ ਗੋਲਡੀ ਬਰਾੜ ਨੂੰ Top 10 ਸੂਚੀ ਵਿੱਚ ਸ਼ਾਮਲ ਕਰਨ ਦਾ ਫੈਸਲਾ ਉਸ ਖ਼ਿਲਾਫ਼ ਚੱਲ ਰਹੀ ਅਮਰੀਕੀ ਸੰਘੀ ਜਾਂਚ ਦੇ ਹਿੱਸੇ ਵਜੋਂ ਲਿਆ ਗਿਆ ਹੈ। ਉਸ 'ਤੇ RICO conspiracy, ਜਬਰੀ ਵਸੂਲੀ ਲਈ ਕਾਰੋਬਾਰ ਵਿੱਚ ਦਖ਼ਲ ਦੀ ਸਾਜ਼ਿਸ਼ ਅਤੇ ਨਸ਼ੀਲੇ ਪਦਾਰਥਾਂ ਦੀ ਵੰਡ ਨਾਲ ਸਬੰਧਤ ਦੋਸ਼ ਲਗਾਏ ਗਏ ਹਨ।

**ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਨਾਲ ਵੀ ਨਾਮ ਜੁੜਿਆ**

ਅਮਰੀਕੀ ਜਾਂਚ ਏਜੰਸੀਆਂ ਮੁਤਾਬਕ ਗੋਲਡੀ ਬਰਾੜ ਦਾ ਨਾਮ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਵਿੱਚ ਜੂਨ 2023 ਵਿੱਚ ਹੋਏ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਨਾਲ ਵੀ ਜੁੜਿਆ ਹੈ। FBI ਨੇ ਕਿਹਾ ਹੈ ਕਿ ਉਸ ਦੇ ਖ਼ਿਲਾਫ਼ ਦਰਜ ਕੇਸ ਵਿੱਚ 18 ਜੂਨ 2023 ਨੂੰ ਸਰੀ ਦੇ ਗੁਰਦੁਆਰੇ ਦੇ ਬਾਹਰ ਨਿੱਝਰ ਦੇ ਕਤਲ ਦੀ ਸਾਜ਼ਿਸ਼ ਨਾਲ ਸਬੰਧਤ ਦੋਸ਼ ਸ਼ਾਮਲ ਹਨ।

**FBI ਮੁਤਾਬਕ ਬਿਸ਼ਨੋਈ ਗੈਂਗ ਨਾਲ ਕਥਿਤ ਸਬੰਧ**

FBI ਦੇ ਅਨੁਸਾਰ ਲਾਰੈਂਸ ਬਿਸ਼ਨੋਈ ਭਾਰਤ ਦੀ ਜੇਲ੍ਹ ਵਿੱਚ ਰਹਿੰਦਿਆਂ ਕਥਿਤ ਤੌਰ 'ਤੇ ਸਮੱਗਲ ਕੀਤੇ ਮੋਬਾਈਲ ਫੋਨਾਂ ਅਤੇ ਹੋਰ ਸੰਚਾਰ ਸਾਧਨਾਂ ਰਾਹੀਂ ਆਪਣੇ ਅਪਰਾਧਿਕ ਨੈੱਟਵਰਕ ਨੂੰ ਚਲਾਉਂਦਾ ਹੈ। ਜਾਂਚ ਏਜੰਸੀ ਦਾ ਦਾਅਵਾ ਹੈ ਕਿ ਗੋਲਡੀ ਬਰਾੜ ਉਸ ਦੇ ਭਰੋਸੇਮੰਦ ਸਾਥੀਆਂ ਵਿੱਚੋਂ ਇੱਕ ਹੈ ਅਤੇ ਉੱਤਰੀ ਅਮਰੀਕਾ ਵਿੱਚ ਨੈੱਟਵਰਕ ਦੀਆਂ ਗਤੀਵਿਧੀਆਂ ਨੂੰ ਸੰਭਾਲਣ ਵਿੱਚ ਭੂਮਿਕਾ ਨਿਭਾਉਂਦਾ ਹੈ। ਇਹ ਦਾਅਵੇ ਅਮਰੀਕੀ ਜਾਂਚ ਅਤੇ ਅਦਾਲਤੀ ਦੋਸ਼ਾਂ 'ਤੇ ਆਧਾਰਿਤ ਹਨ।

ਕੈਨੇਡਾ ਨੇ 2025 ਵਿੱਚ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਇਕਾਈ ਵਜੋਂ ਸੂਚੀਬੱਧ ਕੀਤਾ ਸੀ। FBI ਨੇ ਗੋਲਡੀ ਬਰਾੜ ਨੂੰ ਆਪਣੀ Top 10 ਸੂਚੀ ਵਿੱਚ ਸ਼ਾਮਲ ਹੋਣ ਵਾਲਾ 543ਵਾਂ ਵਿਅਕਤੀ ਦੱਸਿਆ ਹੈ। ਜਾਣਕਾਰੀ ਦੇਣ ਲਈ FBI ਦੀ ਟਿਪ ਲਾਈਨ 1-800-CALL-FBI (1-800-225-5324) 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## 180 ਲੋਕਾਂ ਦੀ ਜਾਨ...

ਹਮਲਾਵਰ ਦਾ ਡਟ ਕੇ ਮੁਕਾਬਲਾ ਕੀਤਾ। ਜਾਣਕਾਰੀ ਮੁਤਾਬਕ ਕੋ-ਪਾਇਲਟ ਜਹਾਜ਼ ਨੂੰ ਕਰੈਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਕੈਪਟਨ ਸਮਿਤ ਨੇ ਉਸਨੂੰ ਅਜਿਹਾ ਕਰਨ ਤੋਂ ਰੋਕਣ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ। ਸਭ ਤੋਂ ਅਹਿਮ ਗੱਲ ਇਹ ਸੀ ਕਿ ਗੰਭੀਰ ਜ਼ਖ਼ਮੀ ਹੋਣ ਦੇ ਬਾਵਜੂਦ ਕੈਪਟਨ ਸਮਿਤ ਨੇ ਕਾਕਪਿਟ ਦਾ ਦਰਵਾਜ਼ਾ ਖੋਲ੍ਹ ਦਿੱਤਾ। ਇਸ ਨਾਲ ਬਾਹਰ ਮੌਜੂਦ ਕ੍ਰੂ ਮੈਂਬਰਾਂ ਅਤੇ ਯਾਤਰੀਆਂ ਨੂੰ ਅੰਦਰ ਪਹੁੰਚਣ ਦਾ ਮੌਕਾ ਮਿਲਿਆ।

ਕਾਕਪਿਟ ਦੇ ਅੰਦਰੋਂ ਆ ਰਹੀਆਂ ਆਵਾਜ਼ਾਂ ਸੁਣ ਕੇ ਜਹਾਜ਼ ਵਿੱਚ ਬੈਠੇ ਯਾਤਰੀ ਵੀ ਘਬਰਾ ਗਏ। ਕੁਝ ਯਾਤਰੀਆਂ ਨੇ ਕਾਕਪਿਟ ਦਾ ਦਰਵਾਜ਼ਾ ਤੋੜ ਕੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਇਸ ਪੂਰੇ ਹੰਗਾਮੇ ਦੌਰਾਨ ਇੱਕ ਹੋਰ ਗੱਲ ਨੇ ਵੱਡੀ ਮਦਦ ਕੀਤੀ। ਜਹਾਜ਼ ਵਿੱਚ ਕੁਝ ਪਾਇਲਟ ਯਾਤਰੀ ਵਜੋਂ ਸਫ਼ਰ ਕਰ ਰਹੇ ਸਨ। ਹਾਲਾਤ ਬੇਕਾਬੂ ਹੁੰਦੇ ਦੇਖ ਕੇ ਇਨ੍ਹਾਂ ਵਿੱਚੋਂ ਦੋ ਪਾਇਲਟਾਂ ਨੇ ਜਹਾਜ਼ ਨੂੰ ਸੰਭਾਲਣ ਵਿੱਚ ਮਦਦ ਕੀਤੀ। ਇਸ ਤਰ੍ਹਾਂ ਇੱਕ ਪਾਸੇ ਕਾਕਪਿਟ ਵਿੱਚ ਹਮਲਾਵਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਹੋ ਰਹੀ ਸੀ ਅਤੇ ਦੂਜੇ ਪਾਸੇ ਜਹਾਜ਼ ਨੂੰ ਸੁਰੱਖਿਅਤ ਰੱਖਣ ਦੀ ਜੱਦੋ-ਜਹਿਦ ਚੱਲ ਰਹੀ ਸੀ। ਆਖ਼ਰਕਾਰ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਗਈ ਅਤੇ 174 ਯਾਤਰੀਆਂ ਦੀ ਜਾਨ ਬਚ ਗਈ। ਇਸ ਪੂਰੇ ਘਟਨਾਕ੍ਰਮ ਵਿੱਚ ਕੈਪਟਨ ਸਮਿਤ ਮੱਛਾਰ ਖੁਦ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਏ। ਉਨ੍ਹਾਂ ਦਾ ਸਾਊਦੀ ਅਰਬ ਦੇ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਕੈਪਟਨ ਸਮਿਤ ਦੀ ਬਹਾਦਰੀ ਦੀ ਚਰਚਾ ਇਜ਼ਰਾਈਲ ਤੋਂ ਲੈ ਕੇ ਅਮਰੀਕਾ ਤੱਕ ਹੋ ਰਹੀ ਹੈ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕੈਪਟਨ ਸਮਿਤ ਦੀ ਹਿੰਮਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸੱਚਾ ਹੀਰੋ ਦੱਸਿਆ। ਨੇਤਨਯਾਹੂ ਮੁਤਾਬਕ, ਗੰਭੀਰ ਜ਼ਖ਼ਮੀ ਹੋਣ ਦੇ ਬਾਵਜੂਦ ਕੈਪਟਨ ਸਮਿਤ ਨੇ ਹਮਲਾਵਰ ਦਾ ਵਿਰੋਧ ਕੀਤਾ, ਕਾਕਪਿਟ ਦਾ ਦਰਵਾਜ਼ਾ ਖੋਲ੍ਹਿਆ ਅਤੇ ਯਾਤਰੀਆਂ ਤੇ ਕ੍ਰੂ ਨੂੰ ਹਮਲਾਵਰ 'ਤੇ ਕਾਬੂ ਪਾਉਣ ਵਿੱਚ ਮਦਦ ਮਿਲੀ। ਉਨ੍ਹਾਂ ਕਿਹਾ ਕਿ ਕੈਪਟਨ ਸਮਿਤ ਦੀ ਬਹਾਦਰੀ ਕਾਰਨ ਹਵਾ ਵਿੱਚ ਵਾਪਰਨ ਵਾਲਾ ਇੱਕ ਵੱਡਾ ਹਾਦਸਾ ਟਲ ਗਿਆ ਅਤੇ 174 ਲੋਕਾਂ ਦੀ ਜਾਨ ਬਚ ਗਈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਕੈਪਟਨ ਸਮਿਤ ਦੀ ਬਹਾਦਰੀ ਦੀ ਤਾਰੀਫ਼ ਕੀਤੀ ਹੈ। ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਗੱਲਬਾਤ ਕੀਤੀ ਸੀ ਅਤੇ ਇਸ ਦੌਰਾਨ ਉਨ੍ਹਾਂ ਨੂੰ ਕੈਪਟਨ ਸਮਿਤ ਦੀ ਬਹਾਦਰੀ ਬਾਰੇ ਜਾਣਕਾਰੀ ਮਿਲੀ।

ਟਰੰਪ ਨੇ ਕਿਹਾ ਕਿ ਇੰਨੀ ਖ਼ਰਾਬ ਹਾਲਤ ਦੇ ਬਾਵਜੂਦ ਪਾਇਲਟ ਨੇ ਸਮਝਦਾਰੀ ਦਿਖਾਈ ਅਤੇ ਕਾਕਪਿਟ ਦਾ ਦਰਵਾਜ਼ਾ ਖੋਲ੍ਹਿਆ। ਇੱਕ ਪਾਸੇ ਜਹਾਜ਼ ਹਜ਼ਾਰਾਂ ਫੁੱਟ ਦੀ ਉਚਾਈ 'ਤੇ ਸੀ, ਦੂਜੇ ਪਾਸੇ ਕਾਕਪਿਟ ਵਿੱਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਚੱਲ ਰਹੀ ਸੀ। ਅਤੇ ਇਸ ਪੂਰੇ ਘਟਨਾਕ੍ਰਮ ਵਿੱਚ ਕੈਪਟਨ ਸਮਿਤ ਮੱਛਾਰ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਹਾਲਾਤ ਦਾ ਸਾਹਮਣਾ ਕੀਤਾ। ਇੱਕ ਪਾਇਲਟ ਦੀ ਹਿੰਮਤ, ਦੋ ਹੋਰ ਪਾਇਲਟਾਂ ਦੀ ਮਦਦ ਅਤੇ ਕ੍ਰੂ ਤੇ ਯਾਤਰੀਆਂ ਦੀ ਤੁਰੰਤ ਕਾਰਵਾਈ ਨੇ ਮਿਲ ਕੇ 174 ਜ਼ਿੰਦਗੀਆਂ ਨੂੰ ਬਚਾ ਲਿਆ। ਅੱਜ ਕੈਪਟਨ ਸਮਿਤ ਮੱਛਾਰ ਹਸਪਤਾਲ ਵਿੱਚ ਇਲਾਜ ਅਧੀਨ ਹਨ, ਪਰ ਉਨ੍ਹਾਂ ਦੀ ਇਹ ਬਹਾਦਰੀ ਹਵਾਈ ਸੁਰੱਖਿਆ ਨਾਲ ਜੁੜੀ ਇੱਕ ਯਾਦਗਾਰ ਘਟਨਾ ਵਜੋਂ ਚਰਚਾ ਵਿੱਚ ਹੈ। ਕੈਪਟਨ ਸਮਿਤ ਮੱਛਾਰ ਨੂੰ ਸਲਾਮ—ਜਿਨ੍ਹਾਂ ਨੇ ਮੁਸ਼ਕਲ ਦੀ ਉਸ ਘੜੀ ਵਿੱਚ ਹਿੰਮਤ ਨਹੀਂ ਹਾਰੀ।

# ਨੇਪਾਲ 'ਚ ਫਿਰ ਤਬਾਹੀ, ਪਹਾੜ ਖਿਸਕ ਕੇ ਨਦੀ 'ਚ ਰੁੜ੍ਹਿਆ

## ਕਈ ਮੌਤਾਂ ਅਤੇ ਭਾਰੀ ਮੀਂਹ ਦਾ ਅਲਰਟ ਜਾਰੀ



ਨੇਪਾਲ ਵਿੱਚ ਭਾਰੀ ਮੀਂਹ ਨੇ ਇੱਕ ਵਾਰ ਫਿਰ ਤਬਾਹੀ ਮਚਾ ਦਿੱਤੀ ਹੈ। ਮੁਸਤਾਂਗ ਜ਼ਿਲ੍ਹੇ ਵਿੱਚ ਐਤਵਾਰ ਨੂੰ ਪਹਾੜ ਦਾ ਵੱਡਾ ਹਿੱਸਾ ਟੁੱਟ ਕੇ ਕਾਲੀਗੰਡਕੀ ਨਦੀ ਵਿੱਚ ਜਾ ਡਿੱਗਿਆ। ਇਸ ਹਾਦਸੇ ਵਿੱਚ 14 ਲੋਕਾਂ ਦੀ ਮੌਤ ਹੋਣ ਦੀ ਜਾਣਕਾਰੀ ਹੈ। ਘਟਨਾ ਦੀਆਂ ਵਾਇਰਲ ਵੀਡੀਓਜ਼ ਵਿੱਚ ਚੱਟਾਨਾਂ ਅਤੇ ਮਿੱਟੀ ਦਾ ਵੱਡਾ ਮਲਬਾ ਕੁਝ ਹੀ ਸਕਿੰਟਾਂ ਵਿੱਚ ਢਲਾਨ ਤੋਂ ਹੇਠਾਂ ਆਉਂਦਾ ਦਿਖਾਈ ਦੇ ਰਿਹਾ ਹੈ। ਮਲਬਾ ਨਦੀ ਦੇ ਰਸਤੇ ਵਿੱਚ ਜਾ ਡਿੱਗਣ ਕਾਰਨ ਪਾਣੀ ਦਾ ਵਹਾਅ ਵੀ ਪ੍ਰਭਾਵਿਤ ਹੋਇਆ। ਭਾਰੀ ਮੀਂਹ ਕਾਰਨ ਨਦੀਆਂ ਦਾ ਪਾਣੀ ਤੇਜ਼ੀ ਨਾਲ ਵਧਿਆ ਹੈ। ਨਾਰਾਇਣੀ ਨਦੀ ਵਿੱਚ ਬੰਨ੍ਹੇ ਇੱਕ ਕਰੂਜ਼ ਸ਼ਿਪ ਦੀ ਰੱਸੀ ਪਾਣੀ ਦੇ ਤੇਜ਼ ਵਹਾਅ ਕਾਰਨ ਟੁੱਟ ਗਈ। ਇਸ ਤੋਂ ਬਾਅਦ ਜਹਾਜ਼ ਲਗਭਗ 100 ਮੀਟਰ ਤੱਕ ਨਦੀ ਦੇ ਵਹਾਅ ਨਾਲ ਵਹਿੰਦਾ ਗਿਆ ਅਤੇ ਆਖ਼ਰਕਾਰ ਇੱਕ ਪੁਲ ਦੇ ਪਿੱਲਰ ਨਾਲ ਜਾ ਟਕਰਾਇਆ। ਨੇਪਾਲ ਇੱਕ ਮਹੀਨੇ ਦੇ ਅੰਦਰ ਦੂਜੀ ਵਾਰ ਭਿਆਨਕ ਹੜ੍ਹ ਦਾ ਸਾਹਮਣਾ ਕਰ ਰਿਹਾ ਹੈ। ਇਸ ਤੋਂ ਪਹਿਲਾਂ 26 ਅਗਸਤ ਨੂੰ ਭੋਟੇਕੋਸ਼ੀ ਨਦੀ ਵਿੱਚ ਹੜ੍ਹ ਆਇਆ ਸੀ। ਦਿੱਤੀ ਗਈ ਜਾਣਕਾਰੀ ਮੁਤਾਬਕ ਉਸ ਘਟਨਾ ਵਿੱਚ 1,453 ਲੋਕਾਂ ਦੀ ਮੌਤ ਹੋਈ ਸੀ, ਜਦਕਿ 5,500 ਤੋਂ ਵੱਧ ਲੋਕ ਅਜੇ ਵੀ ਲਾਪਤਾ ਦੱਸੇ ਜਾ ਰਹੇ ਹਨ।

**24 ਘੰਟਿਆਂ ਵਿੱਚ 272 ਹਾਦਸੇ**

ਨੈਸ਼ਨਲ ਡਿਜ਼ਾਸਟਰ ਰਿਸਕ ਰਿਡਕਸ਼ਨ ਐਂਡ ਮੈਨੇਜਮੈਂਟ ਅਥਾਰਟੀ (NDRRMA) ਮੁਤਾਬਕ ਪਿਛਲੇ 24 ਘੰਟਿਆਂ ਦੌਰਾਨ ਨੇਪਾਲ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੜ੍ਹ, ਭੂਸਖਲਨ ਅਤੇ ਭਾਰੀ ਮੀਂਹ ਨਾਲ ਜੁੜੇ 272 ਹਾਦਸੇ ਵਾਪਰੇ। ਇਨ੍ਹਾਂ ਘਟਨਾਵਾਂ ਵਿੱਚ 21 ਲੋਕਾਂ ਦੀ ਮੌਤ, 4 ਲੋਕਾਂ ਦੇ ਲਾਪਤਾ ਹੋਣ ਅਤੇ 26 ਲੋਕਾਂ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਹੈ। ਇਨ੍ਹਾਂ ਵਿੱਚ ਸਭ ਤੋਂ ਵੱਧ 97 ਭੂਸਖਲਨ ਦੀਆਂ ਘਟਨਾਵਾਂ ਦਰਜ ਹੋਈਆਂ। ਇਨ੍ਹਾਂ ਵਿੱਚ 19 ਲੋਕਾਂ ਦੀ ਮੌਤ, 4 ਦੇ ਲਾਪਤਾ ਹੋਣ ਅਤੇ 4 ਲੋਕਾਂ ਦੇ ਜ਼ਖ਼ਮੀ ਹੋਣ ਦੀ ਗੱਲ ਕਹੀ ਗਈ ਹੈ। ਚਿਤਵਨ ਜ਼ਿਲ੍ਹੇ ਵਿੱਚ ਐਤਵਾਰ ਸਵੇਰੇ ਨਾਰਾਇਣੀ ਅਤੇ ਰਿਉ ਨਦੀਆਂ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਪਹੁੰਚ ਗਿਆ। ਦੇਵਘਾਟ ਵਿੱਚ ਨਾਰਾਇਣੀ ਨਦੀ ਦਾ ਜਲ ਪੱਧਰ 9.23 ਮੀਟਰ ਦਰਜ ਕੀਤਾ ਗਿਆ, ਜਦਕਿ ਖ਼ਤਰੇ ਦਾ ਨਿਸ਼ਾਨ 9 ਮੀਟਰ ਹੈ। ਰਿਉ ਨਦੀ ਦਾ ਪਾਣੀ ਵੀ 3.92 ਮੀਟਰ ਤੱਕ ਪਹੁੰਚ ਗਿਆ, ਜਦਕਿ ਇੱਥੇ ਖ਼ਤਰੇ ਦਾ ਨਿਸ਼ਾਨ 3.8 ਮੀਟਰ ਹੈ। ਭਾਰੀ ਮੀਂਹ ਕਾਰਨ ਚਿਤਵਨ ਵਿੱਚ ਕਈ ਥਾਵਾਂ 'ਤੇ ਭੂਸਖਲਨ ਅਤੇ ਮਿੱਟੀ ਧਸਣ ਦੀਆਂ ਘਟਨਾਵਾਂ ਹੋਈਆਂ, ਜਿਸ ਨਾਲ ਸੜਕਾਂ ਬੰਦ ਹੋ ਗਈਆਂ। ਕਰਨਾਲੀ ਸੂਬੇ ਵਿੱਚ ਵੀ ਭੂਸਖਲਨ ਕਾਰਨ ਹਾਈਵੇਅ 'ਤੇ ਆਵਾਜਾਈ ਪ੍ਰਭਾਵਿਤ ਹੋਈ ਹੈ।

**ਹਾਈਡ੍ਰੋਪਾਵਰ ਪ੍ਰੋਜੈਕਟਾਂ 'ਤੇ ਵੀ ਅਸਰ**

ਹੜ੍ਹ ਦਾ ਅਸਰ ਨੇਪਾਲ ਦੇ ਬਿਜਲੀ ਉਤਪਾਦਨ 'ਤੇ ਵੀ ਪਿਆ ਹੈ। ਕਈ ਹਾਈਡ੍ਰੋਪਾਵਰ ਪ੍ਰੋਜੈਕਟਾਂ ਵਿੱਚ ਉਤਪਾਦਨ ਰੋਕਣਾ ਪਿਆ ਹੈ। ਇਨ੍ਹਾਂ ਵਿੱਚ 140 ਮੈਗਾਵਾਟ ਦਾ ਕਾਲੀਗੰਡਕੀ, 25 ਮੈਗਾਵਾਟ ਦਾ ਅਪਰ ਮਾਦੀ, 44 ਮੈਗਾਵਾਟ ਦਾ ਸੁਪਰ ਮਾਦੀ, 20 ਮੈਗਾਵਾਟ ਦਾ ਨਾਮਾਰਜੁਨ ਮਾਦੀ ਅਤੇ 40 ਮੈਗਾਵਾਟ ਦਾ ਸੇਤੀ ਰਿਵਰ ਪ੍ਰੋਜੈਕਟ ਸ਼ਾਮਲ ਹਨ। 220 ਕਿਲੋਵੋਲਟ ਦੀ ਕਾਲੀਗੰਡਕੀ ਕੌਰੀਡੋਰ ਟਰਾਂਸਮਿਸ਼ਨ ਲਾਈਨ ਦੇ ਦੋ ਟਾਵਰ ਵੀ ਡਿੱਗ ਗਏ ਹਨ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਲਾਈਨਾਂ ਨੂੰ ਨੁਕਸਾਨ ਪਹੁੰਚਿਆ ਹੈ। ਕਈ ਇਲਾਕਿਆਂ ਵਿੱਚ ਖੇਤਾਂ ਵਿੱਚ ਪਾਣੀ ਭਰਨ ਕਾਰਨ ਫ਼ਸਲਾਂ ਨੂੰ ਵੀ ਨੁਕਸਾਨ ਹੋਣ ਦੀ ਜਾਣਕਾਰੀ ਹੈ।

# ਬਲੋਚਿਸਤਾਨ 'ਚ ਗੋਰਗ ਦਰਿਆ ਵਿੱਚੋਂ ਤਿੰਨ ਅਫ਼ਗਾਨ ਨਾਗਰਿਕਾਂ ਦੀਆਂ ਲਾਸ਼ਾਂ ਬਰਾਮਦ



ਕਰਾਚੀ: ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਗੋਰਗ ਨਦੀ ਵਿੱਚੋਂ ਤਿੰਨ ਅਫਗਾਨ ਨਾਗਰਿਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਨੂੰ ਇੱਕ ਹੋਰ ਅਫਗਾਨ ਨਾਗਰਿਕ ਜ਼ਖ਼ਮੀ ਹਾਲਤ ਵਿੱਚ ਮਿਲਿਆ ਹੈ, ਜਿਸ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ। ਪੁਲਿਸ ਅਨੁਸਾਰ, ਇਹ ਤਿੰਨੋਂ ਲਾਸ਼ਾਂ ਘੱਟੋ-ਘੱਟ ਤਿੰਨ ਦਿਨ ਪੁਰਾਣੀਆਂ ਹਨ। ਸੋਮਵਾਰ ਨੂੰ ਇਨ੍ਹਾਂ ਦੇ ਮਿਲਣ ਤੋਂ ਬਾਅਦ, ਉਨ੍ਹਾਂ ਕੋਲੋਂ ਮਿਲੇ ਦਸਤਾਵੇਜ਼ਾਂ ਦੇ ਆਧਾਰ 'ਤੇ ਉਨ੍ਹਾਂ ਦੀ ਪਛਾਣ ਅਫਗਾਨ ਨਾਗਰਿਕਾਂ ਵਜੋਂ ਕੀਤੀ ਗਈ ਹੈ। ਪੁਲਿਸ ਹੁਣ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕਾਰਵਾਈ ਕਰ ਰਹੀ ਹੈ।

ਤੁਰਬਤ ਜ਼ਿਲ੍ਹੇ ਦੇ ਇੱਕ ਪੁਲਿਸ ਅਧਿਕਾਰੀ, ਅਜ਼ੀਜ਼ ਬਲੋਚ ਨੇ ਦੱਸਿਆ ਕਿ ਬਰਾਮਦ ਕੀਤੀਆਂ ਗਈਆਂ ਲਾਸ਼ਾਂ ਦੀ ਪਛਾਣ ਸਲੀਮ ਖਾਨ, ਸ਼ੇਰ ਆਗਾ ਖਾਨ ਅਤੇ ਨਜੀਬੁਦੀਨ ਵਜੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਲਾਸ਼ਾਂ ਘੱਟੋ-ਘੱਟ ਤਿੰਨ ਦਿਨ ਪੁਰਾਣੀਆਂ ਸਨ ਅਤੇ ਸੋਮਵਾਰ ਨੂੰ ਗੋਰਗ ਦਰਿਆ ਵਿੱਚੋਂ ਮਿਲੀਆਂ ਸਨ। ਅਧਿਕਾਰੀ ਅਨੁਸਾਰ, ਮ੍ਰਿਤਕਾਂ ਕੋਲੋਂ ਮਿਲੇ ਦਸਤਾਵੇਜ਼ਾਂ ਤੋਂ ਪੁਸ਼ਟੀ ਹੋਈ ਹੈ ਕਿ ਉਹ ਅਫਗਾਨ ਨਾਗਰਿਕ ਸਨ। ਪੁਲਿਸ ਨੇ ਲਾਸ਼ਾਂ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਅਧਿਕਾਰੀ ਅਜ਼ੀਜ਼ ਬਲੋਚ ਨੇ ਦੱਸਿਆ ਕਿ ਫਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਤਿੰਨ ਅਫਗਾਨ ਨਾਗਰਿਕਾਂ ਦੀ ਮੌਤ ਕਿਵੇਂ ਹੋਈ। ਪੁਲਿਸ ਇਸ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇੱਕ ਚੌਥਾ ਅਫਗਾਨ ਨਾਗਰਿਕ ਜ਼ਖ਼ਮੀ ਹਾਲਤ ਵਿੱਚ ਮਿਲਿਆ ਸੀ ਅਤੇ ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੂੰ ਉਮੀਦ ਹੈ ਕਿ ਜਦੋਂ ਜ਼ਖ਼ਮੀ ਵਿਅਕਤੀ ਬਿਆਨ ਦੇਣ ਦੀ ਹਾਲਤ ਵਿੱਚ ਹੋਵੇਗਾ, ਤਾਂ ਉਸ ਵੱਲੋਂ ਦਿੱਤੀ ਗਈ ਜਾਣਕਾਰੀ ਤਿੰਨਾਂ ਵਿਅਕਤੀਆਂ ਦੀ ਮੌਤ ਦੇ ਹਾਲਾਤਾਂ ਦਾ ਪਤਾ ਲਗਾਉਣ ਵਿੱਚ ਮਦਦਗਾਰ ਸਾਬਿਤ ਹੋਵੇਗੀ। ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਬਲੋਚਿਸਤਾਨ ਸਰਕਾਰ ਸੂਬੇ ਵਿੱਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਅਫਗਾਨ ਨਾਗਰਿਕਾਂ ਨੂੰ ਵਾਪਿਸ ਭੇਜਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਰਹੀ ਹੈ।

ਅਫਗਾਨ ਨਾਗਰਿਕਾਂ ਦੀ ਵਾਪਸੀ ਦੀ ਪ੍ਰਕਿਰਿਆ ਜਾਰੀ ਹੈ ਅਤੇ ਉਨ੍ਹਾਂ ਨੂੰ ਚਗਾਈ ਜ਼ਿਲ੍ਹੇ ਦੇ ਚਮਨ, ਬਦੀਨੀ ਅਤੇ ਬਹਿਰਾਮਚਾ ਸਰਹੱਦੀ ਰਸਤਿਆਂ ਰਾਹੀਂ ਅਫਗਾਨਿਸਤਾਨ ਵਾਪਿਸ ਭੇਜਿਆ ਜਾ ਰਿਹਾ ਹੈ। ਅਧਿਕਾਰੀਆਂ ਅਨੁਸਾਰ, ਪਿਛਲੇ ਸਾਲ ਤੋਂ ਹੁਣ ਤੱਕ ਹਜ਼ਾਰਾਂ ਅਫਗਾਨ ਨਾਗਰਿਕਾਂ ਨੂੰ ਬਲੋਚਿਸਤਾਨ ਤੋਂ ਅਫਗਾਨਿਸਤਾਨ ਵਾਪਸ ਭੇਜਿਆ ਜਾ ਚੁੱਕਾ ਹੈ।

ਅਫਗਾਨ ਨਾਗਰਿਕਾਂ ਦੀ ਵਾਪਸੀ ਦੇ ਦੌਰਾਨ, ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਤਾਲਿਬਾਨ ਸਰਕਾਰ ਵਿਚਕਾਰ ਸੁਰੱਖਿਆ ਨੂੰ ਲੈ ਕੇ ਤਣਾਅ ਬਣਿਆ ਹੋਇਆ ਹੈ। ਪਾਕਿਸਤਾਨ ਦਾ ਦੋਸ਼ ਹੈ ਕਿ ਕਾਬੁਲ ਸਥਿਤ ਤਾਲਿਬਾਨ ਸਰਕਾਰ ਪਾਬੰਦੀਸ਼ੁਦਾ 'ਤਹਿਰੀਕ-ਏ-ਤਾਲਿਬਾਨ ਪਾਕਿਸਤਾਨ' (TTP) ਦੇ ਕਮਾਂਡਰਾਂ ਅਤੇ ਅੱਤਵਾਦੀਆਂ ਨੂੰ ਸੁਰੱਖਿਅਤ ਪਨਾਹਗਾਹਾਂ ਮੁਹੱਈਆ ਕਰਵਾ ਰਹੀ ਹੈ।









# ਇਆਲੀ ਨੇ ਚੋਣ ਕਮਿਸ਼ਨ 'ਤੇ ਦਬਾਅ ਹੇਠ ਕੰਮ ਕਰਨ ਦੇ ਲਗਾਏ ਦੋਸ਼;

## ਗਿਆਨੇਸ਼ ਕੁਮਾਰ ਦਾ ਮੰਗਿਆ ਅਸਤੀਫ਼ਾ



ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੂੰ ਸਿਆਸੀ ਪਾਰਟੀ ਵਜੋਂ ਰਜਿਸਟਰ ਕਰਨ ਦੇ ਸਬੰਧ ਵਿੱਚ ਦਿੱਲੀ ਹਾਈਕੋਰਟ ਵਿੱਚ ਹੋਣ ਵਾਲੀ ਅਹਿਮ ਸੁਣਵਾਈ ਤੋਂ ਕੁਝ ਘੰਟੇ ਪਹਿਲਾਂ, ਜਥੇਬੰਦੀ ਦੇ ਆਗੂਆਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ।

ਪਾਰਟੀ ਆਗੂ ਅਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਦੋਸ਼ ਲਾਇਆ ਕਿ ਭਾਰਤੀ ਚੋਣ ਕਮਿਸ਼ਨ (ECI) ਸਰਕਾਰ ਦੇ ਦਬਾਅ ਹੇਠ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਚੋਣਾਂ ਵਿੱਚ ਮੁਕਾਬਲੇ ਤੋਂ ਪਹਿਲਾਂ ਹੀ ਜਥੇਬੰਦੀ ਨੂੰ ਬਾਹਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਇਆਲੀ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ "ਕੌਮੀ ਸੁਰੱਖਿਆ ਨਾਲ ਸਬੰਧਤ ਕੁਝ ਖ਼ਦਸ਼ਿਆਂ" ਦੇ ਉਠਾਏ ਗਏ ਇਤਰਾਜ਼ ਸਪਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦਬਾਅ ਹੇਠ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਅਜਿਹੇ ਇਤਰਾਜ਼ ਉਠਾਉਣ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ।

ਇਆਲੀ ਨੇ ਕਿਹਾ, "ਫਰਜ਼ ਕਰੋ ਕਿ ਦੋ ਟੀਮਾਂ ਇੱਕ ਮੈਚ ਖੇਡ ਰਹੀਆਂ ਹਨ—ਇੱਕ (ਜਿਸ ਦੇ ਜਿੱਤਣ ਦੀ ਵੱਧ ਸੰਭਾਵਨਾ ਹੈ) ਨੂੰ ਬੇਬੁਨਿਆਦ ਕਾਰਨਾਂ ਕਰਕੇ ਅਯੋਗ ਕਰਾਰ ਦੇ ਦਿੱਤਾ ਜਾਂਦਾ ਹੈ ਅਤੇ ਦੂਜੀ ਨੂੰ ਬਿਨਾਂ ਮੁਕਾਬਲਾ ਕੀਤੇ ਜੇਤੂ ਐਲਾਨ ਦਿੱਤਾ ਜਾਂਦਾ ਹੈ। ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਬਿਲਕੁਲ ਇਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਲਈ, ਅਸੀਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕਰਦੇ ਹਾਂ।" ਇਆਲੀ ਨੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ ਅਕਾਲੀ ਦਲ 'ਵਾਰਿਸ ਪੰਜਾਬ ਦੇ' ਜਨਤਕ ਮੀਟਿੰਗਾਂ, ਰੈਲੀਆਂ, ਪ੍ਰੈੱਸ ਕਾਨਫਰੰਸਾਂ ਅਤੇ ਮੈਂਬਰਸ਼ਿਪ ਮੁਹਿੰਮਾਂ ਵਿੱਚ ਲੱਗੀ ਹੋਈ ਹੈ।

ਉਨ੍ਹਾਂ ਨੇ ਕਮਿਸ਼ਨ ਨੂੰ ਕੋਈ ਅਜਿਹੀ ਘਟਨਾ ਦੱਸਣ ਦੀ ਚੁਣੌਤੀ ਦਿੱਤੀ ਜਿਸ ਨੂੰ ਸੁਰੱਖਿਆ ਲਈ ਖ਼ਤਰਾ ਮੰਨਿਆ ਜਾ ਸਕੇ। ਜਥੇਬੰਦੀ ਨੇ ਜਨਵਰੀ 2025 ਵਿੱਚ ਰਜਿਸਟ੍ਰੇਸ਼ਨ ਲਈ ਅਰਜ਼ੀ ਦਿੱਤੀ ਸੀ ਪਰ ਕੋਈ ਫੈਸਲਾ ਨਹੀਂ ਆਇਆ, ਜਿਸ ਕਾਰਨ ਉਸਨੂੰ ਜੂਨ 2026 ਵਿੱਚ ਹਾਈਕੋਰਟ ਦਾ ਰੁਖ ਕਰਨਾ ਪਿਆ। ਉੱਥੇ ਹੀ ਜਥੇਬੰਦੀ ਦੇ ਸਕੱਤਰ ਜਨਰਲ ਮਨਦੀਪ ਸਿੰਘ ਸਿੱਧੂ, ਜੋ ਕਿ ਮਰਹੂਮ ਦੀਪ ਸਿੱਧੂ ਦੇ ਭਰਾ ਹਨ, ਨੇ ਦੁਹਰਾਇਆ ਕਿ ਪਾਰਟੀ ਧਰਮ ਨਿਰਪੱਖ ਅਤੇ ਜਮਹੂਰੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧ ਹੈ। ਉਨ੍ਹਾਂ ਦਲੀਲ ਦਿੱਤੀ ਕਿ ਚੋਣਾਂ ਲੜਨਾ ਅਤੇ ਪਾਰਟੀ ਨੂੰ ਰਜਿਸਟਰ ਕਰਨਾ ਲੋਕਤੰਤਰ ਵਿੱਚ ਉਨ੍ਹਾਂ ਦੇ ਵਿਸ਼ਵਾਸ ਦਾ ਸਬੂਤ ਹੈ ਅਤੇ ਸਵਾਲ ਕੀਤਾ ਕਿ ਕਿਸੇ ਖਾਸ ਵਿਚਾਰਧਾਰਾ ਦੀ ਵਕਾਲਤ ਕਰਨ ਨੂੰ ਸੁਰੱਖਿਆ ਲਈ ਖ਼ਤਰੇ ਦਾ ਆਧਾਰ ਕਿਵੇਂ ਮੰਨਿਆ ਜਾ ਸਕਦਾ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੱਡਾ ਐਕਸ਼ਨ

## SGPC ਮੈਂਬਰ ਮਿੱਠੂ ਸਿੰਘ ਕਾਨੇਕੇ ਤੇ ਜਸਵੰਤ ਸਿੰਘ ਪੁੜੈਣ ਨੂੰ ਕੀਤਾ ਤਲਬ



ਦੱਖਣ-ਪੂਰਬੀ ਇੰਗਲੈਂਡ ਵਿੱਚ 18 ਸਾਲਾ ਯੂਨੀਵਰਸਿਟੀ ਵਿਦਿਆਰਥੀ ਦੇ ਕਤਲ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ 23 ਸਾਲਾ ਬ੍ਰਿਟਿਸ਼ ਸਿੱਖ ਨੌਜਵਾਨ ਵਿਕਰਮ ਦਿਗਵਾ ਨੂੰ ਆਪਣੀ ਸਜ਼ਾ ਖ਼ਿਲਾਫ਼ ਅਪੀਲ ਕਰਨ ਦੀ ਇਜਾਜ਼ਤ ਮਿਲ ਗਈ ਹੈ। ਮੰਗਲਵਾਰ ਨੂੰ ਹੋਏ ਫ਼ੈਸਲੇ ਤੋਂ ਬਾਅਦ ਹੁਣ ਉਹ 5 ਨਵੰਬਰ ਨੂੰ ਕੋਰਟ ਆਫ਼ ਅਪੀਲ ਵਿੱਚ ਆਪਣੀ ਸਜ਼ਾ ਦੀ ਮਿਆਦ ਨੂੰ ਚੁਣੌਤੀ ਦੇਵੇਗਾ। ਉਸ ਨੇ ਆਪਣੀ ਦੋਸ਼ਸਿੱਧੀ ਖ਼ਿਲਾਫ਼ ਵੀ ਅਪੀਲ ਦੀ ਇਜਾਜ਼ਤ ਮੰਗੀ ਹੈ, ਜਿਸ 'ਤੇ ਵੱਖਰੇ ਤੌਰ 'ਤੇ ਫ਼ੈਸਲਾ ਹੋਵੇਗਾ।

ਦਿਗਵਾ ਨੂੰ ਪਿਛਲੇ ਸਾਲ ਦਸੰਬਰ ਵਿੱਚ ਸਾਊਥੈਂਪਟਨ ਯੂਨੀਵਰਸਿਟੀ ਦੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ। ਅਦਾਲਤ ਵਿੱਚ ਸਾਹਮਣੇ ਆਏ ਵੇਰਵਿਆਂ ਮੁਤਾਬਕ ਨੋਵਾਕ ਪੋਰਟਸਵੁੱਡ ਵਿੱਚ ਰਾਤ ਬਾਹਰ ਬਿਤਾਉਣ ਤੋਂ ਬਾਅਦ ਘਰ ਵਾਪਸ ਜਾ ਰਿਹਾ ਸੀ। ਅਦਾਲਤ ਮੁਤਾਬਕ ਇਸ ਦੌਰਾਨ ਦਿਗਵਾ ਨੇ 21 ਸੈਂਟੀਮੀਟਰ ਲੰਬੇ ਬਲੇਡ ਨਾਲ ਨੋਵਾਕ 'ਤੇ ਪੰਜ ਵਾਰ ਹਮਲਾ ਕੀਤਾ। ਨੋਵਾਕ ਦੀ ਇਸ ਹਮਲੇ ਵਿੱਚ ਮੌਤ ਹੋ ਗਈ ਸੀ।

ਜੂਨ ਵਿੱਚ ਅਦਾਲਤ ਨੇ ਦਿਗਵਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਸ ਨੂੰ ਪੈਰੋਲ ਲਈ ਯੋਗ ਹੋਣ ਤੋਂ ਪਹਿਲਾਂ ਘੱਟੋ-ਘੱਟ 21 ਸਾਲ ਜੇਲ੍ਹ ਵਿੱਚ ਰਹਿਣ ਦਾ ਹੁਕਮ ਦਿੱਤਾ ਗਿਆ ਸੀ।

### ਕਿਰਪਾਨ ਨੂੰ ਲੈ ਕੇ ਦਿੱਤੀ ਸੀ ਦਲੀਲ

ਇਸ ਮਾਮਲੇ ਦੀ ਸੁਣਵਾਈ ਦੌਰਾਨ ਕਿਰਪਾਨ ਨੂੰ ਲੈ ਕੇ ਵੀ ਕਾਫ਼ੀ ਚਰਚਾ ਹੋਈ ਸੀ। ਦਿਗਵਾ ਨੇ ਆਪਣੇ ਬਚਾਅ ਵਿੱਚ ਧਾਰਮਿਕ ਆਧਾਰ 'ਤੇ ਦਲੀਲਾਂ ਦਿੱਤੀਆਂ ਸਨ। ਉਸ ਦਾ ਕਹਿਣਾ ਸੀ ਕਿ ਉਸ ਕੋਲ ਕਿਰਪਾਨ ਸੀ ਅਤੇ ਬ੍ਰਿਟੇਨ ਵਿੱਚ ਸਿੱਖਾਂ ਨੂੰ ਧਾਰਮਿਕ ਕਾਰਨਾਂ ਕਰਕੇ ਕਿਰਪਾਨ ਰੱਖਣ ਦੀ ਕਾਨੂੰਨੀ ਇਜਾਜ਼ਤ ਹੈ।

ਅਦਾਲਤ ਵਿੱਚ ਦਿਗਵਾ ਵੱਲੋਂ ਇਹ ਦਾਅਵਾ ਵੀ ਕੀਤਾ ਗਿਆ ਸੀ ਕਿ ਨੋਵਾਕ ਨੇ ਉਸ ਨੂੰ ਪੁੱਛਿਆ ਸੀ, "ਕੀ ਤੁਸੀਂ ਬੁਰੇ ਆਦਮੀ ਹੋ?" ਦਿਗਵਾ ਵੱਲੋਂ ਨੋਵਾਕ 'ਤੇ ਨਸਲੀ ਟਿੱਪਣੀ ਕਰਨ ਦੇ ਦੋਸ਼ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਸੀ।

ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਸੀ ਕਿ ਕਿਰਪਾਨ ਸਿੱਖ ਧਰਮ ਵਿੱਚ ਧਾਰਮਿਕ ਵਿਸ਼ਵਾਸ ਦਾ ਪ੍ਰਤੀਕ ਹੈ ਅਤੇ ਇਸ ਨੂੰ ਕਿਸੇ 'ਤੇ ਹਮਲਾ ਕਰਨ ਲਈ ਨਹੀਂ ਰੱਖਿਆ ਜਾਂਦਾ। ਜਸਟਿਸ ਵਿਲੀਅਮ ਮੌਸਲੇ ਨੇ ਕਿਹਾ ਸੀ ਕਿ ਕਿਸੇ ਖ਼ਤਰੇ ਦੇ ਜਵਾਬ ਵਿੱਚ ਕਿਰਪਾਨ ਦੀ ਵਰਤੋਂ ਨੂੰ ਜਾਇਜ਼ ਮੰਨਣ ਲਈ ਹਾਲਾਤ ਬਹੁਤ ਗੰਭੀਰ ਅਤੇ ਤੁਰੰਤ ਖ਼ਤਰੇ ਵਾਲੇ ਹੋਣੇ ਚਾਹੀਦੇ ਹਨ।

ਇਸ ਮਾਮਲੇ ਵਿੱਚ ਦਿਗਵਾ ਦੀ 53 ਸਾਲਾ ਮਾਂ ਕਿਰਨ ਕੌਰ ਨੂੰ ਵੀ ਸਾਊਥੈਂਪਟਨ ਕ੍ਰਾਊਨ ਕੋਰਟ ਨੇ ਜੁਲਾਈ ਵਿੱਚ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਉਸ ਨੂੰ ਦਿਗਵਾ ਵੱਲੋਂ ਨੋਵਾਕ ਦੇ ਕਤਲ ਵਿੱਚ ਵਰਤੇ ਗਏ ਹਥਿਆਰ ਨੂੰ ਆਪਣੇ ਕਬਜ਼ੇ ਵਿੱਚ ਲੈਣ ਅਤੇ ਉਸ ਨੂੰ ਘਟਨਾ ਸਥਾਨ ਤੋਂ ਹਟਾਉਣ ਵਿੱਚ ਮਦਦ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਮਾਮਲੇ ਦੀ ਜਾਂਚ ਅਤੇ ਪੁਲਿਸ ਦੀ ਕਾਰਵਾਈ ਨੂੰ ਲੈ ਕੇ ਵੀ ਸਵਾਲ ਉੱਠੇ। ਹੈਂਪਸ਼ਾਇਰ ਅਤੇ ਆਇਲ ਆਫ਼ ਵਾਈਟ ਕਾਂਸਟੈਬੁਲਰੀ ਦੇ ਅਧਿਕਾਰੀ ਪੁਲਿਸ ਦੇ ਕੰਮਕਾਜ ਵਿੱਚ ਕਥਿਤ 'ਦੋਹਰੇ ਮਾਪਦੰਡਾਂ' ਦੇ ਦੋਸ਼ਾਂ ਨੂੰ ਲੈ ਕੇ ਇੰਡੀਪੈਂਡੈਂਟ ਆਫ਼ਿਸ ਫ਼ਾਰ ਪੁਲਿਸ ਕੰਡਕਟ ਦੀ ਜਾਂਚ ਦੇ ਘੇਰੇ ਵਿੱਚ ਆਏ।

ਮਾਮਲੇ ਨਾਲ ਜੁੜੀ ਪੁਲਿਸ ਬਾਡੀ-ਕੈਮ ਵੀਡੀਓ ਵੀ ਸਾਹਮਣੇ ਆਈ ਸੀ, ਜਿਸ ਵਿੱਚ ਨੋਵਾਕ ਦੇ ਆਖ਼ਰੀ ਪਲਾਂ ਦੌਰਾਨ ਪੁਲਿਸ ਅਧਿਕਾਰੀ ਉਸ ਨੂੰ ਹੱਥਕੜੀਆਂ ਲਾਉਂਦੇ ਦਿਖਾਈ ਦਿੱਤੇ ਸਨ। ਇਹ ਕਾਰਵਾਈ ਦਿਗਵਾ ਵੱਲੋਂ ਲਾਏ ਨਸਲੀ ਟਿੱਪਣੀ ਦੇ ਦੋਸ਼ਾਂ ਦੇ ਆਧਾਰ 'ਤੇ ਕੀਤੀ ਗਈ ਸੀ, ਪਰ ਬਾਅਦ ਵਿੱਚ ਅਦਾਲਤੀ ਕਾਰਵਾਈ ਵਿੱਚ ਇਹ ਦੋਸ਼ ਗ਼ਲਤ ਪਾਏ ਗਏ। ਮਾਮਲੇ ਤੋਂ ਬਾਅਦ ਬ੍ਰਿਟਿਸ਼ ਸਿੱਖ ਆਗੂਆਂ ਅਤੇ ਸੰਸਦ ਮੈਂਬਰਾਂ ਨੇ ਕਿਰਪਾਨ ਦੀ ਗ਼ਲਤ ਵਿਆਖਿਆ 'ਤੇ ਇਤਰਾਜ਼ ਜਤਾਇਆ ਸੀ। ਉਨ੍ਹਾਂ ਕਿਹਾ ਸੀ ਕਿ ਇਸ ਮਾਮਲੇ ਵਿੱਚ ਧਾਰਮਿਕ ਸੁਰੱਖਿਆ ਜਾਂ ਧਾਰਮਿਕ ਆਧਾਰ 'ਤੇ ਕੋਈ ਜਾਇਜ਼ ਠਹਿਰਾਉਣਾ ਲਾਗੂ ਨਹੀਂ ਹੁੰਦਾ। ਸਿੱਖ ਭਾਈਚਾਰੇ ਵੱਲੋਂ ਨੋਵਾਕ ਦੀ ਯਾਦ ਵਿੱਚ ਅਖੰਡ ਪਾਠ ਕਰਵਾਉਣ ਦੀ ਗੱਲ ਵੀ ਸਾਹਮਣੇ ਆਈ ਸੀ।

# ਪੰਜਾਬ ਪੁਲਿਸ ਨੂੰ ਕਦੋਂ ਮਿਲੇਗਾ ਰੈਗੂਲਰ DGP?

## ਹਾਈ ਕੋਰਟ ਨੇ ਸਰਕਾਰ ਨੂੰ ਦਿੱਤੇ ਨਿਰਦੇਸ਼




ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਸੂਬੇ ਦੀ ਪੁਲਿਸ ਲਈ ਜਲਦ ਤੋਂ ਜਲਦ ਰੈਗੂਲਰ ਪੁਲਿਸ ਮਹਾਨਿਰਦੇਸ਼ਕ (DGP) ਨਿਯੁਕਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਹੁਕਮ ਐਡਵੋਕੇਟ ਨਿਖਿਲ ਥੰਮਨ ਵੱਲੋਂ ਦਾਇਰ ਇੱਕ ਜਨਹਿੱਤ ਪਟੀਸ਼ਨ (ਪੀਆਈਐਲ) ਦੀ ਸੁਣਵਾਈ ਦੌਰਾਨ ਜਾਰੀ ਕੀਤੇ ਗਏ। ਸੁਣਵਾਈ ਦੌਰਾਨ, ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ ਪਹਿਲਾਂ ਹੀ ਮਾਮਲੇ ਦਾ ਨੋਟਿਸ ਲੈ ਲਿਆ ਹੈ ਅਤੇ ਸਰਕਾਰ ਨੇ ਉੱਥੇ ਇੱਕ ਪਾਲਣਾ ਹਲਫ਼ਨਾਮਾ ਦਾਇਰ ਕੀਤਾ ਹੈ। ਇਸ ਹਲਫ਼ਨਾਮੇ ਦੀ ਇੱਕ ਕਾਪੀ ਹਾਈ ਕੋਰਟ ਨੂੰ ਵੀ ਪੇਸ਼ ਕੀਤੀ ਗਈ।

ਸਰਕਾਰ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਡੀਜੀਪੀ ਦੀ ਨਿਯੁਕਤੀ ਲਈ ਯੂਪੀਐਸਸੀ ਦੁਆਰਾ ਤਿਆਰ ਕੀਤੇ ਗਏ ਅਧਿਕਾਰੀਆਂ ਦੇ ਪੈਨਲ 'ਤੇ ਵਿਚਾਰ ਕਰ ਰਹੀ ਹੈ। ਇਸ ਤੋਂ ਬਾਅਦ, ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇੱਕ ਨਿਯਮਤ ਡੀਜੀਪੀ ਨਿਯੁਕਤ ਕਰਨ ਦੇ ਨਿਰਦੇਸ਼ ਦਿੱਤੇ। ਅਦਾਲਤ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਇਸ ਸਬੰਧ ਵਿੱਚ ਪਾਲਣਾ ਹਲਫ਼ਨਾਮਾ ਦਾਇਰ ਕਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਮਾਮਲੇ ਦੀ ਅਗਲੀ ਸੁਣਵਾਈ 13 ਅਕਤੂਬਰ, 2026 ਨੂੰ ਹੋਵੇਗੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਚਾਰ ਸਾਲ ਤੋਂ ਵੱਧ ਸਮੇਂ ਤੋਂ ਰੈਗੂਲਰ DGP ਨਹੀਂ ਹੈ। ਸੂਬਾ ਪੁਲਿਸ ਦੇ ਸਭ ਤੋਂ ਉੱਚੇ ਅਹੁਦੇ ਦੀ ਜ਼ਿੰਮੇਵਾਰੀ ਇਸ ਸਮੇਂ ਵਾਧੂ ਚਾਰਜ ਦੇ ਆਧਾਰ 'ਤੇ ਚਲਾਈ ਜਾ ਰਹੀ ਹੈ। ਪਟੀਸ਼ਨਰ ਵਕੀਲ ਨਿਖਿਲ ਥਮਨ ਦਾ ਕਹਿਣਾ ਹੈ ਕਿ ਇੰਨੇ ਲੰਬੇ ਸਮੇਂ ਤੱਕ DGP ਦਾ ਅਹੁਦਾ ਵਾਧੂ ਚਾਰਜ ਦੇ ਆਧਾਰ 'ਤੇ ਚਲਾਉਣਾ ਠੀਕ ਨਹੀਂ ਹੈ। ਉਨ੍ਹਾਂ ਮੁਤਾਬਕ ਪੁਲਿਸ ਦੇ ਸਭ ਤੋਂ ਵੱਡੇ ਅਧਿਕਾਰੀ ਨੂੰ ਰੈਗੂਲਰ ਨਿਯੁਕਤੀ ਅਤੇ ਨਿਰਧਾਰਤ ਕਾਰਜਕਾਲ ਮਿਲਣਾ ਜ਼ਰੂਰੀ ਹੈ, ਤਾਂ ਜੋ ਉਹ ਆਪਣੇ ਫਰਜ਼ਾਂ ਨੂੰ ਸੁਤੰਤਰ ਤੌਰ 'ਤੇ ਨਿਭਾ ਸਕੇ। ਜਨਹਿੱਤ ਪਟੀਸ਼ਨ ਵਿੱਚ ਸੁਪਰੀਮ ਕੋਰਟ ਦੇ ਮਹੱਤਵਪੂਰਨ ਫੈਸਲੇ Prakash Singh & Others v. Union of India & Others ਦਾ ਵੀ ਹਵਾਲਾ ਦਿੱਤਾ ਗਿਆ ਹੈ। ਪਟੀਸ਼ਨ ਮੁਤਾਬਕ ਸੁਪਰੀਮ ਕੋਰਟ ਨੇ ਸੂਬਿਆਂ ਵਿੱਚ DGP ਦੀ ਨਿਯੁਕਤੀ ਲਈ UPSC ਰਾਹੀਂ ਚੋਣ ਪ੍ਰਕਿਰਿਆ ਤੈਅ ਕੀਤੀ ਸੀ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੁਲਿਸ ਮੁਖੀ ਦੇ ਅਹੁਦੇ 'ਤੇ ਲੰਬੇ ਸਮੇਂ ਤੱਕ ਕਾਰਜਕਾਰੀ ਜਾਂ Acting DGP ਦੀ ਵਿਵਸਥਾ ਨਹੀਂ ਹੋਣੀ ਚਾਹੀਦੀ।

# ਪੰਜਾਬ ਕਾਂਗਰਸ 'ਚ ਵਧੀ ਸਿਆਸੀ ਹਲਚਲ

## ਰਾਜਾ ਵੜਿੰਗ ਨੇ ਦਿੱਤਾ ਅਸਤੀਫ਼ਾ, ਚੋਣਾਂ ਤੋਂ ਪਹਿਲਾਂ ਨਵਾਂ ਪ੍ਰਧਾਨ..!




ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਪੰਜਾਬ ਕਾਂਗਰਸ ਵਿੱਚ ਵੱਡਾ ਸੰਗਠਨਾਤਮਕ ਬਦਲਾਅ ਹੋਣ ਜਾ ਰਿਹਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਅਹੁਦੇ ਨੂੰ ਲੈ ਕੇ ਹਾਈਕਮਾਂਡ ਵੱਲੋਂ ਬਦਲਾਅ ਦਾ ਫੈਸਲਾ ਕੀਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਇਸ ਤੋਂ ਬਾਅਦ ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪੰਜਾਬ ਕਾਂਗਰਸ ਦੀ ਕਮਾਨ ਕਿਸ ਆਗੂ ਨੂੰ ਸੌਂਪੀ ਜਾਂਦੀ ਹੈ।

ਰਿਪੋਰਟਾਂ ਮੁਤਾਬਕ ਵੜਿੰਗ ਵੱਲੋਂ ਹਾਈਕਮਾਂਡ ਨੂੰ ਅਸਤੀਫ਼ੇ ਦੀ ਪੇਸ਼ਕਸ਼ ਕੀਤੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਉਨ੍ਹਾਂ ਦਾ ਕਹਿਣਾ ਦੱਸਿਆ ਗਿਆ ਹੈ ਕਿ ਜੇਕਰ ਉਨ੍ਹਾਂ ਦੇ ਅਹੁਦੇ ਤੋਂ ਹਟਣ ਨਾਲ ਪੰਜਾਬ ਕਾਂਗਰਸ ਵਿੱਚ ਇਕਜੁੱਟਤਾ ਬਣਦੀ ਹੈ ਤਾਂ ਉਹ ਅਸਤੀਫ਼ਾ ਦੇਣ ਲਈ ਤਿਆਰ ਹਨ।

ਇਹ ਮਾਮਲਾ ਪੰਜਾਬ ਕਾਂਗਰਸ ਵਿੱਚ ਪਿਛਲੇ ਕੁਝ ਸਮੇਂ ਤੋਂ ਚੱਲ ਰਹੇ ਅੰਦਰੂਨੀ ਮਤਭੇਦਾਂ ਦੇ ਪਿਛੋਕੜ ਵਿੱਚ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਵੀ ਵੜਿੰਗ ਦੀ ਅਗਵਾਈ ਨੂੰ ਲੈ ਕੇ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਵੱਲੋਂ ਸਵਾਲ ਉਠਾਏ ਜਾਣ ਦੀਆਂ ਰਿਪੋਰਟਾਂ ਆਉਂਦੀਆਂ ਰਹੀਆਂ ਹਨ।

ਹੁਣ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਲਈ ਕਈ ਆਗੂਆਂ ਦੇ ਨਾਂ ਚਰਚਾ ਵਿੱਚ ਹਨ। ਇਨ੍ਹਾਂ ਵਿੱਚ ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ, ਜਲੰਧਰ ਤੋਂ ਵਿਧਾਇਕ ਪਰਗਟ ਸਿੰਘ, ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਸੁਖਬਿੰਦਰ ਸਿੰਘ ਸਰਕਾਰੀਆ ਦੇ ਨਾਂ ਸ਼ਾਮਲ ਹਨ।

ਹਾਲਾਂਕਿ, ਇਨ੍ਹਾਂ ਵਿੱਚੋਂ ਕਿਸੇ ਇੱਕ ਆਗੂ ਨੂੰ ਨਵਾਂ PPCC ਪ੍ਰਧਾਨ ਬਣਾਏ ਜਾਣ ਦੀ ਅਧਿਕਾਰਤ ਪੁਸ਼ਟੀ ਹਾਲੇ ਨਹੀਂ ਹੋਈ। ਵੱਖ-ਵੱਖ ਰਿਪੋਰਟਾਂ ਵਿੱਚ ਹਾਈਕਮਾਂਡ ਵੱਲੋਂ ਜਲਦ ਫੈਸਲਾ ਲਏ ਜਾਣ ਦੀ ਗੱਲ ਕਹੀ ਗਈ ਹੈ।

ਪੰਜਾਬ ਕਾਂਗਰਸ ਵਿੱਚ ਲੀਡਰਸ਼ਿਪ ਬਦਲਾਅ ਦੀ ਚਰਚਾ ਨੂੰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਵੜਿੰਗ ਨਾਲ ਜੁੜੇ ਧੜਿਆਂ ਵਿਚਕਾਰ ਪਿਛਲੇ ਸਮੇਂ ਤੋਂ ਚੱਲ ਰਹੇ ਮਤਭੇਦਾਂ ਨਾਲ ਵੀ ਜੋੜਿਆ ਗਿਆ ਹੈ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ ਹਾਈਕਮਾਂਡ ਨੇ ਪੰਜਾਬ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਦੀ ਆਗੂਆਂ ਨਾਲ ਹੋਈਆਂ ਵਿਚਾਰ-ਵਟਾਂਦਰਿਆਂ ਤੋਂ ਬਾਅਦ ਸੂਬਾ ਲੀਡਰਸ਼ਿਪ ਵਿੱਚ ਬਦਲਾਅ 'ਤੇ ਵਿਚਾਰ ਕੀਤਾ।

ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਨਵੇਂ ਚਿਹਰੇ ਦੀ ਚੋਣ ਕਰਦੇ ਸਮੇਂ ਪਾਰਟੀ ਦੇ ਵੱਖ-ਵੱਖ ਧੜਿਆਂ ਵਿਚਕਾਰ ਤਾਲਮੇਲ ਅਤੇ ਸੰਗਠਨ ਨੂੰ ਇਕੱਠਾ ਰੱਖਣ ਨੂੰ ਧਿਆਨ ਵਿੱਚ ਰੱਖਿਆ ਜਾ ਸਕਦਾ ਹੈ। ਇਹ ਸਾਰੀਆਂ ਗੱਲਾਂ ਇਸ ਵੇਲੇ ਪਾਰਟੀ ਅੰਦਰ ਚੱਲ ਰਹੀ ਚਰਚਾ ਅਤੇ ਮੀਡੀਆ ਰਿਪੋਰਟਾਂ 'ਤੇ ਆਧਾਰਿਤ ਹਨ।

### ਜਲਦ ਹੋ ਸਕਦਾ ਹੈ ਨਵੇਂ ਪ੍ਰਧਾਨ ਦਾ ਐਲਾਨ

ਨਿਊ ਇੰਡੀਅਨ ਐਕਸਪ੍ਰੈੱਸ ਮੁਤਾਬਕ ਕਾਂਗਰਸ ਵਰਕਿੰਗ ਕਮੇਟੀ ਦੀ ਬੁੱਧਵਾਰ ਨੂੰ ਦਿੱਲੀ ਵਿੱਚ ਹੋਈ ਮੀਟਿੰਗ ਤੋਂ ਬਾਅਦ ਪੰਜਾਬ ਵਿੱਚ ਲੀਡਰਸ਼ਿਪ ਬਦਲਾਅ ਦੇ ਸੰਕੇਤ ਮਿਲੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਗਲੇ ਕੁਝ ਦਿਨਾਂ ਵਿੱਚ ਇਸ ਬਾਰੇ ਫੈਸਲਾ ਹੋ ਸਕਦਾ ਹੈ। ਇਸ ਦੌਰਾਨ ਪਾਰਟੀ ਦੇ ਨਵੇਂ ਪੰਜਾਬ ਇੰਚਾਰਜ ਸਚਿਨ ਪਾਇਲਟ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਕਾਂਗਰਸ ਪੰਜਾਬ ਵਿੱਚ ਇਕਜੁੱਟ ਹੈ ਅਤੇ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਚੁੱਕੀ ਹੈ। ਹੁਣ ਨਜ਼ਰ ਕਾਂਗਰਸ ਹਾਈਕਮਾਂਡ ਦੇ ਅਗਲੇ ਐਲਾਨ 'ਤੇ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਅਗਵਾਈ ਕਿਸ ਆਗੂ ਨੂੰ ਦਿੱਤੀ ਜਾਂਦੀ ਹੈ।

# ਅਮਰੀਕਾ 'ਚ ਟਰੱਕਿੰਗ ਕੰਪਨੀਆਂ ਖਰੀਦ ਕੇ ਚੋਰੀ ਕਰਦੇ ਸਨ ਮਹਿੰਗਾ ਕਾਰਗੋ, 2 ਪੰਜਾਬੀ ਮੂਲ ਦੇ ਨੌਜਵਾਨ ਦੋਸ਼ੀ ਕਰਾਰ



ਅਮਰੀਕਾ ਵਿੱਚ ਦੱਖਣੀ ਕੈਲੀਫੋਰਨੀਆ ਦੇ ਵੱਖ-ਵੱਖ ਇਲਾਕਿਆਂ ਵਿੱਚ ਗੋਦਾਮਾਂ ਤੋਂ ਮਹਿੰਗਾ ਕਾਰਗੋ ਚੋਰੀ ਕਰਨ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਦੋ ਭਾਰਤੀ ਨਾਗਰਿਕਾਂ ਨੂੰ ਜਿਊਰੀ ਨੇ ਦੋਸ਼ੀ ਕਰਾਰ ਦਿੱਤਾ ਹੈ। ਦੋਸ਼ ਹੈ ਕਿ ਮੁਲਜ਼ਮਾਂ ਨੇ ਜਾਇਜ਼ ਟਰੱਕਿੰਗ ਕੰਪਨੀਆਂ ਦਾ ਸਹਾਰਾ ਲੈ ਕੇ ਅਸਲ ਸ਼ਿਪਿੰਗ ਠੇਕਿਆਂ 'ਤੇ ਬੋਲੀ ਲਗਾਈ, ਮਾਲ ਚੁੱਕਿਆ ਅਤੇ ਉਸ ਨੂੰ ਮੰਜ਼ਿਲ ਤੱਕ ਪਹੁੰਚਾਉਣ ਦੀ ਬਜਾਏ ਕਥਿਤ ਤੌਰ 'ਤੇ ਚੋਰੀ ਕਰ ਲਿਆ।

ਸੈਕਰਾਮੈਂਟੋ ਦੇ ਰਹਿਣ ਵਾਲੇ 28 ਸਾਲਾ ਅਰਸ਼ਪ੍ਰੀਤ ਸਿੰਘ ਅਤੇ ਫੋਂਟਾਨਾ ਦੇ 31 ਸਾਲਾ ਵਿਕਰਮਜੀਤ ਸਿੰਘ ਨੂੰ ਅੰਤਰ-ਰਾਜ ਜਾਂ ਵਿਦੇਸ਼ੀ ਸ਼ਿਪਮੈਂਟਾਂ ਵਿੱਚੋਂ ਚੋਰੀ ਕਰਨ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਹੈ। ਇਸ ਤੋਂ ਇਲਾਵਾ ਅਰਸ਼ਪ੍ਰੀਤ ਸਿੰਘ ਨੂੰ ਵਾਇਰ ਫਰਾਡ ਕਰਨ ਦੀ ਸਾਜ਼ਿਸ਼ ਦੇ ਇੱਕ ਹੋਰ ਮਾਮਲੇ ਵਿੱਚ ਵੀ ਦੋਸ਼ੀ ਠਹਿਰਾਇਆ ਗਿਆ ਹੈ।

ਸੱਤ ਦਿਨ ਚੱਲੇ ਮੁਕੱਦਮੇ ਦੌਰਾਨ ਪੇਸ਼ ਕੀਤੇ ਸਬੂਤਾਂ ਮੁਤਾਬਕ ਮਾਰਚ 2024 ਤੋਂ ਜੂਨ 2025 ਤੱਕ ਅਰਸ਼ਪ੍ਰੀਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਟਰੱਕਿੰਗ ਕੰਪਨੀਆਂ ਨੂੰ ਖਰੀਦਿਆ ਜਾਂ ਕਥਿਤ ਤੌਰ 'ਤੇ ਧੋਖੇ ਨਾਲ ਵਰਤਿਆ। ਇਨ੍ਹਾਂ ਕੰਪਨੀਆਂ ਦੇ ਨਾਂ 'ਤੇ ਸ਼ਿਪਿੰਗ ਲੋਡ ਲਈ ਬੋਲੀਆਂ ਲਗਾਈਆਂ ਜਾਂਦੀਆਂ ਸਨ।

ਬੋਲੀ ਜਿੱਤਣ ਤੋਂ ਬਾਅਦ ਮਾਲ ਚੁੱਕ ਲਿਆ ਜਾਂਦਾ ਸੀ, ਪਰ ਉਸ ਨੂੰ ਤੈਅ ਕੀਤੇ ਪਤੇ 'ਤੇ ਪਹੁੰਚਾਉਣ ਦੀ ਬਜਾਏ ਕਥਿਤ ਤੌਰ 'ਤੇ ਚੋਰੀ ਕਰ ਲਿਆ ਜਾਂਦਾ ਸੀ।

### ਟੀਵੀ, ਲੈਪਟਾਪ ਤੋਂ ਲੈ ਕੇ ਟਾਇਰ ਤੱਕ ਚੋਰੀ

ਜਾਂਚ ਮੁਤਾਬਕ ਚੋਰੀ ਕੀਤੇ ਗਏ ਸਮਾਨ ਵਿੱਚ ਮਹਿੰਗੇ ਇਲੈਕਟ੍ਰਾਨਿਕ ਉਤਪਾਦ, ਟੈਲੀਵਿਜ਼ਨ, ਲੈਪਟਾਪ ਅਤੇ ਹੋਰ ਉੱਚ ਕੀਮਤ ਵਾਲੀਆਂ ਖਪਤਕਾਰ ਵਸਤੂਆਂ ਸ਼ਾਮਲ ਸਨ। ਇਸ ਤੋਂ ਇਲਾਵਾ ਵੈਕਿਊਮ ਕਲੀਨਰ, ਐੱਲ.ਈ.ਡੀ. ਲਾਈਟਾਂ, ਜੁੱਤੇ ਅਤੇ ਟਾਇਰ ਵੀ ਕਥਿਤ ਤੌਰ 'ਤੇ ਚੋਰੀ ਕੀਤੇ ਗਏ। ਅਧਿਕਾਰੀਆਂ ਮੁਤਾਬਕ ਇਸ ਪੂਰੀ ਸਾਜ਼ਿਸ਼ ਕਾਰਨ ਘੱਟੋ-ਘੱਟ 20 ਲੱਖ ਡਾਲਰ ਦਾ ਨੁਕਸਾਨ ਹੋਇਆ। ਇਹ ਮਾਮਲੇ ਦੱਖਣੀ ਕੈਲੀਫੋਰਨੀਆ ਦੇ ਫੋਂਟਾਨਾ, ਵਰਨਨ, ਸਾਂਤਾ ਫੇ ਸਪ੍ਰਿੰਗਜ਼, ਪੇਰਿਸ, ਸਿਟੀ ਆਫ਼ ਇੰਡਸਟਰੀ, ਲੌਂਗ ਬੀਚ, ਕੰਪਟਨ, ਕਾਮਰਸ, ਪਿਕੋ ਰਿਵੇਰਾ, ਚੀਨੋ ਅਤੇ ਮੋਰੇਨੋ ਵੈਲੀ ਸਮੇਤ ਕਈ ਇਲਾਕਿਆਂ ਨਾਲ ਜੁੜੇ ਹਨ। ਇਸ ਤੋਂ ਇਲਾਵਾ ਟੈਕਸਾਸ ਦੇ ਗ੍ਰੈਂਡ ਪ੍ਰੇਰੀ ਵਿੱਚ ਵੀ ਚੋਰੀ ਦੇ ਮਾਮਲੇ ਸਾਹਮਣੇ ਆਏ।

### ਟਰੱਕਿੰਗ ਕੰਪਨੀਆਂ ਖਰੀਦ ਕੇ ਬਣਾਈ ਯੋਜਨਾ

ਮਾਮਲੇ ਵਿੱਚ ਸਾਹਮਣੇ ਆਏ ਸਬੂਤਾਂ ਅਨੁਸਾਰ ਮਾਰਚ 2024 ਵਿੱਚ ਅਰਸ਼ਪ੍ਰੀਤ ਸਿੰਘ ਨੇ ਟੈਕਸਾਸ ਸਥਿਤ Z&F Transportation LLC ਦੇ ਮਾਲਕ ਨਾਲ ਮੁਲਾਕਾਤ ਕੀਤੀ ਅਤੇ ਲਗਭਗ 22 ਹਜ਼ਾਰ ਡਾਲਰ ਵਿੱਚ ਕੰਪਨੀ ਖਰੀਦਣ ਦੀ ਗੱਲ ਕੀਤੀ।

ਇਸ ਤੋਂ ਬਾਅਦ ਉਸੇ ਮਹੀਨੇ ਇੱਕ ਸਹਿ-ਸਾਜ਼ਿਸ਼ਕਰਤਾ ਨੇ ਇਸ ਕੰਪਨੀ ਦੇ ਨਾਂ 'ਤੇ ਫੋਂਟਾਨਾ ਤੋਂ ਟੈਲੀਵਿਜ਼ਨਾਂ ਦਾ ਇੱਕ ਲੋਡ ਚੁੱਕਿਆ। ਇਹ ਮਾਲ ਫਲੋਰੀਡਾ ਦੇ ਨਿਰਧਾਰਤ ਟਿਕਾਣੇ 'ਤੇ ਨਹੀਂ ਪਹੁੰਚਿਆ। ਮਈ 2024 ਵਿੱਚ ਸਹਿ-ਸਾਜ਼ਿਸ਼ਕਰਤਾਵਾਂ ਨੇ Skyways Trucking LLC ਨਾਮ ਦੀ ਇੱਕ ਹੋਰ ਕੈਰੀਅਰ ਕੰਪਨੀ ਖਰੀਦੀ। ਦੋਸ਼ ਹੈ ਕਿ ਇਸ ਕੰਪਨੀ ਰਾਹੀਂ ਲੈਪਟਾਪ, ਟੈਲੀਵਿਜ਼ਨ, ਸੋਲਰ ਪੈਨਲ ਅਤੇ ਹੋਰ ਸਮਾਨ ਵਾਲੇ ਲੋਡ ਬੁੱਕ ਕੀਤੇ ਗਏ। ਇਹ ਲੋਡ Uber Freight ਵਰਗੇ ਬ੍ਰੋਕਰਾਂ ਰਾਹੀਂ ਲਏ ਜਾਂਦੇ ਸਨ ਅਤੇ ਬਾਅਦ ਵਿੱਚ ਤੈਅ ਮੰਜ਼ਿਲ 'ਤੇ ਨਹੀਂ ਪਹੁੰਚਾਏ ਜਾਂਦੇ ਸਨ। ਵਿਕਰਮਜੀਤ ਸਿੰਘ ਨੂੰ ਵਾਇਰ ਫਰਾਡ ਦੀ ਸਾਜ਼ਿਸ਼ ਵਾਲੇ ਇੱਕ ਮਾਮਲੇ ਵਿੱਚ ਜਿਊਰੀ ਨੇ ਬਰੀ ਕਰ ਦਿੱਤਾ ਹੈ।

ਅਮਰੀਕੀ ਡਿਸਟ੍ਰਿਕਟ ਜੱਜ ਐਨ ਹਵਾਂਗ ਨੇ ਦੋਵਾਂ ਦੀ ਸਜ਼ਾ ਸੁਣਾਉਣ ਲਈ 20 ਜਨਵਰੀ 2027 ਦੀ ਤਾਰੀਖ ਤੈਅ ਕੀਤੀ ਹੈ। ਅਰਸ਼ਪ੍ਰੀਤ ਸਿੰਘ ਨੂੰ ਦੋਸ਼ੀ ਠਹਿਰਾਏ ਗਏ ਮਾਮਲਿਆਂ ਵਿੱਚ ਫੈਡਰਲ ਜੇਲ੍ਹ ਦੀ ਵੱਧ ਤੋਂ ਵੱਧ 20 ਸਾਲ ਦੀ ਸਜ਼ਾ ਹੋ ਸਕਦੀ ਹੈ, ਜਦਕਿ ਵਿਕਰਮਜੀਤ ਸਿੰਘ ਨੂੰ ਵੱਧ ਤੋਂ ਵੱਧ 5 ਸਾਲ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮਾਮਲੇ ਦੀ ਜਾਂਚ FBI ਦੀ ਇਨਲੈਂਡ ਵਾਇਲੈਂਟ ਕਰਾਈਮ ਸਪ੍ਰੈਸ਼ਨ ਟਾਸਕ ਫੋਰਸ, IRS ਕ੍ਰਿਮਿਨਲ ਇਨਵੈਸਟੀਗੇਸ਼ਨ ਅਤੇ ਕਈ ਸਥਾਨਕ ਪੁਲੀਸ ਤੇ ਸ਼ੈਰਿਫ ਵਿਭਾਗਾਂ ਨੇ ਕੀਤੀ। ਕੇਸ ਦੀ ਪੈਰਵੀ ਅਮਰੀਕੀ ਅਟਾਰਨੀ ਦਫ਼ਤਰ ਦੇ ਟਰਾਂਸਨੈਸ਼ਨਲ ਆਰਗੇਨਾਈਜ਼ਡ ਕਰਾਈਮ ਅਤੇ ਜਨਰਲ ਕਰਾਈਮਜ਼ ਸੈਕਸ਼ਨ ਵੱਲੋਂ ਕੀਤੀ ਜਾ ਰਹੀ ਹੈ।

# 'ਕਦੋਂ ਮੌਸਮ ਬਦਲ ਜਾਵੇ ਅਤੇ ਕਦੋਂ ਪ੍ਰਧਾਨ ਬਦਲ ਜਾਵੇ, ਕੁਝ ਪਤਾ ਨਹੀਂ ਲੱਗਦਾ': ਪ੍ਰਤਾਪ ਬਾਜਵਾ



ਪੰਜਾਬ ਕਾਂਗਰਸ ਵਿੱਚ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਅੰਦਰੂਨੀ ਖਿੱਚੋਤਾਣ ਵਿਚਕਾਰ ਪਿਛਲੇ ਦੋ-ਤਿੰਨ ਦਿਨਾਂ ਤੋਂ ਸੂਬਾ ਪ੍ਰਧਾਨ ਅਤੇ ਜਥੇਬੰਦਕ ਢਾਂਚੇ ਵਿੱਚ ਤਬਦੀਲੀਆਂ ਨੂੰ ਲੈ ਕੇ ਚਰਚਾਵਾਂ ਤੇਜ਼ ਹੋ ਗਈਆਂ ਹਨ। ਇਸੇ ਦੌਰਾਨ ਅੱਜ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੱਡਾ ਬਿਆਨ ਦਿੱਤਾ ਹੈ। ਬਾਜਵਾ ਨੇ ਪੰਜਾਬ ਕਾਂਗਰਸ ਦੇ ਜਥੇਬੰਦਕ ਢਾਂਚੇ ਵਿੱਚ ਬਦਲਾਅ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ 'ਕਦੋਂ ਮੌਸਮ ਬਦਲ ਜਾਵੇ ਅਤੇ ਕਦੋਂ ਪ੍ਰਧਾਨ ਬਦਲ ਜਾਵੇ' ਕੁਝ ਪਤਾ ਨਹੀਂ ਲੱਗਦਾ ਹੈ। ਇਸ ਗੱਲ ਦਾ ਪ੍ਰਗਟਾਵਾ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਚੰਡੀਗੜ੍ਹ ਵਿਖੇ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬਾਜਵਾ ਨੇ ਬਾਅਦ ਵਿੱਚ ਸਪੱਸ਼ਟ ਕੀਤਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਦਲਣ ਬਾਰੇ ਉਨ੍ਹਾਂ ਨੂੰ ਕੁਝ ਨਹੀਂ ਪਤਾ ਹੈ। ਇਹ ਫ਼ੈਸਲਾ ਪਾਰਟੀ ਹਾਈਕਮਾਂਡ ਦਾ ਹੈ ਅਤੇ ਪਾਰਟੀ ਹਾਈਕਮਾਂਡ ਵੱਲੋਂ ਹੀ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਵੱਲੋਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਰਾਹੁਲ ਗਾਂਧੀ ਦੇ ਅਕਤੂਬਰ ਮਹੀਨੇ ਦੇ ਦੂਜੇ ਜਾਂ ਤੀਜੇ ਹਫ਼ਤੇ ਵਿੱਚ ਆਉਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਲੋਕਾਂ ਨਾਲ ਰਾਬਤਾ ਬਣਾਉਣ ਲਈ ਸੂਬਾ ਪੱਧਰੀ ਰੈਲੀ ਕੱਢੀ ਜਾਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੂੰ ਬਦਲ ਕੇ ਸਚਿਨ ਪਾਇਲਟ ਨੂੰ ਲਗਾਏ ਜਾਣ ਤੋਂ ਬਾਅਦ ਸਚਿਨ ਪਾਇਲਟ ਵੱਲੋਂ ਪੰਜਾਬ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਸਾਰਿਆਂ ਨੂੰ ਇਕਜੁੱਟ ਹੋਣ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ।












# ਅਫ਼ਗਾਨਿਸਤਾਨ 'ਚ ਪਾਕਿਸਤਾਨੀ ਹਵਾਈ ਹਮਲੇ

## ਔਰਤਾਂ ਅਤੇ ਬੱਚਿਆਂ ਸਮੇਤ 9 ਜਣੇ ਹਲਾਕ, 11 ਜ਼ਖ਼ਮੀ



ਦੋਵਾਂ ਦੱਖਣੀ ਏਸ਼ੀਆਈ ਗੁਆਂਢੀ ਦੇਸ਼ਾਂ ਵਿਚਾਲੇ ਸਰਹੱਦ ਪਾਰੋਂ ਵਧ ਰਹੀਆਂ ਦੁਸ਼ਮਣੀ ਭਰਪੂਰ ਕਾਰਵਾਈਆਂ ਦੌਰਾਨ, ਅਫ਼ਗਾਨ ਸਰਕਾਰ ਮੁਤਾਬਕ ਵੀਰਵਾਰ ਨੂੰ ਤਾਜ਼ਾ ਪਾਕਿਸਤਾਨੀ ਹਵਾਈ ਹਮਲਿਆਂ ਵਿੱਚ ਅਫ਼ਗਾਨ ਖੇਤਰ ਵਿੱਚ ਨੌਂ ਲੋਕ ਮਾਰੇ ਗਏ ਅਤੇ 11 ਹੋਰ ਜ਼ਖ਼ਮੀ ਹੋ ਗਏ।

ਅਫ਼ਗਾਨ ਸਰਕਾਰ ਦੇ ਮੁੱਖ ਬੁਲਾਰੇ ਨੇ 'ਐਕਸ' 'ਤੇ ਸਾਂਝੇ ਕੀਤੇ ਗਏ ਇੱਕ ਬਿਆਨ ਵਿੱਚ ਪੁਸ਼ਟੀ ਕੀਤੀ ਕਿ ਇਸ ਤਬਾਹਕੁੰਨ ਬੰਬਾਰੀ ਨੇ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਨਾਲ ਕੁਨੜ ਅਤੇ ਹਲਮੰਦ ਸੂਬਿਆਂ ਵਿੱਚ ਸਥਿਤ ਤਿੰਨ ਘਰ ਤਬਾਹ ਹੋ ਗਏ। ਫ਼ੌਜੀ ਹਮਲਿਆਂ ਕਾਰਨ ਨਾਗਰਿਕਾਂ ਦੇ ਵੱਧ ਰਹੇ ਜਾਨੀ ਨੁਕਸਾਨ ਦੀ ਪੁਸ਼ਟੀ ਕਰਦਿਆਂ ਮੁੱਖ ਬੁਲਾਰੇ ਨੇ ਕਿਹਾ ਕਿ ਔਰਤਾਂ ਅਤੇ ਬੱਚਿਆਂ ਸਮੇਤ ਘੱਟੋ-ਘੱਟ ਨੌਂ ਲੋਕ ਮਾਰੇ ਗਏ ਹਨ।

ਇਸ ਗ਼ੈਰ-ਵਾਜਬ ਫ਼ੌਜੀ ਹਮਲੇ ਦੀ ਸਖ਼ਤ ਨਿਖੇਧੀ ਕਰਦਿਆਂ ਮੁਜਾਹਿਦ ਨੇ ਦਾਅਵਾ ਕੀਤਾ, "ਅਸੀਂ ਇਸ ਕਾਰਵਾਈ ਨੂੰ ਸਾਰੇ ਪ੍ਰਵਾਨਿਤ ਅਸੂਲਾਂ ਦੀ ਉਲੰਘਣਾ ਕਰਦਿਆਂ ਇੱਕ ਹਮਲੇ ਅਤੇ ਅਪਰਾਧ ਵਜੋਂ ਨਿੰਦਾ ਕਰਦੇ ਹਾਂ।"

ਇਹ ਘਾਤਕ ਹਮਲੇ ਪਾਕਿਸਤਾਨ ਦੀਆਂ ਫ਼ੌਜੀ ਕਾਰਵਾਈਆਂ ਦੇ ਸਿਲਸਿਲੇ ਦਾ ਹਿੱਸਾ ਹਨ, ਜਿਸ ਨੇ ਇਸ ਸਾਲ ਦੇ ਸ਼ੁਰੂ ਵਿੱਚ ਸਰਹੱਦੀ ਵਿਵਾਦਾਂ ਦੇ ਚੱਲਦਿਆਂ ਵਧੇ ਤਣਾਅ ਦੌਰਾਨ ਵਾਰ-ਵਾਰ ਅਫਗਾਨ ਖੇਤਰ ਦੇ ਅੰਦਰ ਬਿਨਾਂ ਇਜਾਜ਼ਤ ਹਵਾਈ ਹਮਲੇ ਕੀਤੇ ਹਨ।

ਇਸਲਾਮਬਾਦ ਦੀਆਂ ਫ਼ੌਜੀ ਮੁਹਿੰਮਾਂ ਦੇ ਗੰਭੀਰ ਮਨੁੱਖੀ ਨੁਕਸਾਨ ਨੂੰ ਉਜਾਗਰ ਕਰਦਿਆਂ, ਅਫ਼ਗਾਨਿਸਤਾਨ ਵਿੱਚ ਸੰਯੁਕਤ ਰਾਸ਼ਟਰ ਮਿਸ਼ਨ ਨੇ ਪਿਛਲੇ ਹਫ਼ਤੇ ਰਿਪੋਰਟ ਦਿੱਤੀ ਸੀ ਕਿ ਉਸ ਨੇ ਇਸ ਸਾਲ ਹੁਣ ਤੱਕ ਸਰਹੱਦ ਪਾਰ ਦੀ ਹਿੰਸਾ ਕਾਰਨ 1,100 ਤੋਂ ਵੱਧ ਨਾਗਰਿਕਾਂ ਦੇ ਮਾਰੇ ਜਾਣ ਜਾਂ ਜ਼ਖ਼ਮੀ ਹੋਣ ਦੇ ਮਾਮਲੇ ਦਰਜ ਕੀਤੇ ਹਨ। ਜਦੋਂ ਕਿ ਪਾਕਿਸਤਾਨ ਨਾਗਰਿਕਾਂ ਦੇ ਜਾਨੀ ਨੁਕਸਾਨ ਤੋਂ ਇਨਕਾਰ ਕਰਕੇ ਅਤੇ ਅਤਿਵਾਦੀਆਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕਰਕੇ ਅੰਤਰਰਾਸ਼ਟਰੀ ਆਲੋਚਨਾ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ, ਕਾਬੁਲ ਨੇ ਅਤਿਵਾਦੀ ਸਮੂਹਾਂ ਨੂੰ ਪਨਾਹ ਦੇਣ ਦੇ ਬੇਬੁਨਿਆਦ ਦੋਸ਼ਾਂ ਨੂੰ ਰੱਦ ਕਰਦਿਆਂ ਆਪਣਾ ਪੱਕਾ ਰੁਖ਼ ਬਰਕਰਾਰ ਰੱਖਿਆ ਹੈ। ਇਸਲਾਮਬਾਦ ਲਗਾਤਾਰ ਅਫ਼ਗਾਨ ਸਰਕਾਰ ਉੱਤੇ ਤਹਿਰੀਕ-ਏ-ਤਾਲੀਬਾਨ ਪਾਕਿਸਤਾਨ ਵਰਗੇ ਧੜਿਆਂ ਨੂੰ ਅਫ਼ਗਾਨ ਧਰਤੀ ਤੋਂ ਕੰਮ ਕਰਨ ਦੀ ਇਜਾਜ਼ਤ ਦੇਣ ਦਾ ਦੋਸ਼ ਲਾਉਂਦਾ ਰਿਹਾ ਹੈ, ਜਿਨ੍ਹਾਂ ਦੋਸ਼ਾਂ ਨੂੰ ਕਾਬੁਲ ਨੇ ਪਾਕਿਸਤਾਨ ਵੱਲੋਂ ਆਪਣੀ ਅੰਦਰੂਨੀ ਸੁਰੱਖਿਆ ਦੀਆਂ ਨਾਕਾਮੀਆਂ ਤੋਂ ਧਿਆਨ ਭਟਕਾਉਣ ਦੀਆਂ ਕੋਸ਼ਿਸ਼ਾਂ ਕਰਾਰ ਦਿੰਦਿਆਂ ਸਿਰੇ ਤੋਂ ਖ਼ਾਰਜ ਕਰ ਦਿੱਤਾ ਹੈ।

# ਅਮਰੀਕਾ ਵੱਲੋਂ ਭਾਰਤ ਨੂੰ ਵੱਡੀ ਰਾਹਤ

## ਵਿਸ਼ੇਸ਼ ਦਵਾਈਆਂ 'ਤੇ 100 ਫੀਸਦੀ ਦਰਾਮਦ ਡਿਊਟੀ ਖ਼ਤਮ



ਅਮਰੀਕਾ ਨੇ ਐਲਾਨ ਕੀਤਾ ਹੈ ਕਿ ਭਾਰਤ ਸਮੇਤ 19 ਹੋਰ ਭਾਈਵਾਲ ਖੇਤਰਾਂ ਤੋਂ ਮੰਗਵਾਈਆਂ ਜਾਣ ਵਾਲੀਆਂ ਖਾਸ ਸਪੈਸ਼ਲਿਟੀ ਦਵਾਈਆਂ ਅਤੇ ਉਨ੍ਹਾਂ ਦੀ ਸਮੱਗਰੀ (ਕੰਪੋਨੈਂਟਸ) ਉੱਤੇ ਕੋਈ ਦਰਾਮਦ ਡਿਊਟੀ ਨਹੀਂ ਲੱਗੇਗੀ। ਇਹ ਫ਼ੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਅਮਰੀਕਾ ਕੁਝ ਖਾਸ ਪੇਟੈਂਟ ਫਾਰਮਾਸਿਊਟੀਕਲ ਉਤਪਾਦਾਂ ਉੱਤੇ ਪੂਰੇ 100 ਫੀਸਦੀ ਟੈਰਿਫ ਵੱਲ ਵਧ ਰਿਹਾ ਹੈ। ਅਮਰੀਕੀ ਵਣਜ ਵਿਭਾਗ ਵੱਲੋਂ ਫੈਡਰਲ ਰਜਿਸਟਰ ਵਿੱਚ ਇੱਕ ਅਧਿਕਾਰਤ ਸੂਚੀ ਜਾਰੀ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਦੇਸ਼ਾਂ ਅਤੇ ਖੇਤਰਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦੇ ਯੋਗ ਫਾਰਮਾਸਿਊਟੀਕਲ ਉਤਪਾਦਾਂ ਨੂੰ ਜ਼ੀਰੋ-ਟੈਰਿਫ (ਬਿਨਾਂ ਕਿਸੇ ਟੈਕਸ) ਦੀ ਛੋਟ ਮਿਲੇਗੀ। ਇਹ ਜ਼ੀਰੋ-ਟੈਰਿਫ ਨੀਤੀ ਹਰ ਦਵਾਈ ਉੱਤੇ ਲਾਗੂ ਨਹੀਂ ਹੁੰਦੀ। ਇਹ ਸਿਰਫ਼ ਕੁਝ ਖਾਸ ਸਪੈਸ਼ਲਿਟੀ ਫਾਰਮਾਸਿਊਟੀਕਲ ਉਤਪਾਦਾਂ ਤੱਕ ਹੀ ਸੀਮਤ ਹੈ। ਇਨ੍ਹਾਂ ਵਿੱਚ ਦੁਰਲੱਭ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ, ਪ੍ਰਮਾਣੂ ਦਵਾਈਆਂ (ਨਿਊਕਲੀਅਰ ਮੈਡੀਸਨਜ਼), ਪਲਾਜ਼ਮਾ ਤੋਂ ਤਿਆਰ ਥੈਰੇਪੀਆਂ ਅਤੇ ਬੱਚਾ ਪੈਦਾ ਕਰਨ ਦੀ ਸਮਰੱਥਾ (ਫਰਟੀਲਿਟੀ) ਨਾਲ ਜੁੜੀਆਂ ਦਵਾਈਆਂ ਸ਼ਾਮਲ ਹਨ। ਇਸ ਛੋਟ ਵਿੱਚ ਸੈੱਲ ਅਤੇ ਜੀਨ ਥੈਰੇਪੀਆਂ, ਐਂਟੀਬਾਡੀ-ਡਰੱਗ ਕੌਂਜੂਗੇਟਸ (ADCs) ਅਤੇ ਰਸਾਇਣਕ, ਜੈਵਿਕ, ਰੇਡੀਓਲਾਜੀਕਲ ਅਤੇ ਪ੍ਰਮਾਣੂ ਖਤਰਿਆਂ ਨਾਲ ਨਜਿੱਠਣ ਲਈ ਵਰਤੀਆਂ ਜਾਣ ਵਾਲੀਆਂ ਕੁਝ ਦਵਾਈਆਂ ਵੀ ਸ਼ਾਮਲ ਹਨ। ਰਿਪੋਰਟਾਂ ਮੁਤਾਬਕ ਪਸ਼ੂਆਂ ਦੀਆਂ ਕੁਝ ਦਵਾਈਆਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਵਣਜ ਵਿਭਾਗ 'ਆਰਫਨ ਡਰੱਗ' (ਅਨਾਥ ਦਵਾਈ) ਨੂੰ ਇੱਕ ਅਜਿਹੇ ਫਾਰਮਾਸਿਊਟੀਕਲ ਜਾਂ ਜੈਵਿਕ ਉਤਪਾਦ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ ਇੱਕ ਜਾਂ ਇੱਕ ਤੋਂ ਵੱਧ ਦੁਰਲੱਭ ਬਿਮਾਰੀਆਂ ਜਾਂ ਹਾਲਤਾਂ ਲਈ ਤਿਆਰ ਕੀਤਾ ਗਿਆ ਹੋਵੇ, ਜਿੱਥੇ ਉਸ ਦਵਾਈ ਦੀਆਂ ਸਾਰੀਆਂ ਪ੍ਰਵਾਨਿਤ ਅਰਜ਼ੀਆਂ ਦਾ ਟੀਚਾ ਉਹੀ ਬਿਮਾਰੀਆਂ ਹੁੰਦੀਆਂ ਹਨ। ਇਸ ਜ਼ੀਰੋ ਫੀਸਦੀ ਟੈਰਿਫ ਵਿੱਚ ਉਹ ਸਮੱਗਰੀ ਅਤੇ ਹੋਰ ਜ਼ਰੂਰੀ ਹਿੱਸੇ ਵੀ ਸ਼ਾਮਲ ਹਨ ਜੋ ਇਨ੍ਹਾਂ ਦਵਾਈਆਂ ਨੂੰ ਬਣਾਉਣ ਲਈ ਵਰਤੇ ਜਾਂਦੇ ਹਨ। ਅਮਰੀਕਾ ਨੇ ਕੁਝ ਲਾਇਸੈਂਸ ਵਾਲੇ ਫਾਰਮਾਸਿਊਟੀਕਲ ਉਤਪਾਦਾਂ ਅਤੇ ਉਨ੍ਹਾਂ ਦੇ ਹਿੱਸਿਆਂ ਉੱਤੇ 100 ਫੀਸਦੀ ਐਡ ਵੈਲੋਰਮ ਟੈਰਿਫ (ਯਾਨੀ ਉਤਪਾਦ ਦੀ ਕੀਮਤ ਦੇ ਹਿਸਾਬ ਨਾਲ ਤੈਅ ਕੀਤਾ ਜਾਣ ਵਾਲਾ ਟੈਕਸ) ਦਾ ਐਲਾਨ ਕੀਤਾ ਸੀ। ਇਹ ਡਿਊਟੀ ਟਰੰਪ ਦੇ ਐਲਾਨ ਦੇ ਇੱਕ ਸ਼ਿਸ਼ਟਾਚਾਰ (ਪਰਿਸ਼ਿਸ਼ਟ) ਵਿੱਚ ਸ਼ਾਮਲ ਕੰਪਨੀਆਂ ਲਈ 31 ਜੁਲਾਈ ਤੋਂ ਲਾਗੂ ਹੋ ਗਈ ਸੀ। ਇਸ ਮਾਪਦੰਡ ਤੋਂ ਪ੍ਰਭਾਵਿਤ ਹੋਰਨਾਂ ਕੰਪਨੀਆਂ ਲਈ ਇਹ ਟੈਰਿਫ ਮੰਗਲਵਾਰ, 29 ਸਤੰਬਰ ਤੋਂ ਲਾਗੂ ਹੋਣ ਲਈ ਤੈਅ ਕੀਤਾ ਗਿਆ ਹੈ। ਫਿਰ ਵੀ, ਵਣਜ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਫਾਰਮਾਸਿਊਟੀਕਲ ਉੱਤੇ ਸੈਕਸ਼ਨ 232 ਦੇ ਟੈਰਿਫ ਦਾ ਮੌਜੂਦਾ ਸਮੇਂ ਵਿੱਚ ਜੈਨਰਿਕ ਦਵਾਈਆਂ ਅਤੇ ਉਨ੍ਹਾਂ ਨਾਲ ਸਬੰਧਿਤ ਹਿੱਸਿਆਂ ਉੱਤੇ ਕੋਈ ਅਸਰ ਨਹੀਂ ਪਵੇਗਾ। ਇਸ ਦੌਰਾਨ, ਫਾਰਮਾਸਿਊਟੀਕਲ ਐਕਸਪੋਰਟ ਪ੍ਰਮੋਸ਼ਨ ਕੌਂਸਲ ਆਫ਼ ਇੰਡੀਆ ਨੇ ਰਿਪੋਰਟ ਦਿੱਤੀ ਹੈ ਕਿ ਭਾਰਤ ਨੇ 2024-25 ਵਿੱਚ 30.46 ਅਬਦੁਲ (ਬਿਲੀਅਨ) ਡਾਲਰ ਦੀਆਂ ਦਵਾਈਆਂ ਅਤੇ ਫਾਰਮਾਸਿਊਟੀਕਲ ਵਸਤੂਆਂ ਦਾ ਨਿਰਯਾਤ ਕੀਤਾ, ਜਿਸ ਵਿੱਚ ਅਮਰੀਕਾ ਇਸ ਦੇ ਸਭ ਤੋਂ ਵੱਡੇ ਬਾਜ਼ਾਰਾਂ ਵਿੱਚੋਂ ਇੱਕ ਹੈ। ਵਣਜ ਵਿਭਾਗ ਦੇ ਤਹਿਤ ਉਦਯੋਗ ਅਤੇ ਸੁਰੱਖਿਆ ਬਿਊਰੋ ਨੇ ਕਿਹਾ ਕਿ ਸਪੈਸ਼ਲਿਟੀ ਉਤਪਾਦ ਜ਼ੀਰੋ ਟੈਰਿਫ ਲਈ ਯੋਗ ਹੋ ਸਕਦੇ ਹਨ ਜੇਕਰ ਉਹ ਉਨ੍ਹਾਂ ਦੇਸ਼ਾਂ ਤੋਂ ਆਉਂਦੇ ਹਨ ਜਿਨ੍ਹਾਂ ਕੋਲ ਅਮਰੀਕਾ ਨਾਲ ਵਪਾਰ ਅਤੇ ਸੁਰੱਖਿਆ ਸਮਝੌਤਾ ਹੈ ਜਾਂ ਭਵਿੱਖ ਵਿੱਚ ਹੋਣ ਦੀ ਉਮੀਦ ਹੈ। ਭਾਰਤ ਨੂੰ ਅਰਜਨਟੀਨਾ, ਬੰਗਲਾਦੇਸ਼, ਕੰਬੋਡੀਆ, ਇਕਵਾਡੋਰ, ਅਲ ਸਵਾਡੋਰ, ਯੂਰਪੀਅਨ ਯੂਨੀਅਨ, ਗੁਆਟੇਮਾਲਾ, ਇੰਡੋਨੇਸ਼ੀਆ, ਜਾਪਾਨ, ਜਾਰਡਨ, ਮਲੇਸ਼ੀਆ, ਉੱਤਰੀ ਮੈਸੇਡੋਨੀਆ, ਦੱਖਣੀ ਕੋਰੀਆ, ਸਵਿਟਜ਼ਰਲੈਂਡ, ਲੀਚਟਨਸਟਾਈਨ, ਤਾਈਵਾਨ, ਥਾਈਲੈਂਡ, ਯੂਨਾਈਟਿਡ ਕਿੰਗਡਮ ਅਤੇ ਵੀਅਤਨਾਮ ਦੇ ਨਾਲ ਸੂਚੀਬੱਧ ਕੀਤਾ ਗਿਆ ਹੈ। ਵਰਲਡ ਕਸਟਮਜ਼ ਆਰਗੇਨਾਈਜ਼ੇਸ਼ਨ ਐਡ ਵੈਲੋਰਮ ਟੈਰਿਫ ਨੂੰ ਉਨ੍ਹਾਂ ਵਸਤੂਆਂ ਦੇ ਵਿੱਤੀ ਮੁੱਲ ਦੀ ਇੱਕ ਖਾਸ ਪ੍ਰਤੀਸ਼ਤਤਾ ਵਜੋਂ ਪਰਿਭਾਸ਼ਿਤ ਕਰਦੀ ਹੈ ਜਿਨ੍ਹਾਂ ਉੱਤੇ ਟੈਕਸ ਲਗਾਇਆ ਜਾਂਦਾ ਹੈ। ਵਣਜ ਵਿਭਾਗ ਨੇ ਕੰਪਨੀਆਂ ਲਈ ਅਮਰੀਕਾ ਵਿੱਚ ਸਿਹਤ ਸੰਕਟ ਨਾਲ ਨਜਿੱਠਣ ਲਈ ਜ਼ਰੂਰੀ ਵਿਸ਼ੇਸ਼ ਦਵਾਈਆਂ ਲਈ ਟੈਰਿਫ ਤੋਂ ਛੋਟ ਦੀ ਮੰਗ ਕਰਨ ਵਾਸਤੇ ਇੱਕ ਰਸਤਾ ਤਿਆਰ ਕੀਤਾ ਹੈ। ਇਹ ਸਹਾਇਤਾ ਮੰਗਣ ਵਾਲੀਆਂ ਫ਼ਰਮਾਂ ਨੂੰ ਉਤਪਾਦ ਦੇ ਵਰਗੀਕਰਨ, ਸਰਗਰਮ ਤੱਤਾਂ, ਉਤਪਾਦਕ, ਮੂਲ ਦੇਸ਼ ਅਤੇ ਸ਼ਾਮਲ ਡਾਕਟਰੀ ਜ਼ਰੂਰਤ ਬਾਰੇ ਜਾਣਕਾਰੀ ਜਮ੍ਹਾਂ ਕਰਾਉਣੀ ਪਵੇਗੀ। ਵਣਜ ਵਿਭਾਗ ਅਮਰੀਕੀ ਵਪਾਰ ਪ੍ਰਤੀਨਿਧੀ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਤਾਲਮੇਲ ਨਾਲ ਇਨ੍ਹਾਂ ਬੇਨਤੀਆਂ ਦਾ ਵਿਅਕਤੀਗਤ ਤੌਰ 'ਤੇ ਮੁਲਾਂਕਣ ਕਰੇਗਾ।

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter
THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਅਕਾਲੀ ਆਗੂ ਬਿਕਰਮ ਮਜੀਠੀਆ ਨੂੰ SIT ਦਾ ਸੰਮਨ ਜਾਰੀ,

## 5 ਅਕਤੂਬਰ ਨੂੰ ਹੋਣਾ ਪਵੇਗਾ ਪੇਸ਼



ਚੰਡੀਗੜ੍ਹ: ਬਿਕਰਮ ਸਿੰਘ ਮਜੀਠੀਆ ਨਾਲ ਜੁੜੇ ਡਰੱਗ ਮਾਮਲੇ ਦੀ ਜਾਂਚ ਮੁੜ ਚਰਚਾ ਵਿੱਚ ਆ ਗਈ ਹੈ। 6,000 ਕਰੋੜ ਰੁਪਏ ਦੇ ਡਰੱਗ ਮਾਮਲੇ ਵਿੱਚ ਬੁੱਧਵਾਰ ਨੂੰ ਵਿਸ਼ੇਸ਼ ਜਾਂਚ ਟੀਮ (SIT) ਨੇ ਸੀਨੀਅਰ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸੰਮਨ ਜਾਰੀ ਕੀਤਾ ਹੈ। ਉਨ੍ਹਾਂ ਨੂੰ 5 ਅਕਤੂਬਰ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ। ਜਗਦੀਸ਼ ਭੋਲਾ ਨੂੰ ਵੀ ਇਸੇ ਮਾਮਲੇ ਵਿੱਚ ਸੰਮਨ ਕੀਤਾ ਗਿਆ ਹੈ।

ਜਗਦੀਸ਼ ਭੋਲਾ ਦਾ ਨਾਮ ਇਸ ਮਾਮਲੇ ਦੀ ਪੁਰਾਣੀ ਜਾਂਚ ਵਿੱਚ ਮੁੱਖ ਤੌਰ 'ਤੇ ਸਾਹਮਣੇ ਆਇਆ ਸੀ। ਉਸ ਨੂੰ 2013 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਉਸ ਦੇ ਬਿਆਨਾਂ ਦੇ ਆਧਾਰ 'ਤੇ ਮਜੀਠੀਆ ਤੋਂ ਵੀ ਪੁੱਛਗਿੱਛ ਹੋਈ ਸੀ। ਮਜੀਠੀਆ ਨੂੰ ਦਸੰਬਰ 2021 ਵਿੱਚ ਐਨਡੀਪੀਐਸ ਐਕਟ ਤਹਿਤ ਦਰਜ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਸੀ। ਇਸ ਮਾਮਲੇ ਦੀ ਜਾਂਚ ਲਈ ਪੰਜਾਬ ਪੁਲਿਸ ਵੱਲੋਂ ਐਸਆਈਟੀ ਵੀ ਬਣਾਈ ਗਈ ਸੀ। FIR ਵਿੱਚ ਕਿਹਾ ਗਿਆ ਹੈ ਕਿ ਕਥਿਤ ਗਤੀਵਿਧੀਆਂ ਦਾ ਸਮਾਂ 2004 ਤੋਂ 2014 ਤੱਕ ਸੀ। ਜਗਦੀਸ਼ ਸਿੰਘ ਭੋਲਾ, ਜਗਜੀਤ ਸਿੰਘ ਚਾਹਲ, ਮਨਿੰਦਰ ਸਿੰਘ ਔਲਖ ਉਰਫ਼ ਬਿੱਟੂ ਔਲਖ ਅਤੇ ਹੋਰਾਂ ਦੇ ਬਿਆਨਾਂ ਦਾ ਵੀ ਜ਼ਿਕਰ ਹੋਇਆ। ਪੰਜਾਬ ਸਰਕਾਰ ਨੇ ਅਦਾਲਤ ਵਿੱਚ ਕਿਹਾ ਕਿ ਇਨ੍ਹਾਂ ਬਿਆਨਾਂ ਅਤੇ ਹੋਰ ਸਮੱਗਰੀ ਦੇ ਆਧਾਰ 'ਤੇ ਮਜੀਠੀਆ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ ਮਜੀਠੀਆ ਨੇ ਇਸ ਮਾਮਲੇ ਵਿੱਚ ਕਾਨੂੰਨੀ ਲੜਾਈ ਲੜੀ ਅਤੇ ਅੰਮ੍ਰਿਤਸਰ ਤੋਂ 2022 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ, ਪਰ ਬਾਅਦ ਵਿੱਚ ਉਹ ਜੇਲ੍ਹ ਚਲੇ ਗਏ। ਅਗਸਤ 2022 ਵਿੱਚ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ। ਮਜੀਠੀਆ ਪਹਿਲਾਂ ਵੀ ਇਸ ਕੇਸ ਨੂੰ ਲੈ ਕੇ ਕਈ ਸਵਾਲ ਉਠਾ ਚੁੱਕੇ ਹਨ। ਹੁਣ 5 ਅਕਤੂਬਰ ਦੀ ਪੁੱਛਗਿੱਛ ਨੂੰ ਲੈ ਕੇ ਧਿਆਨ ਇਸ ਗੱਲ 'ਤੇ ਹੈ ਕਿ ਐਸਆਈਟੀ ਦੋਵਾਂ ਤੋਂ ਕਿਹੜੇ ਸਵਾਲ ਕਰਦੀ ਹੈ ਅਤੇ ਕੀ ਉਨ੍ਹਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ ਜਾਂਦੀ ਹੈ।

# ਸਚਿਨ ਪਾਇਲਟ ਦੀ ਰਿਪੋਰਟ ਤੋਂ ਬਾਅਦ ਪੰਜਾਬ ਕਾਂਗਰਸ 'ਚ ਹੋ ਸਕਦੇ ਵੱਡੇ ਬਦਲਾਅ

## ਪ੍ਰਧਾਨ ਦੀ ਕੁਰਸੀ ਲਈ ਕਈ ਨਾਮ ਚਰਚਾ 'ਚ



ਚੰਡੀਗੜ੍ਹ: ਪੰਜਾਬ ਕਾਂਗਰਸ ਵਿੱਚ ਇੱਕ ਵਾਰ ਮੁੜ ਸੰਗਠਨਾਤਮਕ ਬਦਲਾਅ ਦੀ ਚਰਚਾ ਤੇਜ਼ ਹੋ ਗਈ ਹੈ। ਪਾਰਟੀ ਨਾਲ ਜੁੜੇ ਸੂਤਰਾਂ ਦਾ ਦਾਅਵਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਕਾਂਗਰਸ ਦੀ ਕਮਾਨ ਨੂੰ ਲੈ ਕੇ ਕੋਈ ਵੱਡਾ ਫੈਸਲਾ ਹੋ ਸਕਦਾ ਹੈ।

ਹਾਲਾਂਕਿ, ਹੁਣ ਤੱਕ ਕਾਂਗਰਸ ਹਾਈਕਮਾਨ ਵੱਲੋਂ ਵੜਿੰਗ ਨੂੰ ਹਟਾਉਣ ਜਾਂ ਨਵੇਂ ਪ੍ਰਧਾਨ ਦੀ ਨਿਯੁਕਤੀ ਬਾਰੇ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ। ਤਾਜ਼ਾ ਰਿਪੋਰਟਾਂ ਮੁਤਾਬਕ ਪੰਜਾਬ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਨੇ ਸੰਗਠਨ ਦੇ ਵੱਖ-ਵੱਖ ਆਗੂਆਂ ਤੋਂ ਫੀਡਬੈਕ ਲੈਣ ਦੀ ਕਵਾਇਦ ਸ਼ੁਰੂ ਕੀਤੀ ਹੈ।

**ਨਵਾਂ ਪ੍ਰਧਾਨ ਕੌਣ? ਕਈ ਨਾਮ ਚਰਚਾ 'ਚ**

ਪਾਰਟੀ ਸੂਤਰਾਂ ਮੁਤਾਬਕ ਜੇਕਰ ਪੰਜਾਬ ਕਾਂਗਰਸ ਦੇ ਪ੍ਰਧਾਨ ਵਿੱਚ ਬਦਲਾਅ ਹੁੰਦਾ ਹੈ ਤਾਂ ਕਈ ਸੀਨੀਅਰ ਆਗੂਆਂ ਦੇ ਨਾਮ ਚਰਚਾ ਵਿੱਚ ਹਨ। ਇਨ੍ਹਾਂ ਵਿੱਚ ਪ੍ਰਤਾਪ ਸਿੰਘ ਬਾਜਵਾ, ਵਿਜੈ ਇੰਦਰ ਸਿੰਗਲਾ, ਚਰਨਜੀਤ ਸਿੰਘ ਚੰਨੀ, ਪਰਗਟ ਸਿੰਘ, ਸੁਖਜਿੰਦਰ ਸਿੰਘ ਰੰਧਾਵਾ ਅਤੇ ਰਾਣਾ ਗੁਰਜੀਤ ਸਿੰਘ ਦੇ ਨਾਮ ਦੱਸੇ ਜਾ ਰਹੇ ਹਨ। ਹਾਲਾਂਕਿ, ਇਨ੍ਹਾਂ ਵਿੱਚੋਂ ਕਿਸੇ ਵੀ ਆਗੂ ਨੂੰ ਨਵਾਂ ਫਫਛ ਪ੍ਰਧਾਨ ਬਣਾਉਣ ਬਾਰੇ ਕੋਈ ਅਧਿਕਾਰਤ ਫੈਸਲਾ ਸਾਹਮਣੇ ਨਹੀਂ ਆਇਆ। ਇਸ ਲਈ ਇਹ ਨਾਮ ਫਿਲਹਾਲ ਸਿਆਸੀ ਚਰਚਾ ਅਤੇ ਸੂਤਰਾਂ ਦੇ ਦਾਅਵਿਆਂ ਤੱਕ ਹੀ ਸੀਮਤ ਹਨ।

**ਵੜਿੰਗ ਦੀ ਅਗਵਾਈ ਨੂੰ ਲੈ ਕੇ ਪੁਰਾਣਾ ਟਕਰਾਅ**

ਪੰਜਾਬ ਕਾਂਗਰਸ ਵਿੱਚ ਰਾਜਾ ਵੜਿੰਗ ਦੀ ਅਗਵਾਈ ਨੂੰ ਲੈ ਕੇ ਪਾਰਟੀ ਦੇ ਵੱਖ-ਵੱਖ ਧੜਿਆਂ ਵਿਚਕਾਰ ਲੰਬੇ ਸਮੇਂ ਤੋਂ ਮਤਭੇਦ ਰਹੇ ਹਨ। ਖਾਸ ਤੌਰ 'ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਜੁੜੇ ਧੜੇ ਅਤੇ ਵੜਿੰਗ ਧੜੇ ਵਿਚਕਾਰ ਸਿਆਸੀ ਦੂਰੀ ਦੀਆਂ ਰਿਪੋਰਟਾਂ ਆਉਂਦੀਆਂ ਰਹੀਆਂ ਹਨ।

ਸਤੰਬਰ ਵਿੱਚ ਸਚਿਨ ਪਾਇਲਟ ਦੀ ਮੌਜੂਦਗੀ ਵਿੱਚ ਹੋਏ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਵੜਿੰਗ ਅਤੇ ਚੰਨੀ ਇੱਕ ਮੰਚ 'ਤੇ ਨਜ਼ਰ ਆਏ ਸਨ। ਇਸ ਤੋਂ ਬਾਅਦ ਪਾਰਟੀ ਵਿੱਚ ਏਕਤਾ ਦਾ ਸੰਦੇਸ਼ ਦੇਣ ਦੀ ਕੋਸ਼ਿਸ਼ ਹੋਈ। ਇਸੇ ਦੌਰਾਨ ਪਾਇਲਟ ਨੇ ਜ਼ਿਲ੍ਹਾ ਪ੍ਰਧਾਨਾਂ, ਯੂਥ ਕਾਂਗਰਸ ਅਤੇ ਹੋਰ ਸੰਗਠਨਾਤਮਕ ਆਗੂਆਂ ਨਾਲ ਮੀਟਿੰਗਾਂ ਕਰਕੇ ਫੀਡਬੈਕ ਲਿਆ।

ਰਾਜਾ ਵੜਿੰਗ ਜੁਲਾਈ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਬਰਕਰਾਰ ਰੱਖੇ ਗਏ ਸਨ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ 18 ਸੀਟਾਂ ਤੱਕ ਸਿਮਟ ਗਈ ਸੀ। ਇਸ ਤੋਂ ਬਾਅਦ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ 13 ਸੀਟਾਂ ਵਿੱਚੋਂ ਕਾਂਗਰਸ ਨੇ 7 ਸੀਟਾਂ ਜਿੱਤੀਆਂ ਸਨ। ਪਾਰਟੀ ਅੰਦਰ ਵੜਿੰਗ ਦੇ ਸਮਰਥਕ ਇਸ ਪ੍ਰਦਰਸ਼ਨ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਉਨ੍ਹਾਂ ਦੇ ਹੱਕ ਵਿੱਚ ਦਲੀਲ ਵਜੋਂ ਪੇਸ਼ ਕਰਦੇ ਰਹੇ ਹਨ। ਦੂਜੇ ਪਾਸੇ, ਵਿਰੋਧੀ ਧੜੇ ਸੰਗਠਨ ਅਤੇ ਅਗਵਾਈ ਵਿੱਚ ਤਬਦੀਲੀ ਦੀ ਮੰਗ ਕਰਦੇ ਰਹੇ ਹਨ।

# ਭ੍ਰਿਸ਼ਟਾਚਾਰ ਦੇ ਮਾਮਲੇ 'ਚ ਗ੍ਰਿਫ਼ਤਾਰ ਐਸ.ਐਚ.ਓ. ਸੁਨੀਤਾ ਰਾਣੀ ਨੇ ਦਿੱਤਾ ਬੇਵਾਕ ਬਿਆਨ



ਮੋਗਾ : ਵਿਜੀਲੈਂਸ ਬਿਊਰੋ ਨੇ ਕੋਟ ਈਸੇ ਖਾਂ ਦੀ ਐਸ.ਐਚ.ਓ. ਸੁਨੀਤਾ ਰਾਣੀ ਅਤੇ ਉਸ ਦੇ ਗੰਨਮੈਨ ਗੁਰਅਵਤਾਰ ਸਿੰਘ ਨੂੰ ਲੰਘੇ ਦਿਨੀਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਸੀ । ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਸੁਨੀਤਾ ਰਾਣੀ ਪਹਿਲਾਂ ਤੋਂ ਹੀ ਵਿਜੀਲੈਂਸ ਬਿਊਰੋ ਦੀ ਰਡਾਰ 'ਤੇ ਸੀ। ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਮਹਿਲਾ ਐਸ.ਐਚ.ਓ. ਦੀ ਇੱਕ ਵੀਡੀਓ ਸਾਹਮਣੇ ਆਈ ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਜਦੋਂ ਪੱਤਰਕਾਰਾਂ ਨੇ ਉਸ ਕੋਲੋਂ ਸਵਾਲ ਪੁੱਛੇ ਤਾਂ ਉਸ ਨੇ ਨਿਡਰਤਾ ਨਾਲ ਜਵਾਬ ਦਿੱਤਾ ਅਤੇ ਕਿਹਾ ਕਿ ਸਭ ਕੁਝ ਠੀਕ ਹੈ, ਸਭ ਕੁਝ ਠੀਕ ਹੈ। ਜਦੋਂ ਰਿਸ਼ਵਤਖੋਰੀ ਦੇ ਦੋਸ਼ਾਂ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਮੁਸਕਰਾਉਂਦੇ ਹੋਏ ਕਿਹਾ ਕਿ ਦੇਖੋ ਜੇਲ੍ਹ ਦਾ ਨਵਾਂ ਮੋਡੀਊਲ ਸ਼ੁਰੂ ਹੋਇਆ ਹੈ, ਦੇਖਦੇ ਹਾਂ ਅੱਗੇ ਕੀ ਹੁੰਦਾ ਹੈ। ਇਸ ਤੋਂ ਇਲਾਵਾ ਜਦੋਂ ਪੱਤਰਕਾਰਾਂ ਨੇ ਪੁੱਛਿਆ ਕਿ ਉਹ ਅਜਿਹੀ ਸਥਿਤੀ ਵਿੱਚ ਵੀ ਮੁਸਕਰਾਹਟ ਕਿਵੇਂ ਬਣਾ ਕੇ ਰੱਖ ਸਕਦੀ ਹੈ, ਤਾਂ ਇੰਸਪੈਕਟਰ ਨੇ ਨਿਡਰਤਾ ਨਾਲ ਕਿਹਾ ਕਿ ਬਿਲਕੁਲ ਇਨਸਾਨ ਨੂੰ ਬੋਲਡ ਰਹਿਣਾ ਚਾਹੀਦਾ ਹੈ। ਉਤਾਰ-ਚੜ੍ਹਾਅ ਆਉਂਦੇ ਰਹਿੰਦੇ ਹਨ, ਕੋਈ ਗੱਲ ਨਹੀਂ। ਚੰਗੇ ਦੀ ਉਮੀਦ ਰੱਖੋ। ਇਸ ਵਾਇਰਲ ਵੀਡੀਓ ਨੇ ਸੋਸ਼ਲ ਮੀਡੀਆ 'ਤੇ ਤਿੱਖੀ ਬਹਿਸ ਛੇੜ ਦਿੱਤੀ ਹੈ, ਜਿਸ ਸਬੰਧੀ ਯੂਜ਼ਰਸ ਰਲਵੀਆਂ-ਮਿਲਵੀਆਂ ਪ੍ਰਤੀਕਿਰਿਆਵਾਂ ਦੇ ਰਹੇ ਹਨ। ਕੁਝ ਲੋਕ ਤਾਂ ਐਸ.ਐਚ.ਓ. ਦੇ ਬੇਪਰਵਾਹ ਰਵੱਈਏ 'ਤੇ ਸਵਾਲ ਚੁੱਕ ਰਹੇ ਹਨ ਜਦਕਿ ਕਈ ਲੋਕ ਸਿਸਟਮ ਦੀ ਹਾਲਤ 'ਤੇ ਸਵਾਲ ਖੜ੍ਹੇ ਕਰ ਰਹੇ ਹਨ। ਜਦਕਿ ਵਿਜੀਲੈਂਸ ਬਿਊਰੋ ਨੇ ਦੋਵਾਂ ਦੋਸ਼ੀਆਂ ਨੂੰ ਹਿਰਾਸਤ ਵਿੱਚ ਲੈ ਕੇ ਅੱਗੇ ਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੁਕਤੀ ਫ਼ਾਊਂਡੇਸ਼ਨ ਦਾ 'ਮੀਟ ਐਂਡ ਗਰੀਟ' ਈਵੈਂਟ ਬੇਹੱਦ ਸਫ਼ਲ ਰਿਹਾ




ਬਰੈਂਪਟਨ, (ਡਾ. ਝੰਡ) – ਲੰਘੇ ਬੁੱਧਵਾਰ 23 ਸਤੰਬਰ ਨੂੰ ਬਰੈਂਪਟਨ 'ਚ ਸਰਗਰਮ ਸੰਸਥਾ 'ਮੁਕਤੀ ਫ਼ਾਊਂਡੇਸ਼ਨ' ਵੱਲੋਂ 'ਮੀਟ ਐਂਡ ਗਰੀਟ' ਈਵੈਂਟ ਸਥਾਨਕ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿਖੇ ਸਫ਼ਲਤਾ ਪੂਰਵਕ ਕਰਵਾਇਆ ਗਿਆ। ਫ਼ਾਊਂਡੇਸ਼ਨ ਦੇ 100 ਤੋਂ ਵਧੀਕ ਮੈਂਬਰਾਂ ਨੇ ਇਸ ਸਮਾਗਮ ਵਿੱਚ ਹਾਜ਼ਰੀ ਭਰੀ। ਪ੍ਰੋਗਰਾਮ ਦੀ ਸ਼ੁਰੂਆਤ ਮੁਕਤੀ ਫ਼ਾਊਂਡੇਸ਼ਨ ਦੇ ਚੇਅਰਪਰਸਮਨ ਗਿਆਨ ਪਾਲ ਵੱਲੋਂ ਇਸ ਫ਼ਾਊਂਡੇਸ਼ਨ ਦੇ ਸਮੂਹ ਮੈਂਬਰਾਂ ਨੂੰ ਨਿੱਘੀ ਜੀ-ਆਇਆਂ ਕਹਿਣ ਨਾਲ ਹੋਈ। ਉਨ੍ਹਾਂ ਕਿਹਾ ਕਿ ਮੁਕਤੀ ਫ਼ਾਊਂਡੇਸ਼ਨ ਦੀ ਸਥਾਪਨਾ ਦਾ ਮੁੱਖ-ਮਕਸਦ ਕਮਿਊਨਿਟੀ ਸਹਾਇਤਾ ਨਾਲ ਆਪਸੀ ਮੇਲ-ਮਿਲਾਪ ਰੱਖਣਾ, ਮਿਲ-ਜੁਲ ਕੇ ਇੱਕ ਦੂਸਰੇ ਦੀ ਮਦਦ ਕਰਨਾ ਅਤੇ ਸੱਭ ਤੋਂ ਵੱਧ ਇਸ ਮਨੁੱਖੀ ਜੀਵਨ ਦੇ ਅੰਤਮ ਪੜਾਅ ਸਮੇਂ ਮਨੁੱਖ ਦੀਆਂ ਆਖ਼ਰੀ ਰਸਮਾਂ ਦਾ ਸਤਿਕਾਰ ਯੋਗ ਢੰਗ ਨਾਲ ਪ੍ਰਬੰਧ ਕਰਨਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 250 ਮੈਂਬਰ ਇਸ ਫ਼ਾਊਂਡੇਸ਼ਨ ਦੇ ਮੈਂਬਰ ਬਣ ਚੁੱਕੇ ਹਨ ਅਤੇ ਕਈ ਹੋਰ ਨਵੇਂ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਕੇਵਲ ਮੁਸ਼ਕਲ ਭਰੇ ਸਮੇਂ ਹੀ ਨਹੀਂ, ਸਗੋਂ ਫ਼ਾਊਂਡੇਸ਼ਨ ਦੇ ਅੱਜ ਵਰਗੇ ਭਾਈਚਾਰਕ ਮਾਹੌਲ ਵਾਲੇ ਇਕੱਠ ਵੀ ਓਨੇ ਹੀ ਮਹੱਤਵਪੂਰਵਕ ਹਨ।

ਫ਼ਾਊਂਡੇਸ਼ਨ ਦੀ ਮੈਂਬਰ ਕਮਲ ਪੁਰੀ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮੈਂਬਰਾਂ ਦੇ ਆਪਸ ਵਿੱਚ ਨਿੱਜੀ ਸਬੰਧਾਂ ਦਾ ਕਾਇਮ ਹੋਣਾ ਅਤੇ ਇਨ੍ਹਾਂ ਨੂੰ ਅੱਗੋਂ ਇਸ ਨੂੰ ਜਾਰੀ ਰੱਖਣਾ ਜ਼ਰੂਰੀ ਹੈ। ਇਸਦੇ ਨਾਲ ਹੀ ਕਮਿਊਨਿਟੀ ਦੇ ਕਾਰਜਾਂ ਵਿੱਚ ਸ਼ਮੂਲੀਅਤ ਕਰਨੀ ਅਤੇ ਉਸ ਵਿੱਚ ਸਹੀ ਤਰੀਕੇ ਨਾਲ ਵਿਚਰਨਾ ਵੀ ਓਨਾ ਹੀ ਮਹੱਤਵਪੂਰਨ ਹੈ। ਭੁਪਿੰਦਰ ਪਾਲ ਡਾਂਗ ਨੇ ਮੁਕਤੀ ਫ਼ਾਊਂਡੇਸ਼ਨ ਦੇ ਮੁਖ-ਮੰਤਵ ਬਾਰੇ ਬੋਲਦਿਆਂ ਕਿਹਾ ਕਿ ਹਮਦਰਦੀ,ਮਾਣ ਸਨਮਾਨ ਤੇ ਆਪਸੀ ਸਹਿਯੋਗ ਸਮਾਜਿਕ ਜੀਵਨ ਨੂੰ ਮਜ਼ਬੂਤ ਕਰਦੇ ਹਨ ਅਤੇ ਇਹ ਫ਼ਾਊਡੇਸ਼ਨ ਇਨ੍ਹਾਂ ਵੱਲ ਵਿਸੇਸ਼ ਧਿਆਨ ਦਿੰਦੀ ਹੈ। ਰੀਜਨਲ ਕੌਂਸਲਰ ਰਵੀਨਾ ਸੰਤੋਸ ਜੋ ਇਸ ਫ਼ਾਂਊਂਡੇਸ਼ਨ ਨਾਲ ਆਰੰਭ ਤੋਂ ਹੀ ਜੁੜੇ ਹੋਏ ਹਨ, ਵੱਲੋਂ ਇਸ ਸੰਸਥਾ ਦੇ ਕੰਮ-ਕਾਜ ਦੀ ਸਰਾਹਨਾ ਕੀਤੀ ਗਈ। ਬਰੈਂਪਟਨ ਸੈਂਟਰ ਦੀ ਮੈਂਬਰ ਪਾਰਲੀਮੈਂਟ ਅਮਨਦੀਪ ਸੋਢੀ ਨੇ ਵੀ ਫਾਂਊਂਡੇਸ਼ਨ ਵੱਲੋਂ ਭਾਈਚਾਰਕ ਸਾਂਝ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਸਮਾਗਮ ਦਾ ਮੁੱਖ-ਆਕਰਸ਼ਣ ਇਸ ਫ਼ਾਂਊਂਡੇਸ਼ਨ ਵੱਲੋਂ ਮੈਂਬਰਾਂ ਨੂੰ ਵੰਡੇ ਗਏ ਪਲਾਸਟਿਕ ਦੇ ਬਣੇ ਮੈਂਬਰਸ਼ਿਪ ਕਾਰਡਾਂ ਦੀ ਵੰਡ ਸੀ, ਜਿਨ੍ਹਾਂ ਦੀ ਦਿੱਖ ਕਾਗਜ਼ ਦੇ ਬਣੇ ਆਮ ਕਾਰਡਾਂ ਦੀ ਬਜਾਏ ਕਰੈਡਿਟ ਕਾਰਡਾਂ ਵਰਗੀ ਸੀ। ਮੈਂਬਰਾਂ ਵੱਲੋਂ ਇਨ੍ਹਾਂ ਦੀ ਖ਼ੂਬਸੂਰਤ ਤੇ ਟਿਕਾਊ ਗੁਣਵੱਤਾ ਅਤੇ ਡੀਜ਼ਾਈਨ ਨੂੰ ਬੇਹੱਦ ਪਸੰਦ ਕੀਤਾ ਗਿਆ। ਉਨ੍ਹਾਂ ਦਾ ਖ਼ਿਆਲ ਸੀ ਇਹ ਕਾਰਡ ਇਸ ਸੰਸਥਾ ਦੀ ਮੈਂਬਰਸ਼ਿਪ ਨੂੰ ਅੱਗੇ ਵਧਾਉਣ ਵਿੱਚ ਸਹਾਈ ਹੋਣਗੇ।

ਮੁਕਤੀ ਫ਼ਾਂਊਂਡੇਸ਼ਨ ਦੀ ਮੁੱਖ-ਬੁਲਾਰਾ ਜਸਵਿੰਦਰ ਕੌਰ ਵੱਲੋਂ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਮੈਂਬਰਾਂ ਦੀ ਭਾਰੀ ਸ਼ਮੂਲੀਅਤ ਨੇ ਇਸ 'ਮੀਟ ਐਂਡ ਗਰੀਟ' ਨੂੰ ਸਫ਼ਲ ਅਤੇ ਇੱਕ ਯਾਦਗਾਰੀ ਈਵੈਂਟ ਬਣਾਇਆ ਹੈ। ਸਮਾਗਮ ਦੀ ਸਮਾਪਤੀ ਦੇ ਨੇੜੇ ਪਹੁੰਚਦਿਆਂ ਚੇਅਰਪਰਸਨ ਗਿਆਨ ਪਾਲ ਵੱਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ, ਉਨ੍ਹਾਂ ਕਿਹਾ ਕਿ ਇਹ ਤਾਂ ਇਸ ਫ਼ਾਂਊਂਡੇਸ਼ਨ ਦੀ ਸ਼ੁਰੂਆਤ ਹੈ ਅਤੇ ਭਵਿੱਖ ਵਿੱਚ ਬਹੁਤ ਕੁਝ ਆਉਣਾ ਬਾਕੀ ਹੈ। ਉਨ੍ਹਾਂ ਵੱਲੋਂ ਅਗਲੇ ਸਮੇਂ ਵਿੱਚ ਫ਼ਾਊਂਡੇਸ਼ਨ ਵੱਲੋਂ ਮੁਹੱਈਆ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਭਾਈਚਾਰਕ ਸਾਂਝ ਦੀ ਮਹੱਤਤਾ ਦੁਹਰਾਈ ਗਈ। ਇਸ ਫ਼ਾਂਊਂਡੇਸ਼ਨ ਦਾ ਇਹ 'ਮੀਟ ਐਂਡ ਗ੍ਰੀਟ' ਬੜੇ ਨਿੱਘੇ ਅਤੇ ਸਕਾਰਾਤਮਿਕ ਮਾਹੌਲ ਵਿੱਚ ਸਮਾਪਤ ਹੋਇਆ। ਮੈਂਬਰਾਂ ਵੱਲੋਂ ਦੋਸਤੀ, ਹਮਦਰਦੀ ਅਤੇ ਭਾਈਚਾਰਕ ਮਾਹੌਲ ਵਿੱਚ ਇੱਕ ਦੂਸਰੇ ਨੂੰ ਮਿਲਣ ਦੀ ਖ਼ੁਸ਼ੀ ਸਾਂਝੀ ਕੀਤੀ ਗਈ ਅਤੇ ਅੱਗੋਂ ਵੀ ਇੰਜ ਹੀ ਮਿਲਦੇ ਰਹਿਣ ਤੇ ਮਿਲ਼ ਕੇ ਕੰਮ ਕਰਦੇ ਰਹਿਣ ਦੀ ਕਾਮਨਾ ਕੀਤੀ ਗਈ।

# BJP ਦੀ ਸਰਕਾਰ ਆਈ ਤਾਂ 31 ਦਸੰਬਰ 2029 ਤੱਕ ਚਿੱਟਾ ਮੁਕਤ ਹੋਵੇਗਾ ਪੰਜਾਬ : ਅਮਿਤ ਸ਼ਾਹ



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਜਲੰਧਰ ਦੌਰੇ 'ਤੇ ਹਨ। ਇਸ ਸਮੇਂ ਉਹ ਜਲੰਧਰ ਵਿੱਚ ਰੈਲੀ ਨੂੰ ਸੰਬੋਧਿਤ ਕਰ ਰਹੇ ਹਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਭਾਜਪਾ 2027 ਦੀਆਂ ਚੋਣਾਂ ਨਸ਼ਾ ਮੁਕਤ ਪੰਜਾਬ ਦੇ ਨਾਮ 'ਤੇ ਲੜੇਗੀ। ਮੈਂ ਪੰਜਾਬ ਦੇ ਨੌਜਵਾਨਾਂ ਨਾਲ ਇੱਕ ਵਾਅਦਾ ਕਰਕੇ ਜਾ ਰਿਹਾ ਹਾਂ: ਭਾਜਪਾ ਨੂੰ ਵੋਟ ਦਿਓ, ਕਮਲ ਤੇ ਮੋਹਰ ਲਗਾਓ।

ਅਮਿਤ ਸ਼ਾਹ ਨੇ ਕਿਹਾ, "ਮੈਂ ਜਲੰਧਰ ਦੀ ਧਰਤੀ ਨੂੰ ਵਾਰ-ਵਾਰ ਸਤਿਕਾਰ ਸਹਿਤ ਨਮਸਕਾਰ ਕਰਦਾ ਹਾਂ। ਪੰਜਾਬ ਦੇ ਭੈਣੋ ਅਤੇ ਭਰਾਵੋ, ਮੈਂ ਮਹਾਰਾਜਾ ਰਣਜੀਤ ਸਿੰਘ, ਸਰਦਾਰ ਤੇਜਾ ਸਿੰਘ ਸਮੁੰਦਰੀ ਅਤੇ ਭਗਤ ਸਿੰਘ ਨੂੰ ਨਮਨ ਕਰਦਾ ਹਾਂ।" "ਦੋਸਤੋ, ਪੰਜਾਬ ਦੇਸ਼ ਵਿੱਚ ਮੁੱਖ ਤੌਰ 'ਤੇ ਦੋ ਚੀਜ਼ਾਂ ਲਈ ਜਾਣਿਆ ਜਾਂਦਾ ਹੈ। ਪਹਿਲੀ ਇਹ ਕਿ ਜਦੋਂ ਵੀ ਦੇਸ਼ ਨੂੰ ਅਨਾਜ ਦੀ ਲੋੜ ਪਈ, ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੇ ਅੰਨ-ਭੰਡਾਰ ਭਰੇ। ਦੂਜੀ ਇਹ ਕਿ ਆਜ਼ਾਦੀ ਤੋਂ ਪਹਿਲਾਂ ਹੋਵੇ ਜਾਂ ਬਾਅਦ ਵਿੱਚ, ਜਦੋਂ ਵੀ ਦੇਸ਼ ਦੀ ਸੁਰੱਖਿਆ ਦਾ ਮਸਲਾ ਸਾਹਮਣੇ ਆਇਆ, ਪੰਜਾਬ ਦਾ ਜਵਾਨ ਆਪਣੀ ਜਾਨ ਕੁਰਬਾਨ ਕਰਨ ਲਈ ਸਭ ਤੋਂ ਪਹਿਲਾਂ ਤਿਆਰ ਖੜ੍ਹਾ ਹੁੰਦਾ ਹੈ। ਪੰਜਾਬੀਆਂ ਦੀਆਂ ਕੁਰਬਾਨੀਆਂ ਸਦਕਾ ਹੀ ਸਾਨੂੰ ਆਜ਼ਾਦੀ ਮਿਲੀ ਅਤੇ ਉਨ੍ਹਾਂ ਨੇ ਦੇਸ਼ ਦੀ ਰੱਖਿਆ ਲਈ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ।"

ਅਮਿਤ ਸ਼ਾਹ ਨੇ ਕਿਹਾ, "ਮੈਂ ਪੰਜਾਬ ਦੀਆਂ ਮਾਵਾਂ ਨੂੰ ਨਮਨ ਕਰਨਾ ਚਾਹੁੰਦਾ ਹਾਂ। ਦੋਸਤੋ, ਅੱਜ ਸਾਨੂੰ ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਦਾ ਕੰਮ ਕਿਉਂ ਕਰਨਾ ਪੈ ਰਿਹਾ ਹੈ? ਆਮ ਆਦਮੀ ਪਾਰਟੀ ਨੇ ਪੰਜਾਬ ਨੂੰ 'ਚਿੱਟੇ' (ਸਿੰਥੈਟਿਕ ਨਸ਼ਿਆਂ) ਦੀ ਜਕੜ ਵਿੱਚ ਧੱਕ ਦਿੱਤਾ ਹੈ। ਅੱਜ ਇੱਥੇ ਕਈ ਮੁੱਦੇ ਹਨ—'ਚਿੱਟੇ' ਦਾ ਮੁੱਦਾ, ਔਰਤਾਂ ਦੀ ਸੁਰੱਖਿਆ, ਆਮ ਸੁਰੱਖਿਆ ਅਤੇ ਕਾਨੂੰਨ-ਵਿਵਸਥਾ। ਭਾਰਤੀ ਜਨਤਾ ਪਾਰਟੀ ਆਉਣ ਵਾਲੀਆਂ ਚੋਣਾਂ 'ਨਸ਼ਾ-ਮੁਕਤ ਪੰਜਾਬ' ਦੇ ਏਜੰਡੇ 'ਤੇ ਲੜਨ ਜਾ ਰਹੀ ਹੈ।"

ਅਮਿਤ ਸ਼ਾਹ ਪਰਾਗਪੁਰ ਨੇੜੇ ਹੋਣ ਵਾਲੀ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਦੀ ਸਮਾਪਤੀ ਰੈਲੀ ਨੂੰ ਸੰਬੋਧਨ ਕੀਤਾ। ਭਾਜਪਾ ਦੀਆਂ ਚਾਰ ਯਾਤਰਾਵਾਂ ਨੇ 18 ਸਤੰਬਰ ਤੋਂ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚੋਂ ਲੰਘਦਿਆਂ ਕਰੀਬ 4,000 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਹੈ। ਇਨ੍ਹਾਂ ਯਾਤਰਾਵਾਂ ਦਾ ਅੱਜ ਜਲੰਧਰ 'ਚ ਸਮਾਪਨ ਹੋ ਗਿਆ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
100% NATURAL PRODUCT
PRODUCT OF CANADA
Visit nutraselect.ca to learn the amazing health benefits of our fresh ajwa date seed powder
NUTRA SELECT
ਇਨ੍ਹਾਂ ਸਟੋਰ ਤੋਂ ਲੈਅ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.



Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਜਦੋਂ ਮੈਨੂੰ ਪੁਰਸਕਾਰ ਮਿਲਿਆ !




ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਂਦੇ ਪੁਰਸਕਾਰਾਂ ਉਤੇ ਪਿਛਲੇ ਸਮਿਆਂ ਤੋਂ ਮਾਣਯੋਗ ਅਦਾਲਤ ਵੱਲੋਂ ਰੋਕ ਲਗਾ ਦਿੱਤੀ ਗਈ ਹੈ। ਕਿਉਂਕਿ ਇਹ ਪੁਰਸਕਾਰ ਵੰਡ ਪ੍ਰਣਾਲੀ ਵਿੱਚ ਅਨੇਕ ਖਾਮੀਆਂ ਸਾਹਮਣੇ ਆਈਆਂ। ਜੀਹਨਾਂ ਨੂੰ ਇਹ ਪੁਰਸਕਾਰ ਦੇਣ ਦਾ ਐਲਾਨ ਹੋਇਆ ਸੀ, ਉਹ ਉਡੀਕ ਕਰ ਰਹੇ ਹਨ ਕਿ ਕਦੋਂ ਅਦਾਲਤ ਫੈਸਲਾ ਕਰਦੀ ਹੈ। ਸੁਰਜੀਤ ਪਾਤਰ ਸਾਹਿਬ ਦਾ ਸ਼ਿਅਰ ਚੇਤੇ ਆ ਗਿਆ ਹੈ।

ਇਸ ਅਦਾਲਤ ਵਿੱਚ ਬੰਦੇ ਬਿਰਖ਼ ਹੋ ਗਏ, ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ,

ਇਹਨਾਂ ਨੂੰ ਆਖੋ ਕਿ ਉਜੜੇ ਘਰੀਂ ਜਾਣ ਹੁਣ ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ !

ਹੁਣ ਇਹ ਤਾਂ ਪਤਾ ਨਹੀਂ ਕਿ ਉਜੜੇ ਹੋਏ ਘਰ ਕਿਹੜੇ ਹਨ। ਪਰ ਪੁਰਸਕਾਰ ਤੇ ਮੌਤ ਵਿਚਲਾ ਫਾਸਲਾ ਜਦੋਂ ਕੋਈ ਪੂਰਾ ਕਰਦਾ ਹੈ ਤਾਂ ਜਿਉਂਦੇ ਵਸਦੇ ਮਨੁੱਖ ਰੁਦਨ ਕਰਦੇ ਹਨ। ਉਹਨਾਂ ਇਹ ਰੁਦਨ ਸੁਆਰਥ ਰਹਿਤ ਨਹੀਂ ਹੁੰਦਾ, ਉਸਦੇ ਹੰਝੂਆਂ ਅੰਦਰ ਇਕ ਲਾਲਚ ਤੇ ਲਾਲਸਾ ਹੁੰਦੀ ਹੈ। ਜਿਹੜੀ ਸੂਖਮਭਾਵੀ ਦ੍ਰਿਸ਼ਟੀ ਨਾਲ ਹੀ ਦਿਖਦੀ ਹੈ। ਮੈਨੂੰ ਇੱਕ ਪੱਤਰਕਾਰ ਨੇ ਗੱਲ ਦੱਸੀ ਕਿ ਇੱਕ ਸਿਆਸੀ ਪਾਰਟੀ ਦੇ ਸਿਆਸੀ ਸਲਾਹਕਾਰ ਨੇ ਆਪਣੇ ਬਾਪ ਦੀ ਮੌਤ ਨੂੰ ਉਦੋਂ ਤੱਕ ਲੋਕਾਂ ਤੋਂ ਛੁਪਾਈ ਰੱਖਿਆ ਜਦੋਂ ਤੱਕ ਜਾਅਲੀ ਵਸੀਅਤ ਤਿਆਰ ਕਰਕੇ ਜ਼ਮੀਨ ਜਾਇਦਾਦ ਆਪਣੇ ਨਾਂ ਨਹੀਂ ਹੋਈ।

ਪੁਰਸਕਾਰ ਵਿਜੇਤਾ ਸ਼ਾਇਰ ਜਦੋਂ ਧੌਣ ਕੁਕੜ ਵਾਂਗ ਚੁੱਕ ਤੁਰਦਾ ਹੈ ਤਾਂ ਬੜਾ ਫੱਬਦਾ ਹੈ। ਇਸ ਤਰ੍ਹਾਂ ਲੱਗਦਾ ਜਿਵੇਂ ਕੋਟ ਈਸੇ ਖਾਂ ਵਾਲ਼ੀ ਬੀਬੀ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਅਦਾਲਤ ਵਿਚੋਂ ਬਾਹਰ ਨਿਕਲ ਕੇ ਆਖਦੀ ਹੈ, ਆਲ ਇੰਜ ਵੈਲ।

ਪੁਰਸਕਾਰ ਦੀ ਉਡੀਕ ਵਿੱਚ ਬੈਠੇ ਉਹਨਾਂ ਲੇਖਕਾਂ ਤੋਂ ਮਾਫ਼ੀ ਚਾਹੁੰਦਾ ਹਾਂ। ਕਿਉਂਕਿ ਇਹ ਮੈਨੂੰ ਮਿਲੇ ਨਹੀਂ ਸਗੋਂ ਹਥਿਆਏ ਪੁਰਸਕਾਰ ਦਾ ਰੁਦਨ ਹੈ।

ਜਦੋਂ ਮੈਨੂੰ ਪੁਰਸਕਾਰ ਮਿਲਿਆ ਤਾਂ ਮੇਰੀ ਚਾਰੇ ਪਾਸੇ ਬੱਲੇ-ਬੱਲੇ ਹੋ ਗਈ। ਅਖ਼ਬਾਰਾਂ ਵਿੱਚ ਮੇਰੀਆਂ ਲਿਖਤਾਂ ਅਤੇ ਜੀਵਨ ਬਾਰੇ ਵੱਡੇ-ਵੱਡੇ ਫੀਚਰ ਛਪੇ। ਕਈ ਦਿਨ ਫੋਨ ਦੀਆਂ ਘੰਟੀਆਂ ਵੱਜਦੀਆਂ ਰਹੀਆਂ। ਸਾਹਿਤ ਸਭਾਵਾਂ ਵਾਲਿਆਂ ਨੇ ਮੈਨੂੰ ਪੁਰਸਕਾਰ ਮਿਲਣ 'ਤੇ ਮੇਰੀ ਸ਼ੋਭਾ ਵਿੱਚ ਮੀਟਿੰਗਾਂ ਤੇ ਸਮਾਗਮ ਰਚਾਏ। ਕਾਲਜਾਂ ਵਿੱਚ ਮੇਰੇ ਲਗਾਤਾਰ ਰੂ-ਬਰੂ ਪ੍ਰੋਗਰਾਮ ਰੱਖੇ ਗਏ। ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਉੱਤੇ ਮੇਰੀਆਂ ਮੁਲਾਕਾਤਾਂ ਦੇ ਪ੍ਰੋਗਰਾਮ ਚੱਲੇ।

ਕਈ ਹਫ਼ਤੇ ਹੀ ਨਹੀਂ, ਬਲਕਿ ਕਈ ਮਹੀਨੇ ਮੇਰੇ ਮਾਣ ਵਿੱਚ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਪ੍ਰੋਗਰਾਮ ਹੁੰਦੇ ਰਹੇ। ਵਧਾਈਆਂ ਦੀ ਧੂੜ ਹੀ ਨਹੀਂ ਉੱਡੀ, ਸਗੋਂ ਹਨੇਰੀ ਆ ਗਈ। ਜਿਸ ਦੇ ਨਾਲ ਮੈਂ ਹਵਾ ਵਿੱਚ ਉੱਡਣ ਲੱਗਿਆ। ਹਵਾ ਵਿੱਚ ਉੱਡਦਾ ਵੀ ਕਿਉਂ ਨਾ, ਮੈਨੂੰ ਸਾਹਿਤ ਦਾ ਸਭ ਤੋਂ ਵੱਡਾ ਪੁਰਸਕਾਰ ਮਿਲਿਆ ਸੀ !

ਇਸ ਪੁਰਸਕਾਰ ਮਿਲਣ ਦੇ ਨਾਲ ਮੇਰੇ ਬਹੁਤੇ ਸਮਕਾਲੀ ਖਾਰ ਖਾਣ ਲੱਗ ਪਏ। ਉਂਝ ਉਹ ਮੂੰਹ ਉੱਤੇ ਪ੍ਰਸ਼ੰਸਾ ਕਰਦੇ, ਪਰ ਪਿੱਠ ਮੋੜਦਿਆਂ ਹੀ ਮੇਰੀਆਂ ਚੁਗਲੀਆਂ ਕਰਨ ਅਤੇ ਪੈਰ ਵੱਢਣ ਲੱਗਦੇ। ਉਹ ਮੇਰੀਆਂ ਲਿਖਤਾਂ ਦੀ ਪੁਣਛਾਣ ਕਰਨ ਲੱਗ ਪਏ।

ਪੁਰਸਕਾਰ ਨਾਲ ਜੁੜੀਆਂ ਕਈ ਤਰ੍ਹਾਂ ਦੀਆਂ ਕਹਾਣੀਆਂ ਵੀ ਸੁਣਾਉਂਦੇ। ਉਨ੍ਹਾਂ ਦੀਆਂ ਕਹਾਣੀਆਂ ਜਦੋਂ ਮੇਰੇ ਤੱਕ ਪੁੱਜਦੀਆਂ ਤਾਂ ਮੇਰੀਆਂ ਪੁੜਪੁੜੀਆਂ ਵਿੱਚੋਂ ਸੇਕ ਨਿਕਲਣ ਲੱਗਦਾ। ਮੁੱਠੀਆਂ ਮੀਚੀਆਂ ਜਾਂਦੀਆਂ ਤੇ ਅੱਖਾਂ ਲਾਲ ਹੋ ਜਾਂਦੀਆਂ। ਗੁੱਸਾ ਦਿਮਾਗ ਨੂੰ ਚੜ੍ਹਨ ਲੱਗਦਾ।

ਪਰ ਉਹ ਗੁੱਸਾ ਮੈਂ ਕਿਸ ਉੱਤੇ ਕੱਢਾਂ?

ਦੂਜੇ ਪਲ ਆਪਣੇ ਆਪ ਨੂੰ ਆਖਦਾ ਕਿ ਉਨ੍ਹਾਂ ਉੱਤੇ ਗੁੱਸਾ ਕਾਹਦਾ? ਆਖ਼ਰ ਉਹ ਕਹਾਣੀਆਂ ਕਿਹੜੀਆਂ ਝੂਠੀਆਂ ਬਣਾਉਂਦੇ ਹਨ! ਇਨ੍ਹਾਂ ਵਿੱਚ ਕੁਝ ਨਾ ਕੁਝ ਤਾਂ ਸੱਚ ਹੀ ਹੈ।

ਜਦੋਂ 'ਸੱਚ' ਸ਼ਬਦ ਮੇਰੇ ਬੁੱਲ੍ਹਾਂ ਉੱਤੇ ਆਇਆ ਤਾਂ ਮੇਰੀ 'ਮੈਂ' ਨੇ ਸਿਰ ਚੁੱਕ ਲਿਆ।

ਮੈਂ ਆਪਣੀ 'ਮੈਂ' ਦੇ ਅੱਗੇ ਬੌਣਾ ਹੋ ਗਿਆ।

ਤੁਸੀਂ ਦੱਸੋ ਕਿ ਬੰਦਾ ਆਪਣੀ 'ਮੈਂ' ਤੋਂ ਕਿੱਥੇ ਭੱਜ ਕੇ ਜਾਊਗਾ?

ਹੁਣ ਤੁਸੀਂ ਕਹੋਗੇ ਕਿ ਮੈਂ ਆਪਣੀ ਹੀ 'ਮੈਂ' ਦੇ ਅੱਗੇ ਬੌਣਾ ਕਿਉਂ ਹੋ ਗਿਆ?

ਅਸਲ ਗੱਲ ਤਾਂ ਇਹ ਹੈ ਕਿ ਅਸੀਂ ਆਪ ਜਿੰਨੇ ਮਰਜ਼ੀ ਲੋਕਾਂ ਦੇ ਸਾਹਮਣੇ ਵੱਡੇ ਬਣੀ ਜਾਈਏ, ਪਰ ਆਪਣੀ 'ਮੈਂ' ਦੇ ਸਾਹਮਣੇ ਅਸੀਂ ਕਦੇ ਵੀ ਵੱਡੇ ਨਹੀਂ ਹੋ ਸਕਦੇ। ਕਿਉਂਕਿ ਉਸ ਨੂੰ ਸਾਡੀਆਂ ਸਾਰੀਆਂ ਗੱਲਾਂ ਦਾ ਪਤਾ ਹੁੰਦਾ ਹੈ। ਜਿਵੇਂ ਹਮਾਮ ਵਿੱਚ ਸਭ ਨੰਗੇ ਹੁੰਦੇ ਹਨ, ਉਸੇ ਤਰ੍ਹਾਂ ਅਸੀਂ ਆਪਣੀ 'ਮੈਂ' ਦੇ ਅੱਗੇ ਨੰਗੇ ਹੁੰਦੇ ਹਾਂ। ਨੰਗੀ ਚੀਜ਼ ਕੋਈ ਵੀ ਚੰਗੀ ਨਹੀਂ ਹੁੰਦੀ।

ਕਈ ਵਾਰ ਆਪਣੇ ਹੀ 'ਨੰਗ' ਤੋਂ ਸ਼ਰਮ ਆਉਣ ਲੱਗਦੀ ਹੈ। ਪਰ ਅਸੀਂ ਬੇਸ਼ਰਮ ਬਣ ਕੇ ਆਪਣੀ 'ਮੈਂ' ਨੂੰ ਖੂੰਜੇ ਲਾਈ ਰੱਖਦੇ ਹਾਂ। ਜਿਹੜੀ ਚੀਜ਼ ਖੂੰਜੇ ਲੱਗ ਜਾਵੇ, ਉਹ ਇੱਕ ਦਿਨ ਆਪਣੀ ਮਹੱਤਤਾ ਦਿਖਾ ਹੀ ਦਿੰਦੀ ਹੈ। ਫਿਰ ਜਦੋਂ ਕਦੇ ਉਹ ਬੋਲਦੀ ਹੈ ਤਾਂ ਵੱਡਿਆਂ-ਵੱਡਿਆਂ ਦੀ ਗੋਡਣੀ ਲਵਾ ਦਿੰਦੀ ਹੈ। ਫਿਰ ਬੰਦਾ ਉਹੀ ਕੁਝ ਬੋਲਦਾ ਤੇ ਕਰਦਾ ਹੈ, ਜੋ ਉਸ ਦੀ 'ਮੈਂ' ਕਰਵਾਉਂਦੀ ਹੈ।

ਵਧਾਈਆਂ ਦੀ ਧੂੜ ਅਜੇ ਬੈਠੀ ਨਹੀਂ ਸੀ ਕਿ ਇੱਕ ਦਿਨ ਮੇਰੀ 'ਮੈਂ' ਕਾਲੇ ਨਾਗ ਵਾਂਗ ਮੇਰੀ ਹਿੱਕ ਉੱਤੇ ਫਣ ਤਾਣ ਕੇ ਬੈਠ ਗਈ।

ਮੈਂ ਅਜੇ ਬੈੱਡ ਉੱਤੇ ਹੀ ਪਿਆ ਸੀ। ਉਸ ਨੇ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ।

ਹੁਣ ਮੈਂ ਨਾ ਤਾਂ ਝੂਠ ਬੋਲ ਸਕਦਾ ਸੀ ਤੇ ਨਾ ਹੀ ਕਿਤੇ ਭੱਜ ਕੇ ਜਾ ਸਕਦਾ ਸੀ।

ਤੁਸੀਂ ਘਰ, ਸਮਾਜ ਤੋਂ ਭੱਜ ਕੇ ਦੂਰ ਜਾ ਸਕਦੇ ਹੋ, ਪਰ ਆਪਣੀ 'ਮੈਂ' ਕੋਲੋਂ ਕਿਤੇ ਵੀ ਭੱਜ ਨਹੀਂ ਸਕਦੇ। ਇਹ ਹਰ ਵੇਲੇ ਤੁਹਾਨੂੰ ਘੇਰੀ ਰੱਖਦੀ ਹੈ। ਉਹ ਆਖਣ ਲੱਗੀ ਕਿ "ਵੱਡਿਆ ਕਵੀਆ! ਬਹੁਤ ਹੋ ਗਈ ਪ੍ਰਸ਼ੰਸਾ। ਬਹੁਤ ਮਿਲ ਗਈਆਂ ਵਧਾਈਆਂ। ਮਾਣ-ਸਨਮਾਨ ਵੀ ਬਹੁਤ ਮਿਲ ਗਿਆ। ਪਰ ਜਿਨ੍ਹਾਂ ਦਾ ਤੂੰ ਹੱਕ ਮਾਰਿਆ, ਕਦੇ ਉਨ੍ਹਾਂ ਬਾਰੇ ਵੀ ਸੋਚਿਆ?

ਤੂੰ ਕਿਹੜੀ ਕਿਹੜੀ ਜੁਗਾੜਬੰਦੀ, ਪੌੜੀ ਤੇ ਹਰਬਾ ਨਹੀਂ ਵਰਤਿਆ ਇਹ ਪੁਰਸਕਾਰ ਲੈਣ ਲਈ? ਤੂੰ ਕਹਿੰਦਾ ਹੈਂ ਕਿ ਮੈਨੂੰ ਇਹ ਪੁਰਸਕਾਰ ਯੋਗਤਾ ਦੇ ਆਧਾਰ 'ਤੇ ਮਿਲਿਆ। ਭਲਾ ਦੱਸ ਖਾਂ ਤੇਰੀ ਯੋਗਤਾ ਕੀ ਹੈ?"

"ਚੰਗਾ ਭਲਾ 'ਲੋਕ ਕਵੀ' ਬਣਦਾ-ਬਣਦਾ ਤੂੰ 'ਰਾਜ ਕਵੀ' ਬਣ ਗਿਆ। ਫਿਰ ਦਰਬਾਰੀ ਕਵੀ ਬਣ ਕੇ ਸੱਤਾ ਦੇ ਸੋਹਿਲੇ ਗਾਉਣ ਲੱਗ ਪਿਆ। ਮੈਂ ਉਦੋਂ ਵੀ ਚੁੱਪ ਰਹੀ। ਪਰ ਹੁਣ ਤਾਂ ਤੂੰ ਹੱਦ ਹੀ ਟੱਪ ਗਿਆ।"

"ਤੈਨੂੰ ਕਿਸੇ ਪੇਂਡੂ ਸਾਹਿਤ ਸਭਾ ਨੇ ਕਦੇ ਸਨਮਾਨਿਤ ਨਹੀਂ ਕੀਤਾ ਤੇ ਤੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਤੱਕ ਪੁੱਜ ਗਿਆ! ਤੈਨੂੰ ਸ਼ਰਮ ਹਿਆ ਹੈ ਕਿ ਨਹੀਂ ?"

ਹਾਲਤ ਮੇਰੀ ਉਸ ਜੇਤੂ ਐਮ.ਐਲ.ਏ. ਤੇ ਐਮ.ਪੀ. ਵਰਗੀ ਹੋ ਗਈ, ਜਿਨ੍ਹਾਂ ਨੂੰ ਪਿੰਡ ਵਾਲਿਆਂ ਨੇ ਪੰਚ ਬਣਨ ਦੇ ਯੋਗ ਵੀ ਨਹੀਂ ਸੀ ਸਮਝਿਆ ਤੇ ਉਹ ਐਮ.ਐਲ.ਏ. ਤੇ ਐਮ.ਪੀ. ਬਣ ਗਏ। ਹੁਣ ਲੋਕ ਪਾਬੀਆਂ ਮਾਰਦੇ ਹਨ। ਵਿਕਾਸ ਦੀ ਗਤੀ ਚੈੱਕ ਕਰਦੇ ਹਨ।

ਇਵੇਂ ਹੀ ਯੂਨੀਵਰਸਿਟੀਆਂ ਵਿੱਚ ਕਈ ਅਜਿਹੇ ਲੋਕ ਵੀ ਪਹੁੰਚ ਗਏ, ਜਿਹੜੇ ਸਕੂਲ ਦੇ ਮਾਸਟਰ ਬਣਨ ਦੇ ਯੋਗ ਨਹੀਂ ਸਨ, ਪਰ ਪ੍ਰੋਫੈਸਰ ਬਣ ਗਏ। ਇਸੇ ਤਰ੍ਹਾਂ ਸਾਡੇ ਨਾਲ ਹੋਈ।

ਆਪਣੀ ਮੈਂ ਦੀਆਂ ਗੱਲਾਂ ਸੁਣ ਕੇ ਸਿਆਲ ਦੇ ਦਿਨਾਂ ਵਿੱਚ ਮੈਨੂੰ ਏਨਾ ਪਸੀਨਾ ਆਇਆ, ਜਿਵੇਂ ਮੈਂ ਬੈੱਡ ਉੱਤੇ ਨਹੀਂ, ਦਰਿਆ ਵਿੱਚ ਸਣੇ ਕੱਪੜਿਆਂ ਪਿਆ ਹੋਵਾਂ।

ਮੁੜਕੋ-ਮੁੜਕੀ ਹੋਇਆ ਪਿਆ ਰਿਹਾ।

ਹੋਰ ਕਰਦਾ ਵੀ ਕੀ?

ਮਰਦਾ ਕੀ ਨਾ ਕਰਦਾ!

ਮੇਰੀ 'ਮੈਂ' ਨੇ ਜੋ ਵੀ ਸਵਾਲ ਪੁੱਛੇ, ਮੇਰੇ ਕੋਲ ਉਨ੍ਹਾਂ ਦਾ ਕੋਈ ਜਵਾਬ ਨਹੀਂ ਸੀ। ਉਂਝ ਜਵਾਬ ਤਾਂ ਸਾਰੇ ਮਨ ਵਿੱਚ ਸਨ, ਪਰ ਜ਼ੁਬਾਨ ਸਾਥ ਨਹੀਂ ਸੀ ਦੇ ਰਹੀ।

ਹੌਸਲਾ ਇਕੱਠਾ ਕਰਦਾ। ਬੋਲਣ ਦੀ ਹਿੰਮਤ ਕਰਦਾ। ਪਰ ਮੈਥੋਂ ਬੋਲਿਆ ਕੁਝ ਵੀ ਨਹੀਂ ਸੀ ਜਾਂਦਾ।

ਮੈਂ ਬਹੁਤ ਪਰੇਸ਼ਾਨ ਸੀ।

ਕਰਾਂ ਤਾਂ ਕੀ ਕਰਾਂ?

ਆਖ਼ਰ ਹਿੰਮਤ ਜਿਹੀ ਇਕੱਠੀ ਕਰਕੇ ਮੈਂ ਕਿਹਾ ਕਿ "ਮੇਰੇ ਵਿਚਲਾ ਕਾਮਰੇਡ ਜਾਗ ਪਿਆ ਹੈ। ਭਲਾ ਹੱਕ ਮੰਗਿਆਂ ਕਦੇ ਮਿਲਦੇ ਹਨ? ਇਹ ਤਾਂ ਖੋਹੇ ਜਾਂਦੇ ਹਨ। ਮੈਂ ਵੀ ਇਹ ਪੁਰਸਕਾਰ ਖੋਹਿਆ ਹੀ ਹੈ। ਜੇ ਮੈਂ ਨਾ ਖੋਹਦਾ ਤਾਂ ਮੇਰੇ ਨਾਲੋਂ ਕੋਈ ਹੋਰ ਜ਼ੋਰਾਵਰ ਖੋਹ ਕੇ ਲੈ ਜਾਂਦਾ।"

"ਨਾਲੇ ਕਿੰਨਾ ਚਿਰ ਹੋ ਗਿਆ ਮੈਨੂੰ ਲਿਖਦੇ ਨੂੰ? ਡੇਢ ਦਰਜਨ ਕਿਤਾਬਾਂ ਮੈਂ ਮਾਂ-ਬੋਲੀ ਪੰਜਾਬੀ ਦੀ ਝੋਲੀ ਵਿੱਚ ਪਾਈਆਂ। ਅੱਧੀ ਦਰਜਨ ਖਰੜੇ ਪਏ ਹਨ। ਇਹ ਕੋਈ ਘੱਟ ਪ੍ਰਾਪਤੀ ਹੈ? ਮੇਰੀਆਂ ਪ੍ਰਾਪਤੀਆਂ ਨੂੰ ਇਹ ਮਾਣ ਮਿਲਣਾ ਚਾਹੀਦਾ ਸੀ। ਪਰ ਅਗਲਿਆਂ ਦਿੱਤਾ ਨਹੀਂ ਤਾਂ ਜ਼ਬਰਦਸਤੀ ਲੈਣਾ ਪਿਆ!"

"ਅੱਛਾ! ਇਹ ਤੇਰੀਆਂ ਪ੍ਰਾਪਤੀਆਂ ਨੂੰ ਇਨਾਮ, ਸਨਮਾਨ ਤੇ ਪੁਰਸਕਾਰ ਮਿਲਿਆ ਹੈ?"

ਉਸ ਨੇ ਮੇਰੀ ਗੱਲ ਵਿਚੋਂ ਹੀ ਕੱਟ ਦਿੱਤੀ ਤੇ ਫਿਰ ਸਵਾਲ ਦਾਗ ਦਿੱਤਾ।

"ਸੌ ਹੱਥ ਰੱਸਾ, ਸਿਰੇ 'ਤੇ ਗੰਢ! ਤੂੰ ਕਹਾਣੀਆਂ ਨਾ ਪਾ, ਸਿੱਧੀ ਗੱਲ ਦੱਸ।"

"ਤੂੰ ਇਹ ਪੁਰਸਕਾਰ ਲੈਣ ਲਈ ਕੀ-ਕੀ ਨਹੀਂ ਪਾਪੜ ਵੇਲੇ? ਲੋਕਾਂ ਦੀਆਂ ਜੁੱਤੀਆਂ ਘਸਦੀਆਂ ਨੇ, ਤੇਰੇ ਤਾਂ ਕਾਰ ਦੇ ਟਾਇਰ ਹੀ ਘਸੇ ਪਏ ਨੇ! ਬੈਂਕ ਬੈਲੈਂਸ ਘੱਟ ਗਿਆ।"

"ਨਾਲੇ ਤੇਰੀਆਂ ਮਨ ਨਾਲ ਕੀਤੀਆਂ ਗੱਲਾਂ ਵਾਲੀਆਂ ਰਚਨਾਵਾਂ ਨੇ ਲੋਕਾਂ ਦਾ ਕੀ ਸੰਵਾਰਨਾ ਹੈ? ਤੈਨੂੰ ਪਤਾ ਹੈ ਕਿ ਇੱਥੇ ਆਮ ਲੋਕਾਂ ਦਾ ਜਿਊਣਾ ਦੁੱਭਰ ਹੋਇਆ ਪਿਆ ਹੈ? ਤੂੰ ਇਸ਼ਕ ਦੀਆਂ ਗੱਲਾਂ ਕਰੀ ਜਾਂਦਾ ਹੈਂ। ਸਾਰਾ ਕਿੱਸਾ-ਕਾਵਿ ਤਾਂ ਇਨ੍ਹਾਂ ਨਾਲ ਭਰਿਆ ਪਿਆ ਹੈ। ਤੂੰ ਕੀ ਨਵਾਂ ਚੰਦ ਚਾੜ੍ਹ ਰਿਹਾ ਹੈਂ?"

"ਦੂਜੇ ਪਾਸੇ ਆਮ ਲੋਕਾਂ ਦਾ ਕਚੂੰਬਰ ਨਿਕਲ ਗਿਆ ਤੇ ਤੂੰ ਪਿਆਰ ਦੀਆਂ ਗੱਲਾਂ ਕਰੀ ਜਾਂਦਾ ਹੈਂ?"

"ਉਨ੍ਹਾਂ ਲੋਕਾਂ ਬਾਰੇ ਵੀ ਕੁਝ ਲਿਖ, ਜਿਨ੍ਹਾਂ ਦੀ ਮਿਹਨਤ ਵਿੱਚੋਂ ਇਹ ਪੁਰਸਕਾਰ ਮਿਲਿਆ। ਪੈਸਾ ਤਾਂ ਲੋਕਾਂ ਦਾ ਹੈ। ਪਰ ਤੈਂ ਕਦੇ ਲੋਕਾਂ ਦੀ ਗੱਲ ਕੀਤੀ ਹੈ?"

"ਇੱਥੇ ਹਰ ਬੰਦਾ ਟੈਕਸ ਅਦਾ ਕਰਦਾ ਹੈ। ਇਨਾਮ ਤਾਂ ਲੋਕ ਦਿੰਦੇ ਹਨ। ਕਦੇ ਲੋਕਾਂ ਨੇ ਤੈਨੂੰ ਪੁਰਸਕਾਰ ਦਿੱਤਾ ਹੈ, ਵੱਡਿਆ ਕਵੀਆ?"

"ਵੱਡਾ ਵਿਦਵਾਨ ਬਣਿਆ ਫਿਰਦਾ!"

ਇਨ੍ਹਾਂ ਸਵਾਲਾਂ ਦੀ ਝੜੀ ਨੇ ਮੈਨੂੰ ਪਾਣੀ-ਪਾਣੀ ਕਰ ਦਿੱਤਾ।

ਮੈਂ ਸੋਚਣ ਲੱਗਿਆ ਕਿ

"ਕੀ ਖੱਟਿਆ ਮੈਂ ਇਹ ਪੁਰਸਕਾਰ ਲੈ ਕੇ?"

ਲੋਕਾਂ ਵਿੱਚ ਤਾਂ ਜ਼ਰੂਰ ਮੈਂ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ, ਸ਼੍ਰੋਮਣੀ ਕਵੀ, ਕੌਮੀ ਤੇ ਰਾਜ ਕਵੀ ਬਣ ਗਿਆ, ਪਰ ਆਪਣੀ 'ਮੈਂ' ਦੇ ਸਾਹਮਣੇ ਮੈਂ ਕੁਝ ਵੀ ਨਹੀਂ।

ਨਾਲੇ ਸਰਕਾਰੀ ਇਨਾਮ ਲੈਣ ਨਾਲ ਬੰਦਾ ਵੱਡਾ ਲੇਖਕ ਨਹੀਂ ਬਣ ਜਾਂਦਾ। ਉਹ ਵੱਡਾ ਲੇਖਕ ਤਾਂ ਹੀ ਬਣ ਸਕਦਾ ਹੈ, ਜੇ ਲੋਕ ਉਸ ਨੂੰ ਮਾਨਤਾ ਦੇਣ। ਮੈਨੂੰ ਲੋਕਾਂ ਨੇ ਤਾਂ ਮਾਨਤਾ ਦਿੱਤੀ ਹੀ ਨਹੀਂ। ਨਾਲੇ ਲੋਕ ਤਾਂ ਹੀ ਮਾਨਤਾ ਦੇਣਗੇ, ਜੇ ਮੈਂ ਲੋਕਾਂ ਦੀ ਗੱਲ ਕਰਾਂਗਾ। ਮੈਂ ਤਾਂ ਅਜੇ ਪਿਆਰ ਵਿੱਚੋਂ ਹੀ ਬਾਹਰ ਨਹੀਂ ਨਿਕਲਿਆ। ਕਬਰਾਂ ਵਿੱਚ ਲੱਤਾਂ ਆ ਗਈਆਂ, ਅਜੇ ਵੀ ਮੈਨੂੰ 'ਮਹਿਬੂਬ' ਦੀ ਉਡੀਕ ਹੈ। ਇਸੇ ਕਰਕੇ ਮੈਂ ਆਪਣੀ ਮਹਿਬੂਬ ਦੀ ਉਡੀਕ ਵਿੱਚ ਲਿਖੀ ਜਾਂਦਾ ਹਾਂ।

ਮੈਂ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ।

ਗੱਲਾਂ ਤਾਂ ਮੈਂ ਕਰਦਾ ਸੀ, ਪਰ ਆਪਣੀ 'ਮੈਂ' ਦੇ ਸਾਹਮਣੇ ਗੋਡੇ ਟੇਕੀ ਬੈਠਾ ਸੀ।

ਇੱਕ ਵਾਰ ਮਨ ਵਿੱਚ ਆਇਆ ਕਿ ਮੈਂ ਘਰੋਂ ਬਾਹਰ ਨਿਕਲ ਕੇ ਉੱਚੀ-ਉੱਚੀ ਰੌਲਾ ਪਾਵਾਂ।

"ਮੈਨੂੰ ਇਹ ਪੁਰਸਕਾਰ ਮਿਲਿਆ ਨਹੀਂ, ਸਗੋਂ ਮੈਂ ਇਸ ਨੂੰ ਹਥਿਆਇਆ ਹੈ। ਇਸ ਦੀ ਜਿਊਰੀ ਦੇ ਮੈਂਬਰਾਂ ਨੂੰ ਗੰਢਿਆ ਹੈ। ਉਨ੍ਹਾਂ ਦੀ 'ਸੇਵਾ' ਕੀਤੀ ਹੈ। 'ਸੇਵਾ' ਵਿੱਚ ਸਭ ਕੁਝ—ਪੱਕੇ ਤੋਂ ਕੱਚੇ ਮਾਸ ਤੱਕ—ਸ਼ਾਮਲ ਸੀ।"

"ਪਰ ਮੈਂ ਇਸ ਪੁਰਸਕਾਰ ਦਾ ਹੱਕਦਾਰ ਨਹੀਂ ਸੀ। ਮੈਂ ਕਿਸੇ ਹੋਰ ਦਾ ਹੱਕ ਮਾਰਿਆ ਹੈ। ਮੈਂ ਦੋਸ਼ੀ ਹਾਂ—ਲੋਕਾਂ ਦਾ ਵੀ ਤੇ ਆਪਣੀ ਜ਼ਮੀਰ ਦਾ ਵੀ।"

ਮੈਂ ਸੱਚਮੁੱਚ ਉੱਚੀ-ਉੱਚੀ ਚੀਕ ਰਿਹਾ ਸੀ।

ਮੇਰੀ ਘਰਵਾਲੀ ਮੇਰੇ ਕੋਲ ਕੜਛੀ ਵਿੱਚ ਗੁੱਗਲ ਲਈ ਖੜ੍ਹੀ ਸੀ। ਘਰ ਵਿੱਚ ਧੂੰਆਂ ਹੀ ਧੂੰਆਂ ਹੋਇਆ ਪਿਆ ਸੀ, ਪਰ ਉਸ ਦੀ ਨਿਗ੍ਹਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵੱਲ ਸੀ।

ਉਹ ਅਰਦਾਸ ਕਰ ਰਹੀ ਸੀ। ਮੈਨੂੰ ਨਹੀਂ ਪਤਾ ਕਿ ਉਹ ਅਰਦਾਸ ਕੀ ਕਰਦੀ ਸੀ?

ਹਾਂ ਉਹ ਕਹਿ ਰਹੀ ਸੀ।

"ਇਹੋ ਜਿਹੇ ਪੁਰਸਕਾਰ ਨਾਲੋਂ ਵਾਹਿਗੁਰੂ, ਅਸੀਂ ਐਵੇਂ ਹੀ ਚੰਗੇ ਹਾਂ।"

ਹੁਣ ਮੈਂ ਚੰਗਾ ਬਣਨ ਦੀ ਸੋਚ ਰਿਹਾ ਸੀ।

ਤਾਂ ਕਿ ਜਿਨ੍ਹਾਂ ਲੋਕਾਂ ਵੱਲ ਮੈਂ ਪਿੱਠ ਮੋੜੀ ਸੀ, ਉਨ੍ਹਾਂ ਵੱਲ ਮੂੰਹ ਕਰ ਸਕਾਂ।

ਮੈਨੂੰ ਆਪਣੇ ਆਪ ਤੋਂ ਲਾਹਣਤ ਆ ਰਹੀ ਸੀ।

ਮੈਂ ਛੇਤੀ ਦੇ ਕੇ ਉੱਠਦਾ ਹਾਂ, ਪੁਰਸਕਾਰ ਚੁੱਕਦਾ ਹਾਂ ਤੇ ਘਰੋਂ ਬਾਹਰ ਵਗਾਹ ਕੇ ਮਾਰ ਦਿੰਦਾ ਹਾਂ।

ਸ਼ਾਇਦ ਉਸ ਦਿਨ ਪਹਿਲੀ ਵਾਰ ਮੈਨੂੰ ਪੁਰਸਕਾਰ ਨਹੀਂ ਸਗੋਂ ਆਪਣੀ 'ਮੈਂ' ਤੋਂ ਮੁਕਤੀ ਮਿਲੀ ਸੀ।

ਪੋਸਟ ਸਕ੍ਰਿਪਟ

ਹਥਿਆਰਬੰਦ ਕਲਮਾਂ ਵੱਲੋਂ ਪੁਰਸਕਾਰ ਹਥਿਆਉਣ ਕਰਕੇ ਕਈ ਸੱਚੇ ਬੰਦੇ ਵੀ ਬੋਲਦੇ ਨਹੀਂ। ਪਰ ਸੁਣਿਆ ਹੈ ਕਿ ਉਹ ਵੀ ਕੁੱਤੇ-ਝਾਕ ਵਿੱਚ ਹਨ—ਆਸ ਲਾਈ ਬੈਠੇ ਹਨ ਕਿ ਹੋ ਸਕਦਾ ਹੈ, ਕੱਲ੍ਹ ਨੂੰ ਮੈਨੂੰ ਵੀ ਪੁਰਸਕਾਰ ਮਿਲ ਜਾਵੇ!

ਹੁਣ ਇਹ ਪੁਰਸਕਾਰ ਸੰਸਥਾਵਾਂ ਵੱਲੋਂ ਦਿੱਤੇ ਨਹੀਂ ਜਾਂਦੇ, ਸਗੋਂ ਜਿਉਣੇ ਮੋੜ ਵਾਂਗ, ਲੌਂਗੋਵਾਲ ਦੀਆਂ ਤੀਆਂ ਵਾਂਗ ਲੁੱਟੇ ਜਾਂਦੇ ਹਨ।

ਜਿਹੜਾ ਬਾਜ਼ੀ ਮਾਰ ਗਿਆ—ਉਹੀ ਗੋਰਖਨਾਥ ਦਾ ਚੇਲਾ!

ਕੋਈ ਸਮਾਂ ਸੀ ਜਦੋਂ ਪੁਰਸਕਾਰ ਦੀ ਆਪਣੀ ਮਹੱਤਤਾ ਹੁੰਦੀ ਸੀ। ਹੁਣ ਤਾਂ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਇਸ ਵਾਰ ਕਿਹੜੇ ਨੂੰ 'ਢੁੱਕੂ' ਪੁਰਸਕਾਰ। ਇਹ ਬਿਮਾਰੀ ਸੁਖਪਾਲਵੀਰ ਹਸਰਤ ਵੇਲੇ ਸ਼ੁਰੂ ਹੋਈ ਸੀ, ਜੋ ਹੁਣ ਕੈਂਸਰ ਬਣ ਗਈ ਹੈ। ਹੁਣ ਨਾ ਬਿਮਾਰੀ ਹਟਦੀ ਹੈ ਤੇ ਨਾ ਮਰੀਜ਼—ਲੇਖਕ, ਕਵੀ, ਆਲੋਚਕ, ਪੱਤਰਕਾਰ, ਰਾਗੀ, ਢਾਡੀ—ਕੋਈ ਬਚਦਾ ਹੈ।

ਬੋਲਣਾ ਸਮੇਂ ਦੀ ਲੋੜ ਹੁੰਦਾ ਹੈ।

ਤੁਸੀਂ ਇਸ ਵੇਲੇ ਵੀ ਨਹੀਂ ਬੋਲੇ ਤਾਂ ਤੁਸੀਂ ਜਿਉਂਦੇ ਨਹੀਂ—ਲਾਸ਼ਾਂ ਹੋ!

ਉਂਝ ਜਸਵੀਰ ਸਿੰਘ ਭੁੱਲਰ ਨੇ ਆਪਣੇ ਨਾਵਲ 'ਖਿੱਦੋ' ਵਿੱਚ ਕੁਝ ਕੁ ਮੁੱਖ ਲੀਰਾਂ ਬਾਰੇ ਦੱਸਿਆ ਹੈ।

ਬਾਕੀ ਸਭ ਕਤਾਰ ਵਿੱਚ ਲੱਗੇ ਹਨ।







## ਧੰਨਵਾਦ ਸਰਕਾਰੇ !

# ਮੇਰੇ ਕੋਲ ਵੀਲ੍ਹ ਚੇਅਰ ਹੈ...



ਚਰਨਜੀਤ ਭੁੱਲਰ

ਚੰਡੀਗੜ੍ਹ : ਜਦੋਂ ਹਕੂਮਤ ਪੱਥਰ-ਦਿਲ ਹੋ ਜਾਵੇ ਤਾਂ ਵੀਲ੍ਹ ਚੇਅਰ 'ਤੇ ਬੈਠੇ ਇਨਸਾਨ ਦੀ ਪੀੜ ਵੀ ਮਹਿਸੂਸ ਨਹੀਂ ਹੁੰਦੀ। ਇੰਜ ਹੋਇਆ ਹੈ ਮਾਨਸਾ ਜ਼ਿਲ੍ਹੇ ਦੇ ਪਿੰਡ ਦਾਤੇਵਾਸ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁੱਖ ਅਧਿਆਪਕ ਹਰਵਿੰਦਰ ਸਿੰਘ ਨਾਲ, ਜੋ ਬਚਪਨ ਉਮਰੇ ਹੀ ਪੋਲਿਓ ਦਾ ਸ਼ਿਕਾਰ ਹੋ ਗਿਆ ਸੀ। ਕੱਲ੍ਹ ਜਦੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਇਨਕਲਾਬੀ ਨਾਇਕ ਨੂੰ ਹਰ ਕੋਈ ਸਿਜਦਾ ਕਰ ਰਿਹਾ ਸੀ, ਤਾਂ ਠੀਕ ਉਸੇ ਦਿਨ ਅਪਾਹਜ ਹਰਵਿੰਦਰ ਸਿੰਘ ਨੂੰ ਵਿਭਾਗੀ ਤਰੱਕੀ ਦੇ ਲਿਖਤੀ ਹੁਕਮ ਮਿਲਦੇ ਹਨ। ਸਿੱਖਿਆ ਵਿਭਾਗ ਪੰਜਾਬ ਨੇ ਬਤੌਰ ਅੰਗਰੇਜ਼ੀ ਅਧਿਆਪਕ ਤਰੱਕੀ ਦੇਣ ਉਪਰੰਤ ਹਰਵਿੰਦਰ ਸਿੰਘ ਦੀ ਤਾਇਨਾਤੀ ਘਰ ਤੋਂ ਕਰੀਬ 250 ਕਿਲੋਮੀਟਰ ਦੂਰ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਕੱਸੋ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਕਰ ਦਿੱਤੀ ਹੈ। ਉਹ ਇਨ੍ਹਾਂ ਹੁਕਮਾਂ ਨੂੰ ਕੀ ਸਮਝੇ, ਤਰੱਕੀ ਜਾਂ ਸਜ਼ਾ! ਉਹ ਦਸ ਸਾਲ ਪਹਿਲਾਂ ਇਸ ਤਰੱਕੀ ਦੇ ਯੋਗ ਹੋ ਗਿਆ ਸੀ।




ਜਦੋਂ ਉਸ ਨੂੰ ਤਰੱਕੀ ਦਾ ਪਤਾ ਲੱਗਿਆ ਤਾਂ ਉਸ ਦੇ ਚਿਹਰੇ 'ਤੇ ਖ਼ੁਸ਼ੀ ਛਾ ਗਈ, ਪ੍ਰੰਤੂ ਜਦੋਂ 250 ਕਿਲੋਮੀਟਰ ਦੂਰ ਤਾਇਨਾਤੀ ਦਾ ਫ਼ਰਮਾਨ ਦੇਖਿਆ ਤਾਂ ਉਸ ਦੀ ਖ਼ੁਸ਼ੀ ਹੰਝੂਆਂ 'ਚ ਬਦਲ ਗਈ। ਹਰਵਿੰਦਰ ਸਿੰਘ ਨੂੰ ਇਹ ਹੁਕਮ ਪੀੜਾ ਦਾ ਪਰਵਾਨਾ ਜਾਪੇ। ਉਸ ਨੇ ਕਿਹਾ ਕਿ 'ਧੰਨਵਾਦ ਸਰਕਾਰੇ! ਵਰ੍ਹਿਆਂ ਬਾਅਦ ਮਿਲੀ 'ਇੰਗਲਿਸ਼ ਮਾਸਟਰ' ਦੀ ਤਰੱਕੀ 'ਤੇ ਅਜਿਹਾ ਤੋਹਫ਼ਾ ਦਿੱਤਾ ਕਿ ਯਾਦਗਾਰ ਬਣ ਗਈ।' ਉਸ ਨੇ ਕਿਹਾ ਕਿ ਘਰ ਤੋਂ 250 ਕਿਲੋਮੀਟਰ ਦੂਰ ਤਰਨ ਤਾਰਨ ਹੈ, ਸ਼ੁਕਰ ਹੈ ਮੇਰੇ ਕੋਲ ਵੀਲ੍ਹ ਚੇਅਰ ਹੈ, ਨਹੀਂ ਤਾਂ ਇੰਨੀ ਦੂਰੀ 'ਤੇ ਜਾਣਾ ਔਖਾ ਹੋ ਜਾਂਦਾ। ਸਰਕਾਰ ਦੀ ਇਸ ਦੂਰਅੰਦੇਸ਼ੀ ਨੀਤੀ ਨੂੰ ਸਲਾਮ।' ਇਹ ਮਹਿਜ਼ ਸ਼ਬਦ ਨਹੀਂ, ਬਲਕਿ ਇੱਕ ਅਪਾਹਜ ਇਨਸਾਨ ਦੀ ਚੀਕ ਹੈ। ਉਹ ਦੱਸਦਾ ਹੈ ਕਿ ਮਾਨਸਾ ਜ਼ਿਲ੍ਹੇ ਅਤੇ ਨੇੜਲੇ ਜ਼ਿਲ੍ਹਿਆਂ 'ਚ ਵੀ ਅੰਗਰੇਜ਼ੀ ਅਧਿਆਪਕਾਂ ਦੀ ਤਾਇਨਾਤੀ ਹੋਈ ਹੈ, ਪ੍ਰੰਤੂ ਉਸ ਦੇ ਇਹ ਸਮਝੋਂ ਬਾਹਰ ਹੈ ਕਿ ਉਸ ਨਾਲ ਹੀ ਕਿਉਂ ਇਹ ਮਜ਼ਾਕ ਕੀਤਾ ਗਿਆ ਹੈ।

ਹਰਵਿੰਦਰ ਸਿੰਘ ਆਖਦਾ ਹੈ ਕਿ ਉਹ ਤਰੱਕੀ ਲੈਣ ਤੋਂ ਇਨਕਾਰ ਕਰਦਾ ਹੈ। ਇਹ ਤਾਇਨਾਤੀ ਦੇ ਹੁਕਮ ਉਸ ਲਈ ਮਾਨਸਿਕ ਤਸ਼ੱਦਦ ਵਾਂਗ ਹਨ। ਜਦੋਂ ਪੰਜਾਬ ਸਰਕਾਰ ਨੇ ਅਧਿਆਪਕ ਫ਼ਿਨਲੈਂਡ ਭੇਜੇ ਤਾਂ ਹਰਵਿੰਦਰ ਸਿੰਘ ਨੇ ਸਾਬਤ ਕੀਤਾ ਕਿ ਉਹ ਕਿਸੇ ਗੱਲੋਂ ਘੱਟ ਨਹੀਂ, ਉਹ ਫ਼ਿਨਲੈਂਡ ਤੋਂ ਸਿਖਲਾਈ ਲੈ ਕੇ ਵਾਪਸ ਪਰਤਿਆ। ਹਰਵਿੰਦਰ ਸਿੰਘ ਆਖਦਾ ਹੈ ਕਿ ਜ਼ਿੰਦਗੀ 'ਚ ਹਰ ਚੁਣੌਤੀ ਕਬੂਲ ਕੀਤੀ, ਪ੍ਰੰਤੂ ਸਰਕਾਰ ਨੇ ਇਹ ਚੁਣੌਤੀ ਜਾਣ-ਬੁੱਝ ਕੇ ਦਿੱਤੀ ਹੈ। ਹਰਵਿੰਦਰ ਸਿੰਘ ਦੀ ਜ਼ਿੰਦਗੀ ਨੇ ਬਚਪਨ ਉਮਰੇ ਪ੍ਰੀਖਿਆ ਲਈ। ਉਹ ਹਰ ਚੁਣੌਤੀ ਨੂੰ ਟਿੱਚਰ ਕਰਕੇ ਲੰਘਿਆ। ਉਸ ਨੇ ਪੋਸਟ ਗ੍ਰੈਜੂਏਸ਼ਨ ਅਤੇ ਬੀ.ਐੱਡ. ਕੀਤੀ। ਉਨ੍ਹਾਂ ਦੇ ਪਿਤਾ ਇਕਬਾਲ ਸਿੰਘ ਟੇਲਰ ਮਾਸਟਰ ਹਨ, ਜੋ ਆਪਣੇ ਅਪਾਹਜ ਲੜਕੇ ਨੂੰ ਅਸਲੀ ਮਾਸਟਰ ਵਜੋਂ ਦੇਖਣਾ ਚਾਹੁੰਦੇ ਸਨ। ਪਿਤਾ ਦਾ ਥਾਪੜਾ ਤੇ ਖ਼ੁਦ ਦੀ ਹਿੰਮਤ, ਦੋਵਾਂ ਨੇ ਮਿਲ ਕੇ ਹਰਵਿੰਦਰ ਨੂੰ 2006 'ਚ ਅਧਿਆਪਕ ਬਣਾ ਦਿੱਤਾ।

ਵਿੱਤੀ ਵਸੀਲੇ ਹੀ ਨਹੀਂ ਸਨ, ਜਿਸ ਕਰਕੇ ਹਰਵਿੰਦਰ ਸਿੰਘ ਆਪਣੀ ਪੜ੍ਹਾਈ ਦੌਰਾਨ ਵੀਲ੍ਹ ਚੇਅਰ ਵੀ ਨਹੀਂ ਲੈ ਸਕਿਆ। ਉਸ ਨੂੰ ਨੌਕਰੀ ਉਪਰੰਤ ਪਹਿਲੀ ਤਨਖ਼ਾਹ ਮਿਲੀ ਤਾਂ ਉਸ ਨੇ ਵੀਲ੍ਹ ਚੇਅਰ ਲਈ। ਅਧਿਆਪਕ ਹਰਵਿੰਦਰ ਸਿੰਘ ਨੂੰ ਸੰਗੀਤ ਦੀ ਚੰਗੀ ਸਮਝ ਹੈ। ਉਹ ਦੱਸਦਾ ਹੈ ਕਿ ਪੰਜਾਬ ਸਰਕਾਰ ਦੀ ਬਕਾਇਦਾ ਇੱਕ ਪਾਲਿਸੀ ਹੈ ਕਿ ਅੰਗਹੀਣ ਮੁਲਾਜ਼ਮ ਨੂੰ ਘਰ ਤੋਂ ਦੂਰ ਤਾਇਨਾਤ ਨਹੀਂ ਕਰਨਾ। ਅਧਿਆਪਕ ਜਥੇਬੰਦੀਆਂ ਦੇ ਆਗੂ ਆਖਦੇ ਹਨ ਕਿ ਇਕੱਲਾ ਹਰਵਿੰਦਰ ਸਿੰਘ ਨਹੀਂ, ਬਲਕਿ ਹੋਰ ਵੀ ਕਿੰਨੇ ਅਪਾਹਜ ਮੁਲਾਜ਼ਮ ਹਨ ਜਿਨ੍ਹਾਂ ਨੂੰ ਦੂਰ-ਦੁਰਾਡੇ ਦੇ ਸਟੇਸ਼ਨਾਂ 'ਤੇ ਭੇਜ ਦਿੱਤਾ ਗਿਆ ਹੈ।

**ਹਰਵਿੰਦਰ ਸਿੰਘ ਦਾ ਸਟੇਸ਼ਨ ਦਰੁਸਤ ਕਰਾਂਗੇ : ਬੈਂਸ**

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਵਿਭਾਗੀ ਤਰੱਕੀ ਪ੍ਰਕਿਰਿਆ 'ਚ ਕਿਸੇ ਕਾਨੂੰਨੀ ਅੜਿੱਕੇ ਦੇ ਡਰੋਂ ਇਕਦਮ ਸਾਰੇ ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕੀਤੇ ਗਏ ਹਨ। ਵਿਭਾਗ ਨੇ ਹਰਵਿੰਦਰ ਸਿੰਘ ਨਾਲ ਵੀ ਰਾਬਤਾ ਕਾਇਮ ਕੀਤਾ ਹੈ। ਬੈਂਸ ਨੇ ਦੱਸਿਆ ਕਿ ਉਹ ਦੋ-ਤਿੰਨ ਦਿਨਾਂ 'ਚ ਹੀ ਹਰਵਿੰਦਰ ਸਿੰਘ ਸਮੇਤ ਬਾਕੀ ਦੇ ਸਟੇਸ਼ਨਾਂ ਦੀ ਦਰੁਸਤੀ ਕਰ ਦੇਣਗੇ। ਦੂਜੇ ਪਾਸੇ ਹਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸਾਰੇ ਅਪਾਹਜ ਅਧਿਆਪਕਾਂ ਦੇ ਸਟੇਸ਼ਨਾਂ 'ਤੇ ਪਹਿਲਾਂ ਮੁੜ ਵਿਚਾਰ ਕਰੇ।

# ਮਰਦ ਵੀ ਟੁੱਟਦਾ ਹੈ... ਬਸ ਰੋਂਦਾ ਨਹੀਂ

ਅੱਜ ਮੈਂ ਆਪਣੇ ਹੀ ਕਿਸੇ ਖਾਸ ਪਰਿਵਾਰ ਦੀ ਗੱਲ ਤੁਹਾਡੇ ਨਾਲ ਸਾਂਝੀ ਕਰਨ ਲੱਗੀ ਆਂ ਜੋ ਮੈਂ ਮਹਿਸੂਸ ਕੀਤਾ ਮੈਂ ਉਹ ਲਿਖਣ ਦੀ ਕੋਸ਼ਿਸ਼ ਕਰ ਰਹੀ ਹਾ!... ਇੱਕ ਮਾਂ ਬਾਪ ਨੇ ਆਪਣੀ ਧੀ ਦੇ ਸੁਨਹਿਰੇ ਭਵਿੱਖ ਲਈ ਆਪਣੀ ਜ਼ਿੰਦਗੀ ਦੀ ਸਾਰੀ ਜਮ੍ਹਾਂ ਪੂੰਜੀ ਲਾ ਦਿੱਤੀ। ਪਹਿਲਾਂ ਗਹਿਣੇ ਵੇਚੇ, ਧੀ ਨੂੰ ਕੈਨੇਡਾ ਭੇਜਿਆ। ਫਿਰ ਜਦੋਂ ਉੱਥੇ ਪੜ੍ਹਾਈ ਤੇ ਹੋਰ ਖਰਚੇ ਆਏ ਤਾਂ ਬੈਂਕ ਤੋਂ ਲੋਨ ਲੈ ਕੇ ਫੀਸ ਭੇਜੀ। ਜਿਹੜੀ ਥੋੜ੍ਹੀ ਬਹੁਤੀ ਜ਼ਮੀਨ ਬਚੀ ਸੀ, ਉਹ ਵੀ ਵੇਚ ਦਿੱਤੀ। ਉਸਨੇ ਇਹ ਸਭ ਇਸ ਆਸ ਨਾਲ ਕੀਤਾ ਕਿ ਅੱਜ ਅਸੀਂ ਥੋੜ੍ਹਾ ਔਖਾ ਸਮਾਂ ਕੱਟ ਲੈਂਦੇ ਹਾਂ, ਕੱਲ੍ਹ ਬੱਚੀ ਆਪਣੇ ਪੈਰਾਂ 'ਤੇ ਖੜ੍ਹੀ ਹੋ ਜਾਵੇਗੀ।

ਕਦੇ ਘਰ ਵਿੱਚ ਲੱਖਾਂ ਰੁਪਏ ਦਾ ਲੈਣ-ਦੇਣ ਹੁੰਦਾ ਸੀ। ਪੈਸੇ ਦੀ ਕਮੀ ਮਹਿਸੂਸ ਨਹੀਂ ਹੁੰਦੀ ਸੀ। ਪਰ ਜਦੋਂ ਸਾਰੀ ਪੂੰਜੀ ਇੱਕ ਥਾਂ ਲੱਗ ਜਾਵੇ ਤੇ ਆਮਦਨ ਦੇ ਮੁਕਾਬਲੇ ਖਰਚੇ ਵਧ ਜਾਣ...ਤਾਂ ਉਹੀ ਘਰ, ਜਿੱਥੇ ਕਦੇ ਪੈਸੇ ਦੀ ਗੱਲ ਨਹੀਂ ਹੁੰਦੀ ਸੀ, ਉੱਥੇ ਹਰ ਮਹੀਨੇ ਦੇ ਖਰਚੇ ਦਾ ਹਿਸਾਬ ਲਾਉਣਾ ਪੈਂਦਾ ਹੈ। ਔਰਤ ਆਪਣਾ ਦੁੱਖ ਮਾਂ ਕੋਲ ਕਹਿ ਸਕਦੀ ਹੈ। ਭੈਣ ਕੋਲ ਬੈਠ ਕੇ ਰੋ ਸਕਦੀ ਹੈ। ਭਰਜਾਈ ਨਾਲ ਦਿਲ ਹੌਲਾ ਕਰ ਸਕਦੀ ਹੈ। ਕਿਸੇ ਨੂੰ ਕਹਿ ਸਕਦੀ ਹੈ—"ਮੈਂ ਥੱਕ ਗਈ ਹਾਂ..."ਪਰ ਮਰਦ?ਉਹ ਸਾਰਾ ਦਿਨ ਨੌਕਰੀ ਕਰਦਾ ਹੈ। ਡਿਊਟੀ 'ਤੇ ਬੈਠਾ ਵੀ ਦਿਮਾਗ ਵਿੱਚ ਇਹੀ ਹਿਸਾਬ ਚੱਲਦਾ ਰਹਿੰਦਾ ਹੈ—"ਘਰ ਕਿਵੇਂ ਚੱਲੇਗਾ?""ਲੋਨ ਕਿਵੇਂ ਉਤਰੇਗਾ?""ਜਿਹੜੀ ਜ਼ਮੀਨ ਵੇਚ ਦਿੱਤੀ, ਉਹ ਮੁੜ ਕਿਵੇਂ ਬਣੇਗੀ?""ਬੱਚਿਆਂ ਲਈ ਹੋਰ ਕਿੰਨਾ ਕਰਨਾ ਪਵੇਗਾ?"ਉਹ ਆਪਣਾ ਦਰਦ ਕਿਸ ਕੋਲ ਲੈ ਕੇ ਜਾਵੇ?ਮਰਦ ਨੂੰ ਬਚਪਨ ਤੋਂ ਹੀ ਸਿਖਾਇਆ ਜਾਂਦਾ ਹੈ

"ਮਰਦ ਬਣ... ਰੋਣਾ ਨਹੀਂ।"ਪਰ ਕੋਈ ਇਹ ਨਹੀਂ ਸਿਖਾਉਂਦਾ ਕਿ

ਮਰਦ ਨੂੰ ਵੀ ਕਦੇ-ਕਦੇ ਕਿਸੇ ਦੇ ਮੋਢੇ ਦੀ ਲੋੜ ਹੁੰਦੀ ਹੈ। ਕਈ ਵਾਰ ਜਦੋਂ ਉਹ ਬਿਲਕੁਲ ਅੰਦਰੋਂ ਹਾਰ ਜਾਂਦਾ ਹੈ, ਤਾਂ ਦੋ ਪੈਗ ਸ਼ਰਾਬ ਲਾ ਲੈਂਦਾ ਹੈ।

ਇਹ ਸ਼ਰਾਬ ਉਸਦੀ ਸਮੱਸਿਆ ਦਾ ਹੱਲ ਨਹੀਂ—ਪਰ ਕਈ ਵਾਰ ਉਹ ਉਸਦੇ ਅੰਦਰ ਦੱਬੇ ਦਰਦ ਦੀ ਇੱਕ ਗਲਤ ਨਿਕਾਸੀ ਬਣ ਜਾਂਦੀ ਹੈ। ਫਿਰ ਘਰ ਵਿੱਚ ਝਗੜਾ ਸ਼ੁਰੂ ਹੋ ਜਾਂਦਾ ਹੈ—"ਮੈਂ ਮਾੜੇ ਬੰਦੇ ਨਾਲ ਜ਼ਿੰਦਗੀ ਕੱਟ ਰਹੀ ਹਾਂ...""ਇਹ ਤਾਂ ਸ਼ਰਾਬੀ ਬਣ ਗਿਆ..."ਪਰ ਕਦੇ ਇੱਕ ਪਲ ਲਈ ਇਹ ਵੀ ਸੋਚੋ—ਸ਼ਾਇਦ ਇਹ ਬੰਦਾ ਮਾੜਾ ਨਹੀਂ...ਸ਼ਾਇਦ ਇਹ ਬੰਦਾ ਬਹੁਤ ਥੱਕਿਆ ਹੋਇਆ ਹੈ। ਸ਼ਾਇਦ ਇਹ ਬੰਦਾ ਅੰਦਰੋਂ ਡਰਿਆ ਹੋਇਆ ਹੈ। ਸ਼ਾਇਦ ਇਹ ਬੰਦਾ ਆਪਣੇ ਘਰ ਲਈ ਲੜਦਿਆਂ-ਲੜਦਿਆਂ ਆਪਣੇ ਆਪ ਨਾਲ ਹੀ ਹਾਰ ਰਿਹਾ ਹੈ। ਇਸਦਾ ਮਤਲਬ ਇਹ ਨਹੀਂ ਕਿ ਸ਼ਰਾਬ ਠੀਕ ਹੈ। ਨਹੀਂ। ਸ਼ਰਾਬ ਨਾ ਸਮੱਸਿਆ ਦਾ ਹੱਲ ਹੈ, ਨਾ ਪਰਿਵਾਰ ਦੇ ਦੁੱਖ ਦਾ ਇਲਾਜ। ਪਰ ਮਰਦ ਦੇ ਦਰਦ ਨੂੰ ਸਿਰਫ਼ ਉਸਦੀ ਇੱਕ ਗਲਤੀ ਨਾਲ ਪਰਿਭਾਸ਼ਿਤ ਕਰ ਦੇਣਾ ਵੀ ਠੀਕ ਨਹੀਂ। ਜਿਵੇਂ ਔਰਤ ਨੂੰ ਪਤੀ ਦੀ ਹਮਦਰਦੀ, ਪਿਆਰ, ਸਹਾਰਾ ਅਤੇ ਸਮਝ ਦੀ ਲੋੜ ਹੁੰਦੀ ਹੈ...ਉਵੇਂ ਹੀ ਮਰਦ ਨੂੰ ਵੀ ਆਪਣੀ ਔਰਤ ਦੇ ਦੋ ਪਿਆਰ ਭਰੇ ਬੋਲਾਂ ਦੀ ਲੋੜ ਹੁੰਦੀ ਹੈ। ਕਈ ਵਾਰ ਉਸਨੂੰ ਸਿਰਫ਼ ਇਹ ਸੁਣਨ ਦੀ ਲੋੜ ਹੁੰਦੀ ਹੈ—"ਫਿਕਰ ਨਾ ਕਰ... ਅਸੀਂ ਇਕੱਠੇ ਹਾਂ। ਪੈਸਾ ਮੁੜ ਆ ਜਾਵੇਗਾ। ਜ਼ਮੀਨ ਮੁੜ ਬਣ ਜਾਵੇਗੀ। ਬੱਚੇ ਵੀ ਆਪਣੀ ਜ਼ਿੰਦਗੀ ਬਣਾ ਲੈਣਗੇ। ਤੂੰ ਪਹਿਲਾਂ ਆਪਣੇ ਆਪ ਨੂੰ ਸੰਭਾਲ... ਮੈਂ ਤੇਰੇ ਨਾਲ ਹਾਂ।"ਇਹ ਚਾਰ ਬੋਲ ਸ਼ਾਇਦ ਉਸ ਮਰਦ ਨੂੰ ਉਸ ਸ਼ਰਾਬ ਦੇ ਪੈਗ ਨਾਲੋਂ ਕਿਤੇ ਵੱਧ ਸਹਾਰਾ ਦੇ ਸਕਦੇ ਹਨ। ਘਰ ਸਿਰਫ਼ ਪੈਸਿਆਂ ਨਾਲ ਨਹੀਂ ਚੱਲਦਾ, ਘਰ ਇੱਕ-ਦੂਜੇ ਦਾ ਦਰਦ ਸਮਝਣ ਨਾਲ ਚੱਲਦਾ ਹੈ। ਔਰਤ ਨੂੰ ਮਰਦ ਦੀ ਕਮਾਈ ਹੀ ਨਹੀਂ,ਉਸਦਾ ਦਬਾਅ ਵੀ ਸਮਝਣਾ ਚਾਹੀਦਾ ਹੈ। ਤੇ ਮਰਦ ਨੂੰ ਵੀ ਔਰਤ ਦੀਆਂ ਭਾਵਨਾਵਾਂ, ਉਸਦੀ ਥਕਾਵਟ ਅਤੇ ਉਸਦੇ ਦੁੱਖ ਨੂੰ ਸਮਝਣਾ ਚਾਹੀਦਾ ਹੈ। ਦੋਵੇਂ ਇੱਕ-ਦੂਜੇ ਦੇ ਖ਼ਿਲਾਫ਼ ਨਹੀਂ,ਇੱਕ-ਦੂਜੇ ਦੇ ਨਾਲ ਹੋਣੇ ਚਾਹੀਦੇ ਹਨ। ਕਿਉਂਕਿ ਜਦੋਂ ਜ਼ਿੰਦਗੀ ਦਾ ਔਖਾ ਸਮਾਂ ਆਉਂਦਾ ਹੈ,ਤਾਂ ਪੈਸਾ, ਜ਼ਮੀਨ ਤੇ ਜਾਇਦਾਦ ਨਹੀਂ...ਸਭ ਤੋਂ ਵੱਡਾ ਸਹਾਰਾ ਉਹ ਇਨਸਾਨ ਹੁੰਦਾ ਹੈ ਜੋ ਤੁਹਾਡੇ ਕੋਲ ਬੈਠ ਕੇ ਕਹੇ—"ਚਿੰਤਾ ਨਾ ਕਰ, ਮੈਂ ਤੇਰੇ ਨਾਲ ਹਾਂ।, ਮੇਰਾ ਇਹ ਪੋਸਟ ਪਾਉਣ ਦਾ ਮਤਲਬ ਸਿਰਫ ਇਹ ਹੈ ਕਿ ਔਰਤ ਨੂੰ ਵੀ ਮਰਦਾ ਦਾ ਦਰਦ ਸਮਝਣਾ ਚਾਹੀਦਾ ਹੈ ਤੇ ਘਰੇ ਕਲੇਸ਼ ਦੀ ਜਗਹਾ ਸਮਝ ਤੋਂ ਕੰਮ ਲੈਣਾ ਚਾਹੀਦਾ ਹੈ।



ਰਾਜਵਿੰਦਰ ਗਰੇਵਾਲ

# ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕਰਵਾਏ ਗਏ 'ਇੰਸਪੀਰੇਸ਼ਨਲ ਸਟੈੱਪਸ-2026' 'ਚ ਸੈਂਕੜੇ ਦੌੜਾਕਾਂ ਤੇ ਵਾਕਰਾਂ ਨੇ ਭਾਗ ਲਿਆ

## ਮੈਰਾਥਨ, ਹਾਫ਼-ਮੈਰਾਥਨ, 13 ਤੇ 6 ਕਿਲੋਮੀਟਰ ਦੌੜਾਂ ਵਿਚ ਪਹਿਲੇ ਸਥਾਨ 'ਤੇ ਆਉਣ ਵਾਲਿਆਂ ਨੂੰ ਕੀਤਾ ਗਿਆ ਸਨਮਾਨਿਤ





ਮਿਸੀਸਾਗਾ/ਬਰੈਂਪਟਨ (ਡਾ. ਝੰਡ) – ਅੰਤਰਰਾਸ਼ਟਰੀ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਦੀ ਯਾਦ ਨੂੰ ਸਮਰਪਿਤ 'ਇੰਸਪੀਰੇਸ਼ਨਲ ਸਟੈੱਪਸ-2026' ਲੰਘੇ ਐਤਵਾਰ 27 ਸਤੰਬਰ ਨੂੰ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਦੌੜਾਂ ਦਾ ਈਵੈਂਟ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸੈਂਕੜੇ ਦੌੜਾਕਾਂ ਤੇ ਵਾਕਰਾਂ ਨੇ ਭਾਗ ਲਿਆ। ਵੱਖ-ਵੱਖ ਦੂਰੀ ਦੀਆਂ ਇਹ ਮੈਰਾਥਨ, ਹਾਫ਼-ਮੈਰਾਥਨ, 13 ਕਿਲੋਮੀਟਰ ਤੇ 6 ਕਿਲੋਮੀਟਰ ਦੌੜਾਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਆਰੰਭ ਹੋਈਆਂ, ਜਦਕਿ ਇਨ੍ਹਾਂ ਸਾਰੀਆਂ ਦੌੜਾਂ ਦੀ ਸਮਾਪਤੀ ਦਾ ਸ਼ਾਨਦਾਰ ਸਥਾਨ (ਫ਼ਿਨਿਸ਼-ਪੁਆਇੰਟ) ਓਨਟਾਰੀਓ ਖਾਲਸਾ ਦਰਬਾਰ ਡਿਕਸੀ ਦੀ ਪਾਰਕਿੰਗ ਵਿੱਚ ਬਣਾਇਆ ਗਿਆ ਸੀ। ਇੱਥੇ ਪਹੁੰਚਣ 'ਤੇ ਜਿੱਥੇ ਸਾਰੇ ਦੌੜਾਕਾਂ ਤੇ ਵਾਕਰਾਂ ਦੇ ਗਲਿਆਂ 'ਚ ਮੈਡਲ ਪਾ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ, ਉੱਥੇ ਇਨ੍ਹਾਂ ਦੌੜਾਂ ਵਿੱਚ ਪਹਿਲੇ ਸਥਾਨ 'ਤੇ ਆਉਣ ਵਾਲੇ ਦੌੜਾਕਾਂ ਨੂੰ ਸ਼ਾਨਦਾਰ ਕੱਪਾਂ ਤੇ ਹੋਰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਈਵੈਂਟ ਦੇ ਪ੍ਰਬੰਧਕਾਂ ਵੱਲੋਂ 42.2 ਕਿਲੋਮੀਟਰ 'ਫ਼ੁੱਲ ਮੈਰਾਥਨ' ਸਕਾਰਬਰੋ ਦੇ ਗੁਰਦੁਆਰਾ ਸਾਹਿਬ ਤੋਂ ਸਵੇਰੇ 9.00 ਵਜੇ ਕਰਵਾਈ ਗਈ।

21.1 ਕਿਲੋਮੀਟਰ 'ਹਾਫ਼-ਮੈਰਾਥਨ' ਰਾਮਗੜ੍ਹੀਆ ਸਿੱਖ ਸੋਸਾਇਟੀ ਗੁਰੂਘਰ ਤੋਂ ਸਵੇਰੇ 11.00 ਵਜੇ ਸ਼ੁਰੂ ਹੋਈ ਅਤੇ 13 ਕਿਲੋਮੀਟਰ ਦੌੜ ਦਾ ਆਰੰਭ ਰੈਕਸਡੇਲ ਦੇ ਸਿੱਖ ਸਪਿਰਿਚੂਅਲ ਸੈਂਟਰ ਤੋਂ 12.00 ਵਜੇ ਹੋਇਆ, ਜਦਕਿ 6 ਕਿਲੋਮੀਟਰ ਦੌੜ ਗੁਰੂ ਸਿੰਘ ਸਭਾ ਗੁਰਦੁਆਰਾ ਮਾਲਟਨ ਜਿਸ ਨੂੰ 'ਮਾਲਟਨ ਗੁਰੂਘਰ' ਵਜੋਂ ਵੀ ਜਾਣਿਆ ਜਾਂਦਾ ਹੈ, ਤੋਂ ਬਾਅਦ ਦੁਪਹਿਰ 1.15 ਵਜੇ ਸ਼ੁਰੂ ਕੀਤੀ ਗਈ। ਹਰੇਕ ਗੁਰਦੁਆਰਾ ਸਾਹਿਬ ਤੋਂ ਦੌੜ ਦੀ ਸ਼ੁਰੂਆਤ ਗ੍ਰੰਥੀ ਸਿੰਘਾਂ ਵੱਲੋਂ ਕੀਤੀ ਗਈ ਅਰਦਾਸ ਨਾਲ ਕੀਤੀ ਗਈ।

ਦੌੜਾਕਾਂ ਅਤੇ ਵਾਕਰਾਂ ਦੀ ਸੱਭ ਤੋਂ ਵਧੇਰੇ ਗਿਣਤੀ ਮਾਲਟਨ ਗੁਰੂਘਰ ਤੋਂ 6 ਕਿਲੋਮੀਟਰ ਦੌੜਨ ਤੇ ਤੁਰਨ ਵਾਲਿਆਂ ਦੀ ਸੀ। ਇੱਥੇ ਵੀ ਇਸ ਦੀ ਸ਼ੁਰੂਆਤ ਇਸ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਦੁਆਰਾ ਕੀਤੀ ਗਈ ਅਰਦਾਸ ਨਾਲ ਕੀਤੀ ਗਈ। ਇਸ ਤੋਂ ਪਹਿਲਾਂ ਈਵੈਂਟ ਦੇ ਪ੍ਰਬੰਧਕਾਂ ਵੱਲੋਂ ਇਸ ਦੌੜ ਤੇ ਵਾਕ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਦੌੜ ਦੇ ਰਸਤੇ, ਜੋ ਇਸ ਵਾਰ ਡੈਰੀ ਰੋਡ ਦੀ ਬਜਾਏ ਡਰਿਊ ਰੋਡ ਦੇ ਕਿਨਾਰੇ ਚੱਲਣ ਦਾ ਸੀ, ਉੱਪਰ ਸਾਵਧਾਨੀ ਨਾਲ ਚੱਲਣ ਬਾਰੇ ਹਦਾਇਤਾਂ ਦਿੱਤੀਆਂ ਗਈਆਂ। ਵੱਖ-ਵੱਖ ਦੌੜਾਂ ਦੇ ਰੂਟ ਉੱਪਰ ਵਾਲੰਟੀਅਰ 'ਰਾਹ-ਦਸੇਰਿਆਂ' ਦਾ ਕੰਮ ਬਾਖ਼ੂਬੀ ਕਰ ਰਹੇ ਸਨ ਅਤੇ ਦੌੜ ਦੇ ਰਸਤੇ ਵਿੱਚ ਪਾਣੀ ਪੀਣ ਦੇ ਸਥਾਨਾਂ (ਵਾਟਰ ਸਟੇਸ਼ਨਾਂ) ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ। ਅਜਿਹੇ ਹੀ ਇੱਕ ਵਾਟਰ ਸਟੇਸ਼ਨ ਦਾ ਪ੍ਰਬੰਧ 'ਟੀ.ਪੀ.ਏ.ਆਰ. ਕਲੱਬ' ਦੇ ਵਾਲੰਟੀਅਰਾਂ ਵੱਲੋਂ ਟੌਰਬਰਮ ਰੋਡ ਤੇ ਡਰਿਊ ਰੋਡ 'ਤੇ ਕੀਤਾ ਗਿਆ। ਦੌੜਾਂ ਦੀ ਸਮਾਪਤੀ 'ਤੇ ਜਿੱਥੇ ਵੱਖ-ਵੱਖ ਦੌੜਾਂ ਦੀਆਂ ਮਰਦ ਤੇ ਔਰਤ ਕੈਟਾਗਰੀਆਂ ਵਿੱਚ ਪਹਿਲੇ ਸਥਾਨ 'ਤੇ ਆਉਣ ਵਾਲੇ ਦੌੜਾਕਾਂ ਨੂੰ ਪ੍ਰਬੰਧਕਾਂ ਵੱਲੋਂ ਕੱਪ ਅਤੇ ਹੋਰ ਇਨਾਮ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ, ਉੱਥੇ ਇਸ ਈਵੈਂਟ ਵਿੱਚ ਭਾਗ ਲੈਣ ਵਾਲੇ ਸਾਰੇ ਦੌੜਾਕਾਂ ਅਤੇ ਵਾਕਰਾਂ ਦੇ ਗਲ਼ੇ ਵਿੱਚ ਮੈਡਲ ਪਾ ਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ। 42.2 ਕਿਲੋਮੀਟਰ ਮੈਰਾਥਨ ਦੌੜ ਵਿੱਚ ਬਹਾਦਰ ਸਿੰਘ ਸ਼ੌਕਰ 4 ਘੰਟੇ 17 ਮਿੰਟ ਦੇ ਸਮੇਂ ਨਾਲ ਪਹਿਲੇ ਸਥਾਨ 'ਤੇ ਰਿਹਾ, ਜਦਕਿ ਛੋਟੀ ਉਮਰ ਦੇ ਦੋ ਦੌੜਾਕ ਭਰਾਵਾਂ ਰੈਹਤ ਸੇਤੀਆ ਅਤੇ ਹਰਗੁਨ ਸੇਤੀਆ ਨੇ ਇਸ ਨੂੰ ਪੂਰੀ ਲਈ ਕ੍ਰਮਵਾਰ 7 ਘੰਟੇ 22 ਮਿੰਟ ਤੇ 8 ਘੰਟੇ 8 ਮਿੰਟ ਸਮਾਂ ਲਿਆ। ਇਸ ਲੰਮੀ ਦੌੜ ਲਈ ਕੋਈ ਵੀ ਔਰਤ ਦੌੜਾਕ ਨਹੀਂ ਸੀ। ਅਲਬੱਤਾ, 42.2 ਕਿਲੋਮੀਟਰ ਦੀ 'ਰੀਲੇਅ-ਰੇਸ' ਵਿੱਚ ਸੁਖਵੀਰ ਸਹੋਤਾ, ਰਣਜੀਤ ਸਹੋਤਾ, ਬਲਜਿੰਦਰ ਸਹੋਤਾ ਤੇ ਗੁਰਲੀਨ ਢਿੱਲੋਂ ਦੀ ਪਰਿਵਾਰਕ ਟੀਮ 4 ਘੰਟੇ 32 ਮਿੰਟ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਰਹੀ।

ਏਸੇ ਤਰ੍ਹਾਂ 21.1 ਹਾਫ਼-ਮੈਰਾਥਨ ਵਿੱਚ ਮਰਦਾਂ ਵਿੱਚ ਗੁਰਸ਼ਰਨ ਸੋਢੀ ਤੇ ਔਰਤਾਂ ਵਿੱਚ ਹਰਲੀਨ ਸਿੱਧੂ ਕ੍ਰਮਵਾਰ 2 ਘੰਟੇ 9 ਮਿੰਟ ਅਤੇ 2 ਘੰਟੇ 35 ਮਿੰਟ ਦੇ ਸਮੇਂ ਨਾਲ ਪਹਿਲੇ ਸਥਾਨ 'ਤੇ ਆਏ। 13 ਕਿਲੋਮੀਟਰ ਦੌੜ ਵਿੱਚ ਮਰਦਾਂ 'ਚ ਪਰਵਿੰਦਰ ਸਚਦੇਵਾ ਅਤੇ ਸਿਮਰਨ ਘੁੰਮਣ ਨੇ 1 ਘੰਟਾ 6 ਮਿੰਟ ਤੇ 1 ਘੰਟਾ 19 ਮਿੰਟ ਸਮਾਂ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇੰਜ ਹੀ, 6 ਕਿਲੋਮੀਟਰ ਦੌੜ ਵਿੱਚ ਰਣਬੀਰ ਸਿੰਘ ਅਰੋੜਾ ਨੇ ਮਰਦਾਂ 'ਚ ਅਤੇ ਔਰਤਾਂ ਵਿੱਚ ਸਿਮਰਨ ਛੀਨਾ 33 ਮਿੰਟ ਤੇ 31 ਮਿੰਟ ਸਮੇਂ ਨਾਲ ਪਹਿਲੇ ਨੰਬਰ 'ਤੇ ਆਏ।

ਬੱਚਿਆਂ ਦੀ 1.2 ਕਿਲੋਮੀਟਰ ਦੌੜ ਵਿੱਚ ਬੇਟਾ ਹਿੰਮਤ ਚਾਂਦਨੀਵਾਲਾ ਤੇ ਬੇਟੀ ਮਿਹਰ ਚਾਂਦਨੀਵਾਲਾ ਪਹਿਲੇ ਸਥਾਨ 'ਤੇ ਰਹੇ। ਦੌੜਾਕਾਂ ਨੂੰ ਇਸ ਈਵੈਂਟ ਵਿੱਚ ਹਿੱਸਾ ਲੈਣ ਲਈ ਮਿਲੀ ਪ੍ਰੇਰਨਾ ਬਾਰੇ ਪੁੱਛਣ 'ਤੇ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਬਾਬਾ ਫ਼ੌਜਾ ਸਿੰਘ ਤੋਂ ਮਿਲੀ, ਜਦਕਿ ਕਈਆਂ ਦਾ ਕਹਿਣਾ ਸੀ ਉਨ੍ਹਾਂ ਨੂੰ ਇਹ ਉਨ੍ਹਾਂ ਦੇ ਮਾਪਿਆਂ ਜਾਂ ਵੱਡੇ ਭੈਣ-ਭਰਾਵਾਂ ਤੋਂ ਮਿਲੀ। ਦੌੜਾਂ ਦੀ ਸਮਾਪਤੀ ਦੇ ਸਥਾਨ 'ਤੇ ਫ਼ਲਾਂ, ਚਾਹ-ਪਾਣੀ, ਪਕੌੜਿਆਂ, ਵੇਸਣ, ਬਰਫ਼ੀ, ਆਦਿ ਦਾ ਵਧੀਆ ਪ੍ਰਬੰਧ ਸੀ। ਪਰ ਇਸਦੇ ਨਾਲ ਹੀ ਕਈ ਦੌੜਾਕਾਂ ਵੱਲੋਂ ਇਹ ਵੀ ਸੁਣਨ 'ਚ ਆਇਆ ਕਿ ਇੱਥੇ ਫਲਾਂ ਵਾਲੀ ਗੱਲ ਤਾਂ ਸਹੀ ਹੈ, ਪਰ ਚਾਹ, ਮਠਿਆਈ ਤੇ ਪਕੌੜਿਆਂ, ਆਦਿ ਦੀ ਥਾਂ 'ਤੇ ਖਾਣ-ਪੀਣ ਲਈ ਪੌਸ਼ਟਿਕ ਵਸਤਾਂ ਹੋਣੀਆਂ ਚਾਹੀਦੀਆਂ ਸਨ, ਕਿਉਂਕਿ ਲੰਮੀ ਦੌੜ ਤੋਂ ਬਾਅਦ ਦੌੜਾਕਾਂ ਨੂੰ ਪੌਸ਼ਟਿਕ ਖ਼ੁਰਾਕ ਦੀ ਜ਼ਰੂਰਤ ਹੁੰਦੀ ਹੈ।

# ਸਤਪਾਲ ਸਿੰਘ ਜੌਹਲ – ਇੱਕ ਮਜ਼ਬੂਤ ਰੀਜਨਲ ਕੌਂਸਲਰ ਉਮੀਦਵਾਰ



ਵਾਰਡ ਨੰਬਰ 9-10 ਤੋਂ ਰੀਜਨਲ ਕੌਂਸਲਰ ਦੇ ਉਮੀਦਵਾਰ ਵਜੋਂ ਚੋਣ ਲੜੇ ਸਤਪਾਲ ਸਿੰਘ ਜੌਹਲ ਬਰੈਂਪਟਨ ਦੀ ਜਾਣੀ-ਪਛਾਣੀ ਸ਼ਖ਼ਸੀਅਤ ਹਨ। ਉਹ ਕੋਈ ਨਵੇਂ ਉਮੀਦਵਾਰ ਨਹੀਂ ਹਨ, ਸਗੋਂ ਉਹ ਪਿਛਲੇ 25-30 ਸਾਲ ਤੋਂ ਬਰੈਂਪਟਨ ਵਿੱਚ ਵੱਖ-ਵੱਖ ਢੰਗਾਂ- ਤਰੀਕਿਆਂ ਨਾਲ ਲੋਕ-ਸੇਵਾ ਵਿੱਚ ਜੁੱਟੇ ਹੋਏ ਹਨ। ਪੱਤਰਕਾਰੀ ਦੇ ਖੇਤਰ ਵਿੱਚ ਉਨ੍ਹਾਂ ਦਾ ਲੰਮਾਂ ਤਜਰਬਾ ਹੈ। ਉਹ ਜਲੰਧਰ ਤੋਂ ਵੱਡੀ ਗਿਣਤੀ ਵਿੱਚ ਛਪ ਰਹੀ ਰੋਜ਼ਾਨਾ ਪੰਜਾਬੀ ਅਖ਼ਬਾਰ 'ਅਜੀਤ' ਦੀ ਟੋਰਾਂਟੋ ਖੇਤਰ ਦੇ ਪੱਤਰਕਾਰ ਵਜੋਂ ਪਿਛਲੇ 2-3 ਦਹਾਕਿਆਂ ਤੋਂ ਪ੍ਰਤੀਨਿਧਤਾ ਕਰਦੇ ਆ ਰਹੇ ਹਨ ਅਤੇ ਜੀ.ਟੀ.ਏ. ਦੀਆਂ ਵੱਖ-ਵੱਖ ਸਰਗਰਮੀਆਂ ਬਾਰੇ ਖ਼ਬਰਾਂ ਸਮੇਂ-ਸਮੇਂ ਇਸ ਅਖ਼ਬਾਰ ਨੂੰ ਭੇਜਦੇ ਰਹਿੰਦੇ ਹਨ। ਸੁਲਝੇ ਹੋਏ ਪੱਤਰਕਾਰ ਵਜੋਂ 2000 ਵਿੱਚ ਉਨ੍ਹਾਂ ਵੱਲੋਂ ਇਸ ਅਖ਼ਬਾਰ ਵਿੱਚ ਛਪੇ ਆਪਣੇ ਇੱਕ ਆਰਟੀਕਲ ਵਿੱਚ ਕੈਨੇਡਾ ਦੀ ਇਮੀਗ੍ਰੇਸ਼ਨ ਪਾਲਿਸੀ ਬਾਰੇ ਬਹੁਤ ਵਧੀਆ ਤਰੀਕੇ ਨਾਲ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਸੀ, ਜਿਸ ਨੂੰ ਪੜ੍ਹ ਕੇ ਬਹੁਤ ਸਾਰੇ ਪੰਜਾਬੀਆਂ ਨੇ ਆਪਣੀਆਂ ਫ਼ਾਈਲਾਂ ਖ਼ੁਦ ਆਪ ਲਗਾਈਆਂ ਅਤੇ ਟਰੈਵਲ ਏਜੰਟਾਂ ਦੀਆਂ ਠੱਗੀਆਂ ਤੇ ਭਾਰੀ ਖ਼ਰਚਿਆਂ ਤੋਂ ਬਚੇ ਸਨ।

ਸਤਪਾਲ ਸਿੰਘ ਜੌਹਲ ਬਰੈਂਪਟਨ ਦੇ ਸਥਾਨਕ ਰੇਡੀਓ ਅਤੇ ਟੀ.ਵੀ. ਪ੍ਰੋਗਰਾਮਾਂ ਵਿੱਚ ਵੀ ਅਕਸਰ ਵੱਖ-ਵੱਖ ਮਸਲਿਆਂ ਉੱਪਰ ਆਪਣੇ ਵਿਚਾਰ ਪੇਸ਼ ਕਰਦੇ ਰਹਿੰਦੇ ਹਨ, ਜਿਨ੍ਹਾਂ ਨੂੰ ਸਰੋਤਿਆਂ ਤੇ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਹੈ। ਸਤਿਕਾਰਤ ਪੰਜਾਬੀ ਪੱਤਰਕਾਰ ਵਜੋਂ ਉਨ੍ਹਾਂ ਨੂੰ ਮਾਰਚ 2026 ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਵਫ਼ਦ ਨਾਲ ਭਾਰਤ, ਆਸਟ੍ਰੇਲੀਆ ਅਤੇ ਜਾਪਾਨ ਜਾਣ ਦਾ ਵਧੀਆ ਅਵਸਰ ਮਿਲਿਆ, ਜਿਸ ਦੌਰਾਨ ਉਨ੍ਹਾਂ ਨੇ ਇਨ੍ਹਾਂ ਦੇਸ਼ਾਂ ਦੇ ਕਈ ਸ਼ਹਿਰਾਂ ਤੋਂ ਪ੍ਰਧਾਨ ਮੰਤਰੀ ਕਾਰਨੀ ਦੇ ਇਸ ਅਹਿਮ ਦੌਰੇ ਬਾਰੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਆਪਣੀਆਂ ਰਿਪੋਰਟਾਂ ਪੰਜਾਬੀ ਅਖ਼ਬਾਰਾਂ ਨੂੰ ਭੇਜੀਆਂ। ਇਸ ਤੋਂ ਪਹਿਲਾਂ ਵੀ ਉਹ ਕਈ ਪ੍ਰਧਾਨ ਮੰਤਰੀਆਂ ਦੇ ਵਫ਼ਦਾਂ ਨਾਲ ਵਿਦੇਸ਼ੀ ਦੌਰਿਆਂ 'ਤੇ ਜਾ ਚੁੱਕੇ ਹਨ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਕੈਨੇਡਾ ਦੀ ਪੀ.ਆਰ. ਪ੍ਰਾਪਤ ਕਰਨ ਲਈ 'ਲਿਮੇ' (ਐੱਲ.ਐੱਮ.ਆਈ.ਏ.) ਦੀ ਹੋ ਰਹੀ ਲੁੱਟ ਦੇ ਵਿਰੁੱਧ ਪਿਛਲੇ 7-8 ਸਾਲਾਂ ਦੌਰਾਨ ਉਨ੍ਹਾਂ ਨੇ ਜ਼ੋਰਦਾਰ ਆਵਾਜ਼ ਉਠਾਈ ਅਤੇ ਬੜੇ ਸਿਰੜ ਨਾਲ ਇਸ ਨੂੰ ਬੰਦ ਕਰਵਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ। 2022 ਵਿੱਚ ਹੋਈ ਬਰੈਂਪਟਨ ਦੀ ਸਥਾਨਕ ਚੋਣ ਵਿੱਚ ਉਹ ਵਾਰਡ ਨੰਬਰ 9-10 ਤੋਂ ਸਕੂਲ-ਟਰੱਸਟੀ ਵਜੋਂ ਸਫ਼ਲ ਹੋਏ ਸਨ ਅਤੇ ਇਸ ਅਹਿਮ ਪੋਜ਼ੀਸ਼ਨ ਉੱਪਰ ਉਨ੍ਹਾਂ ਨੇ ਬੜੀ ਲਗਨ, ਸਖ਼ਤ ਮਿਹਨਤ ਅਤੇ ਜ਼ਿੰਮੇਂਵਾਰੀ ਨਾਲ ਕੰਮ ਕਰਦਿਆਂ ਹੋਇਆਂ ਵਿਦਿਆਰਥੀਆਂ ਦੇ ਬਹੁਤ ਸਾਰੇ ਮਸਲੇ ਹੱਲ ਕਰਵਾਏ ਸਨ। ਸਕੂਲਾਂ ਵਿੱਚ ਪੰਜਾਬੀ ਭਾਸ਼ਾ ਇੱਕ ਵਿਸ਼ੇ ਵਜੋਂ ਪੜ੍ਹਾਏ ਜਾਣ ਅਤੇ ਖੇਡਾਂ ਵਿੱਚ ਪੰਜਾਬੀਆਂ ਦੀ ਮਾਂ-ਖੇਡ 'ਕਬੱਡੀ' ਨੂੰ ਸ਼ਾਮਲ ਕਰਵਾਉਣ ਲਈ ਉਨ੍ਹਾਂ ਮਹੱਤਵਪੂਰਨ ਕੰਮ ਕੀਤਾ ਸੀ। ਸਕੂਲ- ਟਰੱਸਟੀ ਵਜੋਂ ਉਨ੍ਹਾਂ ਦੀਆਂ ਮਾਣਮੱਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਉਨ੍ਹਾਂ ਨੂੰ 'ਡਿਪਟੀ ਚੇਅਰ' ਦਾ ਉਚੇਰਾ ਰੁਤਬਾ ਹਾਸਲ ਹੋਇਆ ਜੋ ਸਮੂਹ ਪੰਜਾਬੀ ਕਮਿਊਨਿਟੀ ਲਈ ਬੜੇ ਮਾਣ ਵਾਲੀ ਗੱਲ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਸਕੂਲਾਂ ਵਿੱਚ ਵਿਦਿਆਰਥੀਆਂ ਵੱਲੋਂ ਸੈੱਲ-।ਫ਼ੋਨ ਵਰਤੇ ਜਾਣ ਉੱਪਰ ਪਾਬੰਦੀ ਲਗਾਉਣ ਲਈ ਬੜਾ ਉੱਤਮ ਕੰਮ ਕੀਤਾ ਹੈ। ਉਨ੍ਹਾਂ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਸਕੂਲ ਪੜ੍ਹਦੇ ਬੱਚਿਆਂ ਨੂੰ ਸੈੱਲ-ਫ਼ੋਨ ਨਾ ਲੈ ਕੇ ਦੇਣ ਅਤੇ ਨਾ ਹੀ ਉਨ੍ਹਾਂ ਨੂੰ ਫ਼ਜ਼ੂਲ-ਖ਼ਰਚੀ ਲਈ ਡਾਲਰ ਦੇਣ।

26 ਅਕਤੂਬਰ ਨੂੰ ਹੋ ਰਹੀ ਸਥਾਨਕ ਸਰਕਾਰ ਦੀ ਇਸ ਚੋਣ ਵਿੱਚ ਸਤਪਾਲ ਸਿੰਘ ਜੌਹਲ ਓਸੇ ਹੀ ਵਾਰਡ, ਭਾਵ ਨੰਬਰ 9-10 ਤੋਂ ਰੀਜਨਲ ਕੌਂਸਲਰ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਉਹ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਕਿਉਂਕ ਬਰੈਂਪਟਨ-ਵਾਸੀ ਉਨ੍ਹਾਂ ਦੇ ਵਿਚਾਰ ਕਮਿਊਨਿਟੀ ਦੇ ਵੱਖ-ਵੱਖ ਸਮਾਜਿਕ ਤੇ ਸੱਭਿਆਚਾਰਕ ਸਮਾਗਮਾਂ ਦੌਰਾਨ ਅਕਸਰ ਸੁਣਦੇ ਰਹਿੰਦੇ ਹਨ ਅਤੇ ਉਹ ਇਨ੍ਹਾਂ ਨੂੰ ਪਸੰਦ ਵੀ ਕਰਦੇ ਹਨ। ਸਮਾਂ ਮਿਲਣ 'ਤੇ ਕਈ ਵਾਰ ਉਹ ਸਾਹਿਤਕ ਸਮਾਗ਼ਮਾਂ ਵਿੱਚ ਵੀ ਸ਼ਿਰਕਤ ਕਰਦੇ ਹਨ ਅਤੇ ਉੱਥੇ ਵੀ ਆਪਣੇ ਵਿਚਾਰ ਪੇਸ਼ ਕਰਦੇ ਹਨ। ਇਨ੍ਹਾਂ ਸਥਾਨਕ ਚੋਣਾਂ ਵਿੱਚ ਰੀਜਨਲ ਕੌਂਸਲਰ ਦੇ ਉਮੀਦਵਾਰ ਵਜੋਂ ਉਨ੍ਹਾਂ ਦਾ ਏਜੰਡਾ ਬੜਾ ਸਪੱਸ਼ਟ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਖ਼ੁਦ ਆਪ ਨਹੀਂ, ਸਗੋਂ ਪਿਛਲੇ ਸਮੇਂ ਵਿੱਚ ਕੀਤਾ ਹੋਇਆ ਉਨ੍ਹਾਂ ਦਾ ਕੰਮ ਬੋਲਦਾ ਹੈ ਅਤੇ ਉਨ੍ਹਾਂ ਨੂੰ ਪੂਰਨ ਵਿਸ਼ਵਾਸ ਹੈ ਕਿ ਲੋਕ ਉਨ੍ਹਾਂ ਦੇ ਕੀਤੇ ਕੰਮ ਨੂੰ ਮੁੱਖ ਰੱਖਦਿਆਂ ਜ਼ਰੂਰ ਉਨ੍ਹਾਂ ਨੂੰ ਵੋਟਾਂ ਪਾ ਕੇ ਜਿਤਾਉਣਗੇ। ਇਸ ਸਮੇਂ ਉਹ ਆਪਣੇ ਵਾਰਡ 9-10 ਵਿੱਚ ਘਰ- ਘਰ ਜਾ ਕੇ 'ਡੋਰ-ਨੌਕਿੰਗ' ਕਰਕੇ ਵੋਟਰਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਆਪਣੇ ਹੱਕ ਵਿੱਚ ਵੋਟ ਪਾਉਣ ਲਈ ਬੇਨਤੀ ਕਰ ਰਹੇ ਹਨ।

ਉਹ ਆਪਣੇ ਚੋਣ- ਏਜੰਡੇ ਵਿੱਚ ਬਰੈਂਪਟਨ ਵਿੱਚ ਨੌਜੁਆਨਾਂ ਲਈ ਤਕਨੀਕੀ ਸਿੱਖਿਆ ਦੇ ਆਧਾਰਿਤ ਨਵੀਆਂ ਨੌਕਰੀਆਂ ਪੈਦਾ ਕਰਨ ਉੱਪਰ ਜ਼ੋਰ ਦੇ ਰਹੇ ਹਨ। ਉਹ ਬਰੈਂਪਟਨ ਵਿੱਚ ਸੰਪੂਰਨ ਯੂਨੀਵਰਸਿਟੀ ਅਤੇ ਤਕਨੀਕੀ ਅਦਾਰੇ ਕਾਇਮ ਕਰਨਾ ਲੋਚਦੇ ਹਨ। ਉਹ ਬਰੈਂਪਟਨ ਦੇ ਟੈਕਸ-ਦਾਤਿਆਂ ਵੱਲੋਂ ਟੈਕਸ ਦੇ ਰੂਪ ਵਿੱਚ ਆਏ ਡਾਲਰਾਂ ਦੀ ਫ਼ਜ਼ੂਲ ਖ਼ਰਚੀ ਕਰਨ ਦੇ ਬਿਲਕੁਲ ਹੱਕ ਵਿੱਚ ਨਹੀਂ ਹਨ। ਇਸਦੇ ਨਾਲ ਹੀ ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਲੋਕ ਉਨ੍ਹਾਂ ਨੂੰ ਬਰੈਂਪਟਨ ਸਿਟੀ ਹਾਲ ਵਿੱਚ ਜਾਣ ਦਾ ਮੌਕਾ ਦਿੰਦੇ ਹਨ ਤਾਂ ਉਹ ਉੱਥੇ ਬਰੈਂਪਟਨ-ਵਾਸੀਆਂ ਨੂੰ ਸਰਦੀਆਂ ਵਿੱਚ ਹੁੰਦੀ ਬਰਫ਼ਬਾਰੀ ਦੌਰਾਨ ਬਰਫ਼ ਹਟਾਉਣ ਵਾਲੇ ਟਰੱਕਾਂ ਵੱਲੋਂ ਘਰਾਂ ਦੇ ਅੱਗੇ ਵੱਡੀਆਂ- ਵੱਡੀਆਂ 'ਵੱਟਾਂ' ਖੜੀਆਂ ਕੀਤੇ ਜਾਣ ਦੀ ਵੱਡੀ ਮੁਸ਼ਕਲ ਨੂੰ ਹੱਲ ਕਰਨ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਉਠਾਉਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ਼ਤਿਹਾਰਬਾਜ਼ੀ ਵਿੱਚ ਬਹੁਤਾ ਯਕੀਨ ਨਹੀਂ ਰੱਖਦੇ। ਇਸ ਚੋਣ ਲਈ ਬੇਸ਼ਕ ਵੱਖ-ਵੱਖ ਉਮੀਦਵਾਰਾਂ ਵੱਲੋਂ 2 ਅਕਤੂਬਰ ਤੋਂ ਵੱਡੇ-ਵੱਡੇ ਡਿਸਪਲੇਅ-ਬੋਰਡ ਅਤੇ ਕਈ ਘਰਾਂ ਦੇ ਬਾਹਰ ਛੋਟੇ ਸਾਈਨ-ਬੋਰਡ ਵੀ ਲਗਵਾਏ ਜਾਣਗੇ, ਪਰ ਉਹ ਇਸ ਪ੍ਰਕਿਰਿਆ ਨੂੰ ਬਹੁਤਾ ਪਸੰਦ ਨਹੀਂ ਕਰਦੇ। ਅਲਬੱਤਾ, ਉਹ ਕੁਝ ਕੁ ਅਹਿਮ ਚੌਰਸਤਿਆਂ ਉੱਪਰ ਗਿਣਤੀ ਦੇ ਕੁਝ ਬੋਰਡ ਜ਼ਰੂਰ ਲਗਵਾਉਣਗੇ ਤਾਂ ਜੋ ਲੋਕਾਂ ਨੂੰ ਇਸ ਚੋਣ ਲਈ ਉਨ੍ਹਾਂ ਦੀ ਉਮੀਦਵਾਰੀ ਸਬੰਧੀ ਜਾਣਕਾਰੀ ਮਿਲ ਸਕੇ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਉਹ ਧਾਰਮਿਕ ਸਥਾਨਾਂ ਉੱਪਰ ਜਾ ਕੇ ਆਪਣਾ ਚੋਣ-ਪ੍ਰਚਾਰ ਨਹੀਂ ਕਰਨਗੇ, ਭਾਵੇਂ ਕਿ ਇਸਦੇ ਲਈ ਉਨ੍ਹਾਂ ਨੂੰ ਕਈ ਸੁਨੇਹੇ ਵੀ ਮਿਲ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਧਾਰਮਿਕ ਸਥਾਨ ਸਾਡੀ ਆਸਥਾ ਦੇ ਸਥਾਨ ਹਨ ਅਤੇ ਇਨ੍ਹਾਂ ਦੀ ਵਰਤੋਂ ਰਾਜਨੀਤਕ ਜਾਂ ਹੋਰ ਅਜਿਹੇ ਕੰਮਾਂ ਲਈ ਨਹੀਂ ਹੋਣੀ ਚਾਹੀਦੀ। ਆਪਣੇ ਇਸ ਚੋਣ ਏਜੰਡੇ ਨਾਲ ਸਤਪਾਲ ਸਿੰਘ ਜੌਹਲ ਆਪਣੀ ਚੋਣ-ਮੁਹਿੰਮ ਨੂੰ ਬੜੇ ਵਧੀਆ ਢੰਗ ਨਾਲ ਅੱਗੇ ਵਧਾ ਰਹੇ ਹਨ। ਉਨ੍ਹਾਂ ਨੂੰ ਪੂਰਨ ਭਰੋਸਾ ਹੈ ਕਿ ਲੋਕ ਉਨ੍ਹਾਂ ਵੱਲੋਂ ਹੁਣ ਤੀਕ ਕੀਤੇ ਗਏ ਕੰਮਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਬਰੈਂਪਟਨ ਸਿਟੀ ਕੌਂਸਲ ਵਿੱਚ ਜਾਣ ਲਈ ਜ਼ਰੂਰ ਮੌਕਾ ਪ੍ਰਦਾਨ ਕਰਨਗੇ।



ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

# ਪੰਜਾਬ ਸਰਕਾਰ ਵਲੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼ਫ਼ਰ ਨੂੰ ਕਾਰਨ ਦੱਸੋ ਨੋਟਿਸ ਜਾਰੀ



ਪਟਿਆਲਾ : ਪੰਜਾਬ ਸਰਕਾਰ ਵਲੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼ਫ਼ਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਇਹ ਮਾਮਲਾ ਭਾਸ਼ਾ ਵਿਭਾਗ ਦੀ ਭਰਤੀ 'ਚ ਹੋਈਆਂ ਕਥਿਤ ਬੇਨਿਯਮੀਆਂ ਨਾਲ ਸਬੰਧਤ ਹੈ, ਜਿਸ ਦਾ ਪਹਿਲਾਂ ਵੀ ਕਾਫ਼ੀ ਰੌਲਾ ਰੱਪਾ ਪੈ ਚੁੱਕਿਆ ਹੈ। ਉਚੇਰੀ ਸਿਖਿਆ ਅਤੇ ਭਾਸ਼ਾਵਾਂ ਦੇ ਪ੍ਰਬੰਧਕੀ ਸਕੱਤਰ ਨੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼ਫ਼ਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਹੈ। ਇਸ ਨੋਟਿਸ ਦੇ ਜਾਰੀ ਹੋਣ ਮਗਰੋਂ ਡਾਇਰੈਕਟਰ ਜਸਵੰਤ ਜ਼ਫ਼ਰ ਵੀ ਭੜਕ ਉਠੇ ਹਨ। ਦਸਣਯੋਗ ਹੈ ਕਿ ਭਾਸ਼ਾ ਵਿਭਾਗ 'ਚ 42 ਖੋਜ ਸਹਾਇਕਾਂ ਦੀ ਭਰਤੀ ਕਾਫ਼ੀ ਸਮੇਂ ਤੋਂ ਵਿਵਾਦਾਂ 'ਚ ਘਿਰੀ ਹੋਈ ਹੈ ਅਤੇ ਇਹ ਮਾਮਲਾ ਅਦਾਲਤ ਤਕ ਵੀ ਪੁੱਜਿਆ ਸੀ। ਪੰਜਾਬ ਸਰਕਾਰ ਕੋਲ ਪੁੱਜੀਆਂ ਸ਼ਿਕਾਇਤਾਂ 'ਚ ਇਹ ਉਂਗਲ ਉਠਾਈ ਗਈ ਸੀ ਕਿ ਭਰਤੀ ਮੁਹਿੰਮ ਦੌਰਾਨ ਯੋਗਤਾ ਦੇ ਮਾਪਦੰਡਾਂ 'ਚ ਬਦਲਾਅ ਅਤੇ ਰਾਖਵੇਂਕਰਨ ਦੇ ਨਿਯਮਾਂ ਦੀ ਉਲੰਘਣਾ ਹੋਈ ਹੈ। ਇਨ੍ਹਾਂ ਸ਼ਿਕਾਇਤਾਂ ਮਗਰੋਂ ਭਰਤੀ ਪ੍ਰਕਿਰਿਆ ਵੀ ਪ੍ਰਭਾਵਤ ਹੋ ਗਈ ਅਤੇ ਭਰਤੀ ਦਾ ਮਾਮਲਾ ਹਾਲੇ ਤਕ ਕਿਸੇ ਤਣ-ਪੱਤਣ ਨਹੀਂ ਲੱਗਾ ਹੈ। ਜ਼ਫ਼ਰ ਨੇ ਕਾਰਨ ਦੱਸੋ ਨੋਟਿਸ ਜਾਰੀ ਹੋਣ ਮਗਰੋਂ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪ੍ਰਬੰਧਕੀ ਸਕੱਤਰ ਵਿਰੁਧ ਕਾਰਵਾਈ ਦੀ ਮੰਗ ਕੀਤੀ ਹੈ। ਜ਼ਫ਼ਰ ਨੇ ਲਿਖਿਆ ਹੈ ਕਿ ਜਿਸ ਦਫ਼ਤਰੀ ਰਿਕਾਰਡ ਨਾਲ ਸਬੰਧਤ ਕਲੈਰੀਕਲ ਗ਼ਲਤੀ ਨੂੰ ਲੈ ਕੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ, ਉਹ ਉਨ੍ਹਾਂ ਦੀ ਨਿਯੁਕਤੀ ਤੋਂ ਪਹਿਲਾਂ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਨੁਸ਼ਾਸਨੀ ਕਾਰਵਾਈ ਲਈ ਮੁੱਖ ਮੰਤਰੀ ਹੀ ਸਮਰੱਥ ਹਨ, ਪ੍ਰੰਤੂ ਇਸ ਅਧਿਕਾਰੀ ਨੇ ਤਾਂ ਸਿਖਿਆ ਮੰਤਰੀ ਨੂੰ ਵੀ ਇਸ ਦੀ ਸੂਚਨਾ ਨਹੀਂ ਦਿਤੀ। ਉਨ੍ਹਾਂ ਮੁੱਖ ਮੰਤਰੀ ਤੋਂ ਮਾਮਲੇ ਵਿਚ ਤੁਰਤ ਦਖ਼ਲ ਅਤੇ ਸਪੱਸ਼ਟ ਦਿਸ਼ਾ-ਨਿਰਦੇਸ਼ਾਂ ਦੀ ਮੰਗ ਕੀਤੀ।









# ਲੱਚਰ ਗਾਇਕੀ ਦਾ ਜ਼ਹਿਰ



ਪੰਜਾਬ ਪੰਜਾਂ ਦਰਿਆਵਾਂ ਦੀ ਇੱਕ ਐਸੀ ਧਰਤੀ ਹੈ ਜਿਸਨੇ ਦੁਨੀਆਂ ਨੂੰ ਬਾਬਾ ਫਰੀਦ ਜੀ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ , ਵਾਰਿਸ ਸ਼ਾਹ, ਭਾਈ ਗੁਰਦਾਸ ਜੀ, ਅਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਗੁਰੂ ਸਾਹਿਬ,ਕਵੀ, ਰੂਹਾਨੀ ਗਾਇਕ, ਵਿਦਵਾਨ ਅਤੇ ਲੇਖਕ ਦਿੱਤੇ। ਇਹ ਮਿੱਟੀ ਰਬਾਬ ਦੀ ਧੁਨ, ਵੰਝਲੀ ਦੀ ਗੂੰਜ ਅਤੇ ਬੋਲੀਆਂ, ਟੱਪਿਆਂ, ਅਧਿਆਤਮਕਤਾ ਦੀ ਲਹਿਰ ਵਿੱਚ ਰਚੀ-ਬਸੀ ਰਹੀ ਹੈ। ਪੰਜਾਬੀ ਗਾਇਕੀ ਸਿਰਫ਼ ਮਨੋਰੰਜਨ ਲਈ ਹੀ ਨਹੀਂ ਰਹੀ ਬਲਕਿ ਇਹ ਮਨੋਵਿਗਿਆਨਿਕ ਸੂਝ-ਬੂਝ ਅਤੇ ਸੱਭਿਆਚਾਰ ਦਾ ਪ੍ਰਤਿਰੂਪ ਸੀ। ਪਰ ਅਫ਼ਸੋਸ ਦਾ ਸਿਖਰ ਇਹ ਹੈ ਕਿ ਅੱਜ ਪੰਜਾਬੀ ਸੰਗੀਤ ਦੇ ਨਕਸ਼ੇ ਉੱਤੇ ਅੱਜ ਅਜਿਹੀਆਂ ਰੁੱਖੀਆਂ ਹਵਾਵਾਂ ਵਗ ਰਹੀਆਂ ਹਨ ਜੋ ਸਿਰਫ਼ ਸ਼ਬਦਾਂ ਦੀ ਅਸ਼ਲੀਲਤਾ, ਹਿੰਸਾ, ਹਥਿਆਰ ਕਲਚਰ, ਨਸ਼ਿਆਂ ਅਤੇ ਔਰਤਾਂ ਦੀ ਵਿਰੋਧੀ ਭਾਸ਼ਾ ਰਾਹੀਂ ਪੈਸਾ ਕਮਾਉਣ ਦੀ ਦੌੜ ਵੱਲ ਵਧ ਰਹੀ ਹੈ। ਅਜਿਹੇ ਗੀਤ ਆਵਾਜ਼ ਰਾਹੀਂ ਸੱਭਿਆਚਾਰ ਦੀ ਜੜ੍ਹਾਂ 'ਚ ਪੈਂਦੇ ਤੇਜ਼ਾਬ ਵਰਗੇ ਹੁੰਦੇ ਹਨ।

ਇਸ ਗਾਇਕੀ ਵਿੱਚ ਦਿਖਾਈ ਜਾਂਦੀ ਹੈ ਔਰਤਾਂ ਪ੍ਰਤੀ ਅਪਮਾਨਜਨਕ ਟਿੱਪਣੀਆਂ ਦਾ ਸੁਮੇਲ,ਨਸ਼ਿਆਂ ਦੇ ਹੱਕ ਵਿੱਚ ਭੁਗਤਦੀ ਲੱਚਰ ਗਾਇਕੀ ਰਾਹੀਂ ਤਰੱਕੀ ਦੀ ਝੂਠੀ ਤਸਵੀਰ,ਗਨ ਕਲਚਰ ਅਤੇ ਗੈਂਗਸਟਰ ਰਾਜ ਦੀ ਪ੍ਰਸ਼ੰਸਾ,ਬੇਸਿਰ-ਪੈਰ ਦੀ ਫੁਕਰੀ, ਪੈਸਾ ਅਤੇ ਗੱਡੀਆਂ ਦੀ ਦਿਖਾਵਟ ਆਦਿ ਦਾ ਅਭੱਦਰ ਚਿੱਤਰਣ ਪੇਸ਼ ਕੀਤਾ ਗਿਆ ਹੈ। ਅਜਿਹੀ ਗਾਇਕੀ ਦਾ ਨਿਸ਼ਾਨਾ ਬਹੁਤੇ ਵਾਰ ਨੌਜਵਾਨ ਮਨ ਹੁੰਦੇ ਹਨ ਜੋ ਸੌਖੇ ਰਸਤੇ ਰਾਹੀਂ ਜ਼ਲਦੀ ਪ੍ਰਸਿੱਧੀ ਅਤੇ ਆਉਟਲੌ ਗਲੈਮਰ ਦੇ ਮਿੱਠੇ ਲੋਭ 'ਚ ਫਸ ਜਾਂਦੇ ਹਨ। ਅਜਿਹੇ ਗੀਤ ਨਫ਼ਰਤ ਪੈਦਾ ਕਰਦੇ ਹਨ, ਸੋਚ ਨੂੰ ਵਿਗਾੜਦੇ ਹਨ ਅਤੇ ਸੱਭਿਆਚਾਰਕ ਮੁੱਲਾਂ ਦੇ ਪਤਨ ਦਾ ਕਾਰਨ ਬਣਦੇ ਹਨ।

**ਪ੍ਰਭਾਵ: ਸਿਰਫ਼ ਸੰਗੀਤ ਨਹੀਂ, ਸਮਾਜ ਦੀ ਨੈਤਿਕਤਾ ਖਤਰੇ 'ਚ**

**1. ਨੌਜਵਾਨ ਪੀੜ੍ਹੀ ਦੇ ਵਿਚਾਰ ਵਿਗੜ ਰਹੇ ਹਨ**

ਜਦੋਂ ਹਰ ਦੂਜੇ ਗੀਤ ਵਿਚ "ਸ਼ਰਾਬ", "ਗਨ", "ਕਾਲੀ ਕਾਰ", "ਸ਼ੋਅ ਆਫ਼ ਫੁਕਰਬਾਜ਼ੀ" ਅਤੇ ਔਰਤਾਂ ਦੇ ਆਤਮ ਸਨਮਾਨ ਦੀ ਬੇਅਦਬੀ ਹੁੰਦੀ ਹੈ। ਨੌਜਵਾਨ ਇਹੀ ਸਮਝਦੇ ਹਨ ਕਿ ਇਨ੍ਹਾ ਰਾਹਾਂ ਰਾਹੀਂ ਹੀ ਆਦਮੀ ਮਸ਼ਹੂਰ ਜਾਂ "ਮਰਦ" ਬਣਦਾ ਹੈ।

**2 ਵਰਗ ਵੰਡ ਅਤੇ ਹਿੰਸਾ ਦੀ ਪ੍ਰੇਰਣਾ**

ਬਹੁਤ ਸਾਰੇ ਗੀਤ ਵਰਗੀਵਾਦ ਨੂੰ ਹੋਰ ਉਤਸ਼ਾਹਤ ਕਰਦੇ ਹਨ: ਇਹ ਗੱਲਾਂ ਸਮਾਜਿਕ ਏਕਤਾ ਲਈ ਵਿਘਨ ਬਣਦੀਆਂ ਹਨ।

**3. ਨਸ਼ਿਆਂ ਵੱਲ ਲੈ ਜਾਂਦੇ ਰੁਝਾਨ**

ਜਦੋਂ ਗੀਤ 'ਵੋਡਕਾ', 'ਚਿੱਟਾ ਜਾਮ', 'ਨਸ਼ਾ' ਆਦਿ ਦੀਆਂ ਸ਼ਾਨਦਾਰ ਤਸਵੀਰਾਂ ਦਿਖਾਉਂਦੇ ਹਨ, ਤਾਂ ਇਹ ਨੌਜਵਾਨਾਂ ਵਿਚ ਨਸ਼ਾ ਪਿਆਰ ਬਣ ਕੇ ਵਸ ਜਾਂਦਾ ਹੈ। ਇਸ ਦੇ ਨਤੀਜੇ ਵਜੋਂ ਪੰਜਾਬ ਪਹਿਲਾਂ ਹੀ ਨਸ਼ਿਆਂ ਦੀ ਗੰਭੀਰ ਸਮੱਸਿਆ ਵਿੱਚ ਫੱਸ ਚੁੱਕਾ ਹੈ।

**4. ਔਰਤ ਵਿਰੋਧੀ ਸੋਚ ਦੀ ਵਾਧੂ ਪ੍ਰਚਾਰਨਾ**

ਔਰਤ ਨੂੰ ਇਕ ਵਸਤੂ ਵਾਂਗ ਪੇਸ਼ ਕਰਨਾ, ਜਿਸਦਾ ਮੁੱਲ ਉਸਦੇ ਸਰੀਰਕ ਬਣਤਰ,ਰੰਗ-ਰੂਪ ਜਾਂ ਪਹਿਰਾਵੇ 'ਤੇ ਆਧਾਰਿਤ ਹੋਵੇ, ਇਹ ਇੱਕ ਵੱਡੀ ਮਾਨਸਿਕ ਬੀਮਾਰੀ ਦੀ ਨਿਸ਼ਾਨੀ ਹੈ। ਪੰਜਾਬੀ ਗਾਇਕੀ ਦਾ ਇੱਕ ਵੱਡਾ ਭਾਗ ਇਸ ਪੈਮਾਨੇ 'ਤੇ ਨਿਰਾਸ਼ਾ ਜਨਕ ਬਣ ਗਿਆ ਹੈ।

**ਕੌਣ ਜ਼ਿੰਮੇਵਾਰ?**

1. ਉਤਪਾਦਕ ਅਤੇ ਮਿਊਜ਼ਿਕ ਕੰਪਨੀਆਂ
ਪੈਸੇ ਦੀ ਹੋੜ ਵਿੱਚ ਇਹ ਲੋਕ 'ਕੰਟੈਂਟ' ਤੋਂ ਵੱਧ ਪੈਸੇ ' ' ਨੂੰ ਤਰਜ਼ੀਹ ਦੇ ਰਹੇ ਹਨ।

2. ਸਰੋਤਿਆਂ ਦੀ ਪਸੰਦ
ਅੱਜ ਦੀ ਤ੍ਰਾਸਦੀ ਇਹ ਹੈ ਕਿ ਲੱਖਾਂ-ਕਰੋੜਾਂ ਵਿਊਜ਼ ਲੱਚਰ ਗੀਤਾਂ ਨੂੰ ਮਿਲਦੇ ਹਨ, ਉੱਥੇ ਸਮਾਜ ਦੇ ਜ਼ਿੰਮੇਵਾਰ ਹਿੱਸੇ ਨੂੰ ਆਪਣੇ ਰੁਝਾਨ ਦੀ ਨੈਤਿਕਤਾ ਬਾਬਤ ਸੋਚਣਾ ਪਵੇਗਾ।

3. ਸੋਸ਼ਲ ਮੀਡੀਆ ਅਤੇ ਡਿਜ਼ੀਟਲ ਪਲੇਟਫਾਰਮ
ਨਿਗਰਾਨੀ ਦੀ ਕਮੀ ਕਾਰਨ ਹਰ ਕਿਸੇ ਨੂੰ ਜੋ ਚਾਹੇ ਚੜ੍ਹਾ ਕੇ ਪੇਸ਼ ਕਰ ਦੇਣਾ ਆਸਾਨ ਹੋ ਗਿਆ ਹੈ।

4. ਸਰਕਾਰ ਅਤੇ ਸੱਭਿਆਚਾਰਕ ਸੰਸਥਾਵਾਂ ਦੀ ਚੁੱਪ
ਨਿਆਂ ਦੀ ਅਣਹੋਂਦ ਜਾਂ ਨੈਤਿਕ ਰੋਕ ਨਾ ਹੋਣ ਕਰਕੇ ਇਹ ਲਹਿਰ ਆਜ਼ਾਦੀ ਦੇ ਨਾਂ 'ਤੇ ਵਿਕਰਾਲ ਹੋ ਗਈ ਹੈ।

**ਕੀ ਕੀਤਾ ਜਾ ਸਕਦਾ ਹੈ?**

1. ਨੈਤਿਕ ਨਿਗਰਾਨੀ ਨੀਤੀਆਂ ਬਣਾਈਆਂ ਜਾਣ
ਹਰ ਗੀਤ ਦੀ ਰਿਲੀਜ਼ ਤੋਂ ਪਹਿਲਾਂ ਕਿਸੇ ਨੈਤਿਕ ਜਾਂ ਸੱਭਿਆਚਾਰਕ ਬੋਰਡ ਤੋਂ ਮਨਜ਼ੂਰੀ ਦੀ ਵਿਵਸਥਾ ਹੋਣੀ ਚਾਹੀਦੀ ਹੈ।

2. ਵਧੀਆ ਕਲਾਕਾਰਾਂ ਨੂੰ ਉਤਸ਼ਾਹ ਦੇਣਾ
ਜਿਨ੍ਹਾਂ ਦੀ ਗਾਇਕੀ ਰੂਹ, ਇਤਿਹਾਸ, ਸਿੱਖਿਆ ਅਤੇ ਸੰਦੇਸ਼ ਨਾਲ ਭਰਪੂਰ ਹੋਵੇ ਕੇਵਲ ਤੇ ਕੇਵਲ ਉਨ੍ਹਾਂ ਦੀ ਪ੍ਰਸੰਸਾ ਅਤੇ ਆਰਥਿਕ ਮਦਦ ਕਰਨੀ ਚਾਹੀਦੀ ਹੈ।

3. ਸਕੂਲ ਅਤੇ ਕਾਲਜ ਪੱਧਰ 'ਤੇ ਸੱਭਿਆਚਾਰਕ ਸਿੱਖਿਆ
ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ, ਸੰਗੀਤ ਅਤੇ ਸੱਭਿਆਚਾਰ ਨਾਲ ਜੋੜਨ ਦੀ ਲੋੜ ਹੈ ਤਾਂ ਜੋ ਉਹ ਚੰਗੇ ਤੇ ਸੰਜੀਦਾ ਗੀਤ ਦੀ ਪਹਚਾਣ ਸਕਣ।

4. ਸੋਸ਼ਲ ਮੀਡੀਆ ਉੱਤੇ ਜਾਗਰੂਕਤਾ ਮੁਹਿੰਮ
ਨੌਜਵਾਨਾਂ ਨੂੰ ਦੱਸਿਆ ਜਾਵੇ ਕਿ ਨਕਾਰਾਤਮਕ ਤੇ ਲੱਚਰ ਸੁਣਨਾ ਉਨ੍ਹਾਂ ਦੀ ਸੋਚ ਨੂੰ ਨਿਰਧਾਰਿਤ ਕਰਦਾ ਹੈ।

ਜੇਕਰ ਅਜੋਕੇ ਸਮੇਂ ਵਿੱਚ ਪੰਜਾਬੀਆਂ ਨੇ ਸੱਭਿਆਚਾਰਕ ਗੀਤ ਦੀ ਥਾਂ ਲੱਚਰਤਾ ਦੀ ਭਾਸ਼ਾ ਨੂੰ ਬਰਕਰਾਰ ਰੱਖਿਆ ਤਾਂ ਪੰਜਾਬੀ ਸਭਿਆਚਾਰ ਜੋ ਕਦੇ ਇਨਸਾਨੀਅਤ, ਪਿਆਰ, ਬਰਾਬਰੀ ਅਤੇ ਰੂਹਾਨੀਅਤ ਦੀ ਨਿਗਾਹ ਸੀ, ਉਹ ਖ਼ਤਮ ਹੋ ਜਾਵੇਗਾ।

ਸਮੇਂ ਦੀ ਨਜ਼ਾਕਤ ਅਤੇ ਗੰਭੀਰ ਸਮੱਸਿਆਂ ਦੇ ਨਤੀਜਿਆਂ ਬਾਬਤ ਸੁਹਿਰਦਤਾ ਦਿਖਾਉਂਦਿਆਂ ਅੱਜ ਹਰ ਪੰਜਾਬੀ ਨੂੰ ਲੱਚਰਤਾ ਵਿਰੁੱਧ ਆਵਾਜ਼ ਚੁੱਕਣੀ ਪਵੇਗੀ । ਵਿਰੋਧ ਕੇਵਲ ਨਿਰਮਾਤਾਵਾਂ ਦਾ ਨਹੀਂ ਬਣਦਾ ਬਲਕਿ ਮਨੋਰੰਜਨ ਦੇ ਨਾਮ 'ਤੇ ਕੀਤੇ ਜਾ ਰਹੇ ਸੱਭਿਆਚਾਰਕ ਘਾਣ ਦਾ ਬਣਦਾ ਹੈ।

ਇਹ ਲੜਾਈ ਸਿਰਫ਼ ਸੰਗੀਤ ਦੀ ਨਹੀਂ ਬਲਕਿ ਪੰਜਾਬੀਅਤ ਦੀ ਹੌਂਦ ਦੀ ਲੜਾਈ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਜ਼ਿੰਦਾਬਾਦ!



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਚੁੱਪ ਦੀ ਬੌਧਿਕ ਪਰਵਾਜ਼ – ਪ੍ਰੋ.ਅਤੈ ਸਿੰਘ

ਸੰਨ 2010 ਦੀ ਗੱਲ ਹੈਙ ਮੈਂ ਬੀਬੀ (ਮੇਰੇ ਦਾਦੀ ਜੀ) ਨੂੰ ਕਿਹਾ ਕਿ ਕੀ ਉਹ ਅਤੈ ਸਿੰਘ ਹੁਰਾਂ ਨੂੰ ਜਾਣਦੇ ਹਨ ? ਉਹਨਾਂ ਦਾ ਅੱਗਿਓਂ ਜਵਾਬ ਸੀ, ਫ਼ਤੋਟ;ਇਹ ਕਿਹੜੀ ਜਾਨਣ ਵਾਲੀ ਗੱਲ ਏ ! ਆਪਣਾ ਤਾਂ ਪਰਿਵਾਰ ਹੀ ਇੱਕ-ਮਿੱਕ ਹੈਙ ਸਗੋਂ ਆਪਣੀ ਤਾਂ ਦੂਹਰੀ ਸਾਂਝ ਹੈ, ਇੱਕ ਪਿੰਡ ਦੀ ਪਰਿਵਾਰਕ ਸਾਂਝ ਅਤੇ ਦੂਸਰੀ ਅਤੈ ਸਿੰਘ ਦੇ ਨਾਨਕਿਓ, ਤਾਂ ਹੀ ਉਹ ਮੈਨੂੰ ਭੈਣ ਆਖਦੇ "ਤੇ ਮੈਂ ਉਹਨਾਂ ਨੂੰ ਵੀਰ" ਮੈਂ ਕਿਹਾ ਮੈਨੂੰ ਉਹਨਾਂ ਨਾਲ ਮਿਲਵਾਓ ਇੱਕ ਵਾਰ, ਮੈਂ ਸੁਣਿਆ ਬਹੁਤ ਉਹਨਾਂ ਬਾਰੇ ਪਰ ਕਦੇ ਮਿਲਿਆ ਨਹੀਂ। ਬੀਬੀ ਝੱਟ ਮੈਨੂੰ ਉਹਨਾਂ ਦੇ ਜੱਦੀ ਘਰ ਵੱਲ ਲੈ ਤੁਰੀ ਅਤੇ ਸਬੱਬੀਂ ਸੇਵਾ-ਮੁਕਤ ਪ੍ਰੋਫੈਸਰ ਅਤੈ ਸਿੰਘ ਵੀ ਘਰ ਹੀ ਸਨ। ਬੀਜੀ (ਉਹਨਾਂ ਦੇ ਮਾਤਾ ਜੀ) ਨੂੰ ਮਿਲਣ ਉਪਰੰਤ ਬੀਬੀ ਨੇ ਦੂਸਰੇ ਕਮਰੇ ਵਿੱਚ ਮੈਨੂੰ ਅਤੈ ਸਿੰਘ ਜੀ ਨਾਲ ਜਾ ਮਿਲਵਾਇਆ। ਜਾਣ-ਪਛਾਣ ਕਰਵਾਉਣ ਉਪਰੰਤ ਬੀਬੀ ਤਾਂ ਘਰ ਨੂੰ ਮੁੜ ਗਈ ਅਤੇ ਮੈਂ ਕਾਫ਼ੀ ਸਮਾਂ ਪ੍ਰੋ. ਅਤੈ ਸਿੰਘ ਹੁਰਾਂ ਕੋਲ ਬੈਠਾ ਰਿਹਾ। ਉਹਨਾਂ ਨਾਲ ਲੰਮੀ, ਪ੍ਰਭਾਵਸ਼ਾਲੀ, ਉਸਾਰੂ ਅਤੇ ਸਾਹਿਤਕ ਗੱਲਬਾਤ ਨੇ ਮੈਨੂੰ ਕੀਲ ਲਿਆਙ ਇਹ ਪਹਿਲੀ ਮਿਲਣੀ ਆਉਣ ਵਾਲੇ ਸਮੇਂ ਦੀ ਗੂੜ੍ਹੀ ਸਾਂਝ ਅਤੇ ਖ਼ੂਬਸੂਰਤ ਤਾਰਿਆਂ ਦੀ ਲੋਏ ਹੋਈਆਂ ਅਸੀਮ ਸਾਹਿਤਕ ਗੋਸ਼ਟੀਆਂ ਦਾ ਮੁੱਢ ਸੀ। ਏਨੀ ਡੂੰਘੀ ਸਾਹਿਤਕ ਹਸਤੀ ਨਾਲ ਏਨੀ ਦੇਰੀ ਨਾਲ ਹੋਈ ਮੁਲਾਕਾਤ ਦਾ ਅਫ਼ਸੋਸ ਸੀ ਪਰ ਉਹਨਾਂ ਦੇ ਗਿਆਨ ਦੇ ਚਸ਼ਮਿਆਂ ਦੇ ਫੁਟਾਰਿਆਂ ਨੇ ਪਿੱਛਲੀ ਕਮੀ ਵੀ ਪੂਰੀ ਕਰ ਦਿੱਤੀ।





ਪ੍ਰੋ. ਅਤੈ ਸਿੰਘ ਪੰਜਾਬੀ ਸਾਹਿਤ, ਚਿੰਤਨ ਅਤੇ ਆਲੋਚਨਾ ਦੇ ਖੇਤਰ ਵਿੱਚ ਇੱਕ ਬਹੁਤ ਹੀ ਸਤਿਕਾਰਤ ਅਤੇ ਪ੍ਰਮੁੱਖ ਨਾਮ ਹਨ। ਉਹਨਾਂ ਨੇ ਆਪਣੀ ਸੰਵੇਦਨਸ਼ੀਲ ਕਲਮ ਅਤੇ ਡੂੰਘੀ ਬੌਧਿਕ ਸੂਝ ਨਾਲ ਪੰਜਾਬੀ ਸਾਹਿਤ ਦੀਆਂ ਕਈ ਵਿਧਾਵਾਂ (ਕਵਿਤਾ, ਜੀਵਨੀ, ਨਾਟਕ, ਅਤੇ ਸਾਹਿਤਕ ਆਲੋਚਨਾ) ਨੂੰ ਅਮੀਰ ਕੀਤਾ ਹੈ। ਸਾਹਿਤਕ ਜਗਤ ਵਿੱਚ ਉਹਨਾਂ ਨੂੰ ਇੱਕ ਅਜਿਹੇ ਗੰਭੀਰ ਚਿੰਤਕ ਵਜੋਂ ਜਾਣਿਆ ਜਾਂਦਾ ਹੈ, ਜਿਨ੍ਹਾਂ ਦੀਆਂ ਲਿਖਤਾਂ ਮਨੁੱਖੀ ਸਰੋਕਾਰਾਂ, ਪੰਜਾਬੀ ਸੱਭਿਆਚਾਰ ਅਤੇ ਇਤਿਹਾਸਕ ਚੇਤਨਾ ਨਾਲ ਓਤਪੋਤ ਹਨ। ਪ੍ਰੋ. ਅਤੈ ਸਿੰਘ ਦਾ ਜਨਮ ਪੰਜਾਬ ਦੇ ਜੁਝਾਰੂ ਪਿੰਡ ਬੁਰਜ ਨੱਥੂ ਕੇ, ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ (ਉਦੋਂ ਜ਼ਿਲ੍ਹਾ ਅੰਮ੍ਰਿਤਸਰ) ਵਿਖੇ 1950 ਈਸਵੀ ਨੂੰ ਹੋਇਆ। ਉਹਨਾਂ ਦੇ ਪਿਤਾ ਜੀ ਸ.ਟੇਕ ਸਿੰਘ ਨੇੜਲੇ ਕਸਬੇ ਪੱਟੀ ਵਿਖੇ ਡਾਕਟਰ ਸਨ ਅਤੇ ਮਾਤਾ ਜੀ ਸਰਦਾਰਨੀ ਅਵਤਾਰ ਕੌਰ (ਪਿੰਡ ਵਾਸੀਆਂ ਵੱਲੋਂ ਪਿਆਰ ਸਹਿਤ ਮਿਲਿਆ ਨਾਮ ਬੀਜੀ) ਪਿੰਡ ਦੇ ਸਰਕਾਰੀ ਸਕੂਲ ਦੇ ਸੰਸਥਾਪਕ ਅਤੇ ਸਕੂਲ ਮੁਖੀ ਸਨ।

ਉਹਨਾਂ ਦਾ ਪਰਿਵਾਰ ਬਹੁਤ ਹੀ ਪੜ੍ਹਿਆ ਲਿਖਿਆ, ਸੰਵੇਦਨਸ਼ੀਲ, ਸੁਹਿਰਦ, ਅਤੇ ਦਿਖਾਵੇਬਾਜ਼ੀ ਤੋਂ ਉੱਪਰ ਉੱਠ ਕੇ ਜੀਊਣ ਵਾਲਾ ਸੀ। ਉਹਨਾਂ ਦੇ ਦਾਦਾ ਜੀ ਸ.ਖੇਮ ਸਿੰਘ, ਪਿਤਾ ਜੀ ਅਤੇ ਵੱਡੇ ਭਾਈ ਅਭੈ ਸਿੰਘ (ਉੱਘੇ ਲੇਖਕ) ਕਮਿਊਨਿਸਟ ਵਿਚਾਰਧਾਰਾ ਦੇ ਸਮਰਥਕ ਸਨ। ਉਹ ਪੰਜ ਭਾਈ-ਭੈਣ (ਤਿੰਨ ਭਰਾ ਅਤੇ ਦੋ ਭੈਣਾਂ) ਸਨ। ਉਹਨਾਂ ਦਾ ਵਿਆਹ ਵੀ ਅਦਬੀ ਸੁਭਾਅ ਦੀ ਮਾਲਕ ਹਸਤੀ ਸਰਦਾਰਨੀ ਸੁਰਿੰਦਰ ਕੌਰ ਨਾਲ ਹੋਇਆ ਇਹਨਾਂ ਦੀ ਜੀਵਨ-ਸਾਥਣ ਸੁਰਿੰਦਰ ਕੌਰ ਵੀ ਪੰਜਾਬੀ ਸਾਹਿਤ ਜਗਤ ਦੀ ਇੱਕ ਨਾਮਵਰ ਕਵਿੱਤਰੀ ਅਤੇ ਲੇਖਿਕਾ ਹੈ। ਇਹ ਸਾਹਿਤਕ ਹਲਕਿਆਂ ਵਿੱਚ ਸੁਰਿੰਦਰ ਅਤੈ ਸਿੰਘ ਨਾਮ ਨਾਲ ਪ੍ਰਸਿੱਧ ਹਨ। ਇਹਨਾਂ ਦਾ ਗ੍ਰਹਿਸਥ ਬਾਗ ਕੁਦਰਤ ਨੇ ਦੋ ਬੇਸ਼ਕੀਮਤੀ ਫੁੱਲ ਨੂਰਾਂ ਅਤੇ ਰੂਪ ਦੇ ਕੇ ਰੁਸ਼ਨਾਇਆ। ਪਿੰਡ ਦੇ ਸਾਦੇ, ਸੱਭਿਆਚਾਰਕ ਅਤੇ ਕੁਦਰਤੀ ਵਾਤਾਵਰਨ ਨੇ ਉਹਨਾਂ ਦੇ ਮਨ "ਤੇ ਡੂੰਘੀ ਛਾਪ ਛੱਡੀ। ਉਹਨਾਂ ਦੇ ਬਚਪਨ ਅਤੇ ਜਵਾਨੀ ਦਾ ਸਮਾਂ ਪੰਜਾਬ ਦੀ ਮਿੱਟੀ ਦੀ ਮਹਿਕ ਅਤੇ ਪੇਂਡੂ ਜੀਵਨ ਦੀਆਂ ਤਲਖ਼ ਹਕੀਕਤਾਂ ਨੂੰ ਦੇਖਦਿਆਂ ਲੰਘਿਆ। ਇਹੀ ਕਾਰਨ ਹੈ ਕਿ ਜਦੋਂ ਉਹਨਾਂ ਨੇ ਸਾਹਿਤ ਦੇ ਖੇਤਰ ਵਿੱਚ ਕਦਮ ਰੱਖਿਆ, ਤਾਂ ਉਹਨਾਂ ਦੀਆਂ ਲਿਖਤਾਂ ਵਿੱਚ ਪੇਂਡੂ ਜੀਵਨ ਦੀ ਸਾਦਗੀ, ਮਨੁੱਖੀ ਰਿਸ਼ਤਿਆਂ ਦੇ ਤਣਾਅ ਅਤੇ ਸਮਾਜਿਕ ਸਰੋਕਾਰ ਬਹੁਤ ਹੀ ਸਹਿਜ ਢੰਗ ਨਾਲ ਪ੍ਰਗਟ ਹੋਏ। ਉਹ ਬਚਪਨ ਤੋਂ ਹੀ ਸੁਭਾਵਿਕ ਤੌਰ ਉੱਪਰ ਬਹੁਤ ਹੀ ਅੰਤਰਮੁਖੀ ਸਨ। ਉਹਨਾਂ ਦਾ ਇਹੀ ਅੰਤਰਮੁਖੀ ਅਤੇ ਮਨਮੌਜੀ ਸੁਭਾਅ ਉਹਨਾਂ ਦੇ ਸਾਹਿਤਕ ਅਤੇ ਕਲਾਕਾਰੀ ਸਫ਼ਰ ਵਿੱਚ ਵੀ ਝਲਕਦਾ ਰਿਹਾ।

ਮੁੱਢਲੀ ਸਕੂਲੀ ਸਿੱਖਿਆ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਆਪਣੀ ਬੀਜੀ ਤੋਂ ਪ੍ਰਾਪਤ ਕਰ ਪੱਟੀ ਸ਼ਹਿਰ ਤੋਂ ਸਕੂਲੀ ਸਿੱਖਿਆ ਮੁਕੰਮਲ ਕਰ ਕਾਲਜ, ਫਿਰ ਵਿਸ਼ਵਿਦਿਆਲੇ ਦਾ ਸਫ਼ਰ ਤੈਅ ਕਰਦੇ ਹੋਏ ਐੱਮ.ਫਿਲ ਤੱਕ ਦੀ ਸਿੱਖਿਆ ਹਾਸਲ ਕੀਤੀ। ਅਨੇਕਾਂ ਖੋਜਾਰਥੀ ਵਿਦਿਆਰਥੀਆਂ ਦੇ ਪੀਐੱਚ.ਡੀ ਗਾਈਡ ਰਹੇ ਅਤੈ ਸਿੰਘ ਨੇ ਭਾਵੇਂ ਖ਼ੁਦ ਕਦੇ ਅਕਾਦਮਿਕ ਡਾਕਟਰੇਟ ਨਹੀਂ ਕੀਤੀ। ਪਰ ਵਿਦਵਤਾ ਪੋਸਟ ਡਾਕਟਰੇਟ ਤੋਂ ਵੀ ਵਧੇਰੇ ਰੱਖੀ। ਉਹਨਾਂ ਨੇ ਉੱਚ ਸਿੱਖਿਆ ਹਾਸਲ ਕਰਨ ਤੋਂ ਬਾਅਦ ਅਧਿਆਪਨ (ਸਹਾਇਕ ਪ੍ਰੋਫ਼ੈਸਰ ਪੰਜਾਬੀ) ਦੇ ਪੇਸ਼ੇ ਨੂੰ ਚੁਣਿਆ। ਇੱਕ ਪ੍ਰੋਫ਼ੈਸਰ ਵਜੋਂ ਕਾਲਜਾਂ ਅਤੇ ਸਾਹਿਤਕ ਸੰਸਥਾਵਾਂ ਵਿੱਚ ਕਾਰਜ ਕਰਦਿਆਂ ਉਹਨਾਂ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੋੜਿਆ। ਅਧਿਆਪਨ ਦੇ ਕਾਰਜ ਨੇ ਉਹਨਾਂ ਦੀ ਚਿੰਤਨ ਪ੍ਰਕਿਰਿਆ ਨੂੰ ਹੋਰ ਵਧੇਰੇ ਗੰਭੀਰ, ਤਾਰਕਿਕ ਅਤੇ ਅਕਾਦਮਿਕ ਬਣਾ ਦਿੱਤਾ। ਉਹ ਸਿਰਫ਼ ਜਮਾਤਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਨਹੀਂ ਸਨ, ਸਗੋਂ ਵਿਦਿਆਰਥੀਆਂ ਦੇ ਮਨਾਂ ਵਿੱਚ ਸਾਹਿਤਕ ਚੇਤਨਾ ਪੈਦਾ ਕਰਨ ਵਾਲੇ ਇੱਕ ਸੱਚੇ ਰਹਿਬਰ ਸਨ।

ਪ੍ਰੋ. ਅਤੈ ਸਿੰਘ ਦੀ ਸ਼ਖ਼ਸੀਅਤ ਦਾ ਸਭ ਤੋਂ ਵੱਡਾ ਗੁਣ ਉਹਨਾਂ ਦੀ ਸਹਿਜਤਾ, ਨਿਮਰਤਾ ਅਤੇ ਗੰਭੀਰਤਾ ਹੈ। ਉਹ ਬਹੁਤ ਹੀ ਚੁੱਪ-ਚਾਪ ਅਤੇ ਪ੍ਰਚਾਰ ਦੀ ਭੁੱਖ ਤੋਂ ਦੂਰ ਰਹਿ ਕੇ ਸਾਹਿਤ ਦੀ ਸੇਵਾ ਕਰਨ ਵਾਲੇ ਇਨਸਾਨ ਹਨ। ਸਾਹਿਤਕ ਹਲਕਿਆਂ ਅਤੇ ਗੋਸ਼ਟੀਆਂ ਵਿੱਚ ਜਦੋਂ ਵੀ ਉਹ ਬੋਲਦੇ ਹਨ, ਤਾਂ ਉਹਨਾਂ ਦੇ ਸ਼ਬਦਾਂ ਵਿੱਚ ਤਰਕ, ਡੂੰਘਾ ਅਧਿਐਨ ਅਤੇ ਨਿਰਪੱਖਤਾ ਸਾਫ਼ ਝਲਕਦੀ ਹੈ। ਉਹ ਆਪਣੇ ਸਮਕਾਲੀ ਲੇਖਕਾਂ ਵਿੱਚ ਬਹੁਤ ਹੀ ਸਤਿਕਾਰੇ ਜਾਂਦੇ ਹਨ ਅਤੇ ਨਵੇਂ ਲਿਖਣ ਵਾਲੇ ਨੌਜਵਾਨਾਂ ਦੀ ਹਮੇਸ਼ਾ ਹੌਸਲਾ-ਅਫ਼ਜ਼ਾਈ ਕਰਦੇ ਹਨ। ਦੋਵੇਂ ਸਾਹਿਤਕ ਜੋੜੀ ਵਜੋਂ ਦੇਸ਼-ਵਿਦੇਸ਼ (ਜਿਵੇਂ ਕੈਨੇਡਾ ਆਦਿ) ਦੇ ਸਾਹਿਤਕ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ, ਜਿੱਥੇ ਉਹਨਾਂ ਦੇ ਵਿਚਾਰਾਂ ਨੂੰ ਬਹੁਤ ਗੰਭੀਰਤਾ ਨਾਲ ਸੁਣਿਆ ਜਾਂਦਾ ਹੈ। ਪ੍ਰੋ. ਅਤੈ ਸਿੰਘ ਨੇ ਪੰਜਾਬੀ ਸਾਹਿਤ ਦੀ ਜੋ ਝੋਲੀ ਭਰੀ ਹੈ, ਉਸ ਵਿੱਚ ਵਿਵਿਧਤਾ ਹੈ। ਉਹਨਾਂ ਨੇ ਕੇਵਲ ਇੱਕ ਵਿਧਾ ਤੱਕ ਆਪਣੇ ਆਪ ਨੂੰ ਸੀਮਿਤ ਨਹੀਂ ਰੱਖਿਆ। ਕਵਿਤਾ ਦੇ ਖੇਤਰ ਵਿੱਚ ਉਹਨਾਂ ਦੀ ਪੁਸਤਕ "ਉੱਨੀ ਇੱਕੀ" ਇੱਕ ਅਹਿਮ ਪ੍ਰਾਪਤੀ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਉਹਨਾਂ ਨੇ ਮਨੁੱਖੀ ਮਨ ਦੇ ਵੇਗ, ਸਮਾਜਿਕ ਅਸਮਾਨਤਾ, ਰਾਜਨੀਤਕ ਵਿਅੰਗ ਅਤੇ ਜ਼ਿੰਦਗੀ ਦੇ ਸੂਖਮ ਅਨੁਭਵਾਂ ਨੂੰ ਬਹੁਤ ਹੀ ਖ਼ੂਬਸੂਰਤ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਹੈ। ਉਹਨਾਂ ਦੀ ਕਵਿਤਾ ਵਿੱਚ ਕੋਈ ਫ਼ੋਕਾ ਸ਼ੋਰ ਨਹੀਂ ਹੈ, ਸਗੋਂ ਇੱਕ ਚੁੱਪ ਸੰਵੇਦਨਸ਼ੀਲਤਾ ਹੈ ਜੋ ਪਾਠਕ ਦੇ ਦਿਲ ਨੂੰ ਧੂਹ ਪਾਉਂਦੀ ਹੈ।

ਪ੍ਰੋ. ਅਤੈ ਸਿੰਘ ਦੇ ਸਾਹਿਤਕ ਸਫ਼ਰ ਦਾ ਸਭ ਤੋਂ ਵੱਡਾ ਅਤੇ ਇਤਿਹਾਸਕ ਕਾਰਜ "ਪੂਰਨ ਦਰਵੇਸ਼" (ਪੁਸਤਕ) ਲਿਖਣਾ ਹੈ। ਇਹ ਜੀਵਨੀ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਅਤੇ ਮਹਾਨ ਮਾਨਵਤਾਵਾਦੀ ਸ਼ਖ਼ਸੀਅਤ ਭਗਤ ਪੂਰਨ ਸਿੰਘ ਜੀ ਦੇ ਜੀਵਨ, ਸੰਘਰਸ਼ ਅਤੇ ਫ਼ਲਸਫ਼ੇ 'ਤੇ ਆਧਾਰਿਤ ਹੈ। ਇਸ ਪੁਸਤਕ ਵਿੱਚ ਪ੍ਰੋ. ਅਤੈ ਸਿੰਘ ਨੇ ਭਗਤ ਜੀ ਦੇ ਜੀਵਨ ਦੇ ਅਜਿਹੇ ਅਣਛੂਹੇ ਪਹਿਲੂਆਂ ਨੂੰ ਉਜਾਗਰ ਕੀਤਾ, ਜਿਸ ਤੋਂ ਆਮ ਲੋਕ ਅਣਜਾਣ ਸਨ। ਇਸੇ ਮਹਾਨ ਪੁਸਤਕ "ਪੂਰਨ ਦਰਵੇਸ਼" ਨੂੰ ਆਧਾਰ ਬਣਾ ਕੇ ਪ੍ਰਸਿੱਧ ਪੰਜਾਬੀ ਫ਼ਿਲਮ "ਇਹ ਜਨਮ ਤੁਮ੍ਹਾਰੇ ਲੇਖੇ" ਬਣਾਈ ਗਈ। ਇਸ ਫ਼ਿਲਮ ਨੇ ਭਗਤ ਪੂਰਨ ਸਿੰਘ ਜੀ ਦੀ ਮਾਨਵਤਾ ਪ੍ਰਤੀ ਸੇਵਾ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਇਆ। ਇਸ ਕਾਰਜ ਲਈ ਪ੍ਰੋ. ਅਤੈ ਸਿੰਘ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਭਰਪੂਰ ਸ਼ਲਾਘਾ ਮਿਲੀ।

ਪ੍ਰੋ. ਅਤੈ ਸਿੰਘ ਕੇਵਲ ਇੱਕ ਰਚਨਾਕਾਰ ਹੀ ਨਹੀਂ, ਸਗੋਂ ਉੱਚ ਕੋਟੀ ਦੇ ਸਾਹਿਤਕ ਆਲੋਚਕ ਵੀ ਹਨ। ਉਹਨਾਂ ਨੇ ਕਈ ਪ੍ਰਮੁੱਖ ਲੇਖਕਾਂ ਦੀਆਂ ਲਿਖਤਾਂ ਦਾ ਬਹੁਤ ਹੀ ਬਾਰੀਕੀ ਨਾਲ ਅਧਿਐਨ ਕੀਤਾ ਹੈ। ਉਹਨਾਂ ਦੀ ਇੱਕ ਮਹੱਤਵਪੂਰਨ ਪੁਸਤਕ 'ਸਵਰਨਜੀਤ ਸਵੀ- ਕਾਵਿ : ਅੰਤਰ-ਸੰਵਾਦ' ਹੈ, ਜਿਸ ਵਿੱਚ ਉਹਨਾਂ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ ਗੰਭੀਰ ਚਰਚਾ ਕੀਤੀ ਹੈ। ਜੰਗ ਬਹਾਦੁਰ ਗੋਇਲ ਦੀ ਵਾਰਤਕ ਪੁਸਤਕ 'ਸਾਹਿਤ ਸੰਜੀਵਨੀ' ਉੱਪਰ ਉਹਨਾਂ ਦੁਆਰਾ ਕੀਤਾ ਗਿਆ ਕਾਰਜ ਬਹੁਤ ਚਰਚਿਤ ਰਿਹਾ ਹੈ। ਉਹਨਾਂ ਨੇ ਸਮੀਖਿਆ ਨੂੰ ਤਿੰਨ ਪ੍ਰਮੁੱਖ ਅਤੇ ਨਵੇਂ ਭਾਗਾਂ—'ਲਿਖਤਾ ਓ ਵਾਚ" "ਵਾਚਤਾ ਓ ਵਾਚ" ਅਤੇ "ਪੜ੍ਹਤਾ ਓ ਵਾਚ" ਵਿੱਚ ਵੰਡ ਕੇ ਪੰਜਾਬੀ ਆਲੋਚਨਾ ਜਗਤ ਨੂੰ ਇੱਕ ਨਵੀਂ ਦ੍ਰਿਸ਼ਟੀ ਦਿੱਤੀ। ਪ੍ਰੋ. ਅਤੈ ਸਿੰਘ ਦਾ ਵਾਰਤਕ ਸ਼ੈਲੀ ਬਾਰੇ ਆਪਣਾ ਇੱਕ ਮੌਲਿਕ ਅਤੇ ਨਿਵੇਕਲਾ ਨਜ਼ਰੀਆ ਹੈ। ਉਹਨਾਂ ਅਨੁਸਾਰ ਵਾਰਤਕ ਕੇਵਲ ਸ਼ਬਦਾਂ ਦਾ ਸੰਗ੍ਰਹਿ ਨਹੀਂ ਹੈ, ਸਗੋਂ ਇਹ ਲੇਖਕ ਦੇ ਅੰਦਰੂਨੀ ਸੱਚ ਅਤੇ ਸਮਾਜਿਕ ਚੇਤਨਾ ਦਾ ਪ੍ਰਗਟਾਵਾ ਹੈ। ਜਦੋਂ ਉਹ ਕਿਸੇ ਸ਼ਖ਼ਸੀਅਤ ਦਾ ਰੇਖਾ-ਚਿੱਤਰ ਜਾਂ ਜੀਵਨੀ ਲਿਖਦੇ ਹਨ, ਤਾਂ ਉਹ ਸਿਰਫ਼ ਇਤਿਹਾਸਕ ਤੱਥਾਂ ਨੂੰ ਨਹੀਂ ਦੁਹਰਾਉਂਦੇ, ਸਗੋਂ ਉਸ ਇਨਸਾਨ ਦੀ ਰੂਹ ਅਤੇ ਉਸ ਦੇ ਮਨੋਵਿਗਿਆਨਿਕ ਪਹਿਲੂਆਂ ਨੂੰ ਪਾਠਕ ਦੇ ਸਾਹਮਣੇ ਸਾਕਾਰ ਕਰ ਦਿੰਦੇ ਹਨ। ਉਹਨਾਂ ਦੀ ਲਿਖਣ ਸ਼ੈਲੀ ਬਹੁਤ ਹੀ ਸਰਲ, ਪ੍ਰਵਾਹਮਈ ਅਤੇ ਪ੍ਰਭਾਵਸ਼ਾਲੀ ਹੈ।

ਪ੍ਰੋ. ਅਤੈ ਸਿੰਘ ਦੀ ਸਾਹਿਤਕ ਪ੍ਰਤਿਭਾ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਡਾਇਸਪੋਰਾ (ਪ੍ਰਵਾਸੀ ਪੰਜਾਬੀਆਂ) ਵਿੱਚ ਵੀ ਉਹ ਬਹੁਤ ਹਰਮਨ-ਪਿਆਰੇ ਹਨ। "ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ" ਵਰਗੀਆਂ ਕਈ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਉਹਨਾਂ ਦੇ ਸਨਮਾਨ ਵਿੱਚ ਵਿਸ਼ੇਸ਼ "ਰੂ-ਬਰੂਫ਼" (ਸਾਹਿਤਕ ਮਿਲਣੀ) ਸਮਾਗਮ ਕਰਵਾਏ ਜਾਂਦੇ ਹਨ, ਜਿੱਥੇ ਉਹ ਪੰਜਾਬੀ ਭਾਸ਼ਾ ਦੇ ਭਵਿੱਖ, ਸਾਹਿਤਕ ਗਿਰਾਵਟ ਅਤੇ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਵਰਗੇ ਗੰਭੀਰ ਵਿਸ਼ਿਆਂ 'ਤੇ ਸੰਵਾਦ ਰਚਾਉਂਦੇ ਹਨ। ਉਹਨਾਂ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਸਫ਼ਰ ਵਿੱਚ ਲੰਘਾਇਆ ਹੈ। ਇਹ ਸਫ਼ਰ ਪਿੰਡ ਬੁਰਜ ਨੱਥੂ ਕੇ ਪਹਿਲੇ ਪਹਿਰ ਤੋਂ ਸ਼ੁਰੂ ਹੋ ਰੂਪਨਗਰ ਸਰਕਾਰੀ ਕਾਲਜ ਵਿੱਚ ਅਧਿਆਪਨ ਕਰਨ ਉਪਰੰਤ, ਦੁਪਹਿਰ ਵੇਲੇ ਬਾਅਦ ਜਲੰਧਰ ਦੂਰਦਰਸ਼ਨ ਕੇਂਦਰ ਵਿਖੇ ਸ਼ੂਟਿੰਗ ਅਤੇ ਫਿਰ ਰਾਤ ਦੇ ਪਹਿਰ ਤੱਕ ਪਿੰਡ ਵਾਪਸ ਅੱਪੜ ਗ੍ਰਹਿਸਥ ਸੰਭਾਲਣ ਤੱਕ ਇੱਕ ਦਿਨ ਵਿੱਚ ਤੈਅ ਹੁੰਦਾ ਰਿਹਾ ਅਤੈ ਸਿੰਘ ਨੂੰ ਇਸ ਸਫ਼ਰ ਨੇ ਕਦੇ ਥਕਾਇਆ ਜਾਂ ਉਕਤਾਇਆ ਨਹੀਂ ਸਗੋਂ ਊਰਜਾਵਾਨ ਕੀਤਾ। ਹਾਲਾਤਾਂ ਅਤੇ ਸਮੇਂ ਅਤੇ ਪਰਿਵਾਰਕ ਸਥਿਤੀਆਂ ਨੂੰ ਵਾਚਦਿਆਂ ਜਦੋਂ ਉਹ ਸ.ਅ.ਸ ਨਗਰ ਵਿਖੇ ਵੀ ਘਰ ਬਣਾ ਕੇ ਰਹਿਣ ਲੱਗ ਪਏ ਤਾਂ ਵੀ ਆਪਣੇ ਪਿੰਡ ਆਉਣ ਲਈ ਤਾਂਘਦੇ ਰਹੇ।

ਮੌਜੂਦਾ ਸਮੇਂ ਵਿੱਚ ਵੀ ਉਹਨਾਂ ਨੂੰ ਆਪਣੇ ਕਨੇਡਾ, ਮੁਹਾਲੀ ਅਤੇ ਪਿੰਡ ਵਾਲੇ ਘਰ ਵਿੱਚੋਂ ਸਭ ਤੋਂ ਅਜ਼ੀਜ਼ ਪਿੰਡ ਵਾਲਾ ਘਰ ਹੀ ਹੈ। ਉਹ ਪਿੰਡ ਵਿੱਚ ਆਪਣਾਪਨ ਮਹਿਸੂਸ ਕਰਦੇ ਹਨ। ਉਹਨਾਂ ਦੀ ਹਾਜ਼ਰੀ ਦੌਰਾਨ ਉਹਨਾਂ ਘਰ ਦੇਰ ਰਾਤ ਤੱਕ ਯਾਰਾਂ-ਪਿਆਰਿਆਂ ਦੀਆਂ ਮਹਿਫ਼ਿਲਾਂ ਦੇ ਰੰਗ ਬੱਝੇ ਰਹਿੰਦੇ ਹਨ। ਉਹਨਾਂ ਨੇ ਆਪਣੇ ਘਰ ਨੂੰ ਅੱਜ ਤੱਕ ਵੀ ਪੁਰਾਣੀ ਦਿੱਖ ਅਤੇ ਢਾਂਚੇ ਵਾਲਾ ਹੀ ਰੱਖਿਆ ਹੈ। ਜਿਸ ਵਿੱਚੋਂ ਪੰਜ ਪੀੜ੍ਹੀਆਂ ਦੇ ਵਸੇਬੇ ਦੀ ਝਲਕ ਸਾਫ਼ ਝਲਕਦੀ ਹੈ। ਏਸੇ ਕਾਰਨ ਹੀ ਸ਼ਾਇਦ "ਏਹ ਜਨਮ ਤੁਮਹਾਰੇ ਲੇਖੇ" ਫ਼ਿਲਮ ਦੇ ਡਾਇਰੈਕਟਰ ਹਰਜੀਤ ਸਿੰਘ ਨੇ ਭਗਤ ਪੂਰਨ ਸਿੰਘ ਦੇ ਬਚਪਨ ਨੂੰ ਦ੍ਰਿਸ਼ਟਮਾਨ ਕਰਨ ਲਈ ਇਹਨਾਂ ਦੇ ਘਰ ਨੂੰ ਚੁਣਿਆ। ਸਾਹਿਤਕਾਰੀ ਦੇ ਨਾਲ-ਨਾਲ ਟੈਲੀਵਿਜ਼ਨ ਦਾ ਸਫ਼ਰ ਉਹਨਾਂ ਦੀ ਵੱਖਰੀ ਪਛਾਣ ਦਾ ਲਖਾਇਕ ਰਿਹਾ। ਹਾਲਾਂਕਿ ਜਲੰਧਰ ਤੋਂ ਪਿੰਡ ਦੀ ਦੂਰੀ ਨੂੰ ਉਹਨਾਂ ਨੇ ਕਦੇ ਆਪਣੇ ਰਾਹ ਦਾ ਰੋੜ੍ਹਾ ਨਹੀਂ ਬਣਨ ਦਿੱਤਾਙ ਭੰਗੜਾ, ਇੱਕ ਨੂਰ ਤੁਰਿਆ, ਆਦਿਕ ਕਾਰਜ ਉਹਨਾਂ ਦੀ ਅਦਾਕਾਰੀ ਅਤੇ ਨਾਟਕਕਾਰੀ ਸਖਸ਼ੀਅਤ ਨੂੰ ਪ੍ਰਮਾਣਿਤ ਕਰਦੇ ਹਨ। ਅਤੈ ਸਿੰਘ ਨੇ ਪਿੰਡ ਦੇ ਆਪਣੇ ਸਾਥੀਆਂ ਭਰਪੂਰ ਸਿੰਘ, ਹਰਜੀਤ ਸਿੰਘ ਕੰਗ, ਹਰਜੀਤ ਸਿੰਘ ਸੰਧੂ, ਗੁਰਦੇਵ ਸਿੰਘ ਨਾਲ ਮਿਲ ਕੇ ਉਸਾਰੂ ਕਾਰਜਾਂ ਹਿੱਤ ਪਿੰਡ ਸੱਤਰਵਿਆਂ ਵਿੱਚ ਅਖ਼ਬਾਰਾਂ ਲਿਆਉਣੀਆਂ ਸ਼ੁਰੂ ਕੀਤੀਆਂ,ਰਸਾਲਾ ਛਾਪਣਾ ਸ਼ੁਰੂ ਕੀਤਾ, ਸਾਹਿਤਕ ਗਤਿਵਿਧਿਆਂ ਆਯੋਜਿਤ ਕੀਤੀਆਂ ਜਿਸ ਤਹਿਤ ਪ੍ਰਮਿੰਦਰਜੀਤ, ਰਵਿੰਦਰ, ਜੋਗਿੰਦਰ ਕੈਰੋਂ, ਹਰਜੀਤ ਗਿੱਲ,ਨਿਰਮਲ ਅਰਪਨ, ਮੁਖ਼ਤਾਰ ਗਿੱਲ, ਦਰਸ਼ਨ ਦਰਵੇਸ਼ ਵਰਗੀਆਂ ਵੱਡੀਆਂ ਅਦਬੀ ਹਸਤੀਆਂ ਪਿੰਡ ਦੀਆਂ ਮਹਿਫ਼ਿਲਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ।

ਉਮਰ ਦੇ ਸੱਤਰਵਿਆਂ ਵਿੱਚ ਪਹੁੰਚ ਕੇ ਅੱਜ ਵੀ ਅਤੈ ਸਿੰਘ ਗਾਹੇ-ਬਗਾਹੇ, ਆਨੇ-ਬਹਾਨੇ ਭਾਵੇਂ ਕਨੇਡਾ ਤੋਂ ਅਤੇ ਭਾਵੇਂ ਮੁਹਾਲੀ ਤੋਂ ਆਵੇ, ਆਪਣੇ ਪਿੰਡ ਜ਼ਰੂਰ ਆਮਦ ਰੱਖਦੇ ਹਨ। ਭਾਵੇਂ ਕੁਝ ਸਮਕਾਲੀ ਕਾਰਨਾਂ ਵੱਸ ਉਚਾਟ ਹੋ, ਉਦਾਸ ਹੋ ਉਹ ਕਈ ਵਾਰ ਇਕੱਲੇ ਪਿੰਡ ਆਉਣ ਤੋਂ ਝਕਦੇ ਹਨ (ਉਹਨਾਂ ਦਾ ਪਰਿਵਾਰ ਝਕਦਾ ਹੈ) ਪਰ ਫਿਰ ਵੀ ਜਦ ਉਹ ਪਿੰਡ ਆਉਂਦੇ ਹਨ ਤਾਂ ਪਿੰਡ ਦੀਆਂ ਗਲ਼ੀਆਂ, ਉਮਰਾਂ ਅਤੇ ਪੀੜ੍ਹੀਆਂ ਦੇ ਉੱਨੀ-ਇੱਕੀ ਵਿੱਥਾਂ ਬਾਰੇ, ਕਿਸੇ ਪਿਆਰੇ ਵੱਲੋਂ ਸ਼ਬਦ ਮੰਗਣ ਉੱਪਰੰਤ ਸਾਰੀ ਚੁੱਪ ਉਸਨੂੰ ਸੌਂਪਣ ਬਾਰੇ, ਡਾਕੀਏ ਦੀ ਮਨੋਅਵਸਥਾ ਬਾਰੇ ਗੱਲਾਂ ਕਰਨ ਲਗਦੀਆਂ ਹਨ। ਉਹਨਾਂ ਦਾ ਘਰ ਹੁਣ ਵੀ ਰਾਤ ਵੇਲੇ ਪਿਆਰਿਆਂ ਦੀ ਆਮਦ ਸੰਗ ਤਾਲਸਤਾਏ ਦੀ ਬੈਠਕ ਵਰਗਾ ਹੋ ਨਿੱਬੜਦਾ ਹੈ, ਜਿੱਥੇ ਬੈਠ ਉਹ ਨਵੀਆਂ ਪੁਰਾਣੀਆਂ ਕਿਤਾਬਾਂ ਅਤੇ ਯਾਦਾਂ ਨੂੰ ਸਾਂਝਿਆਂ ਕਰਦੇ ਹਨ। ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰੋ. ਅਤੈ ਸਿੰਘ ਪੰਜਾਬੀ ਸਾਹਿਤ ਦੇ ਆਕਾਸ਼ ਵਿੱਚ ਇੱਕ ਅਜਿਹੇ ਧਰੂ-ਤਾਰੇ ਵਾਂਗ ਹਨ, ਜੋ ਚਮਕਦਾ ਤਾਂ ਸਹਿਜਤਾ ਨਾਲ ਹੈ, ਪਰ ਆਪਣੀ ਰੋਸ਼ਨੀ ਨਾਲ ਪੂਰੇ ਸਾਹਿਤਕ ਮਾਰਗ ਨੂੰ ਰੁਸ਼ਨਾਉਂਦਾ ਹੈ। ਉਹਨਾਂ ਦੀ ਕਲਮ ਵਿੱਚ ਜਿੱਥੇ ਕਵਿਤਾ ਦੀ ਕੋਮਲਤਾ ਹੈ, ਉੱਥੇ ਹੀ ਜੀਵਨੀ ਅਤੇ ਆਲੋਚਨਾ ਦੀ ਇਤਿਹਾਸਕ ਪ੍ਰਮਾਣਿਕਤਾ ਤੇ ਗੰਭੀਰਤਾ ਵੀ ਹੈ। ਭਗਤ ਪੂਰਨ ਸਿੰਘ ਜੀ ਵਰਗੇ ਮਹਾਨ ਦਰਵੇਸ਼ ਦੇ ਜੀਵਨ ਨੂੰ ਲਿਖਤੀ ਅਤੇ ਫ਼ਿਲਮੀ ਪਰਦੇ ਰਾਹੀਂ ਅਮਰ ਕਰਨ ਲਈ ਪੂਰਾ ਪੰਜਾਬੀ ਜਗਤ ਹਮੇਸ਼ਾ ਉਹਨਾਂ ਦਾ ਰਿਣੀ ਰਹੇਗਾ। ਉਹ ਅੱਜ ਵੀ ਨਿਰੰਤਰ ਸਾਹਿਤ ਸਿਰਜਣਾ ਵਿੱਚ ਲੀਨ ਹਨ ਅਤੇ ਪੰਜਾਬੀ ਮਾਂ-ਬੋਲੀ ਦਾ ਮਾਣ ਵਧਾ ਰਹੇ ਹਨ।



**ਮਲਕੀਤ ਰਾਸੀ**












# ਰਾਸ਼ੀਫਲ



**ਮੇਸ਼** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਰਾਸ਼ੀ ਬਦਲ ਕੇ ਮੇਖ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਪਹਿਲੇ ਘਰ ਵਿੱਚ ਹੋਵੇਗਾ। ਤੁਸੀਂ ਦਿਨ ਦੀ ਸ਼ੁਰੂਆਤ ਤੋਂ ਹੀ ਉਤਸ਼ਾਹ ਨਾਲ ਭਰੇ ਰਹੋਗੇ। ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਚੰਗੀ ਰਹੇਗੀ। ਪਰਿਵਾਰਕ ਮਾਹੌਲ ਸੁਹਾਵਣਾ ਰਹੇਗਾ। ਤੁਸੀਂ ਦੋਸਤਾਂ ਅਤੇ ਅਜ਼ੀਜ਼ਾਂ ਨਾਲ ਮੇਲ-ਜੋਲ ਕਰੋਗੇ, ਪਰ ਦੁਪਹਿਰ ਤੋਂ ਬਾਅਦ ਤੁਹਾਡੀ ਸਿਹਤ ਵਿਗੜ ਸਕਦੀ ਹੈ। ਪਰਿਵਾਰਕ ਮੈਂਬਰਾਂ ਨਾਲ ਵਿਵਾਦ ਸੰਭਵ ਹੈ। ਗੱਲਬਾਤ ਦੌਰਾਨ ਕਠੋਰ ਭਾਸ਼ਾ ਦੀ ਵਰਤੋਂ ਕਰਨ ਤੋਂ ਬਚੋ। ਤੁਹਾਨੂੰ ਕੰਮ 'ਤੇ ਵੀ ਸੰਜਮ ਰੱਖਣਾ ਚਾਹੀਦਾ ਹੈ। ਆਪਣੇ ਕਾਰੋਬਾਰ ਨੂੰ ਵਧਾਉਣ ਲਈ ਹੁਣੇ ਕੋਈ ਵੱਡਾ ਫੈਸਲਾ ਲੈਣ ਤੋਂ ਬਚੋ।

**ਟੌਰਸ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਆਪਣੀ ਰਾਸ਼ੀ ਬਦਲ ਕੇ ਮੇਸ਼ ਵਿੱਚ ਆ ਜਾਵੇਗਾ। ਤੁਹਾਡੇ ਲਈ, ਚੰਦਰਮਾ ਬਾਰ੍ਹਵੇਂ ਘਰ ਵਿੱਚ ਹੋਵੇਗਾ। ਤੁਸੀਂ ਪਰਿਵਾਰ ਦੇ ਮੈਂਬਰਾਂ ਨਾਲ ਮਹੱਤਵਪੂਰਨ ਚਰਚਾ ਕਰੋਗੇ। ਤੁਸੀਂ ਆਪਣੇ ਘਰ ਨੂੰ ਸੁੰਦਰ ਬਣਾਉਣ ਵਿੱਚ ਰੁੱਝੇ ਰਹੋਗੇ। ਤੁਹਾਨੂੰ ਆਪਣੀ ਮਾਂ ਤੋਂ ਵਿਸ਼ੇਸ਼ ਆਸ਼ੀਰਵਾਦ ਪ੍ਰਾਪਤ ਹੋਵੇਗਾ। ਤੁਸੀਂ ਆਪਣੇ ਉੱਚ ਅਧਿਕਾਰੀਆਂ ਨਾਲ ਸੁਹਿਰਦ ਸਬੰਧ ਵਿਕਸਤ ਕਰੋਗੇ। ਇਸ ਸਮੇਂ ਦੌਰਾਨ ਤੁਸੀਂ ਆਪਣੇ ਨਿਰਧਾਰਤ ਟੀਚਿਆਂ ਨੂੰ ਵੀ ਪ੍ਰਾਪਤ ਕਰ ਸਕਦੇ ਹੋ। ਤੁਸੀਂ ਦੁਪਹਿਰ ਨੂੰ ਸਮਾਜਿਕ ਕੰਮਾਂ ਵਿੱਚ ਦਿਲਚਸਪੀ ਲਓਗੇ। ਤੁਹਾਨੂੰ ਦੋਸਤਾਂ ਤੋਂ ਲਾਭ ਹੋਵੇਗਾ। ਤੁਹਾਨੂੰ ਆਪਣੇ ਬੱਚਿਆਂ ਤੋਂ ਖੁਸ਼ਖਬਰੀ ਮਿਲੇਗੀ। ਨਵੀਂ ਦੋਸਤੀ ਤੁਹਾਡੇ ਮਨ ਵਿੱਚ ਖੁਸ਼ੀ ਲਿਆਵੇਗੀ। ਤੁਸੀਂ ਆਪਣੇ ਜੀਵਨ ਸਾਥੀ ਨਾਲ ਪਿਆਰ ਭਰੀ ਗੱਲਬਾਤ ਕਰੋਗੇ। ਅਚਾਨਕ ਵਿੱਤੀ ਲਾਭ ਦੀ ਸੰਭਾਵਨਾ ਹੈ। ਖਰਚਿਆਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

**ਮਿਥੁਨ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਆਪਣੀ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਆ ਜਾਵੇਗਾ। ਚੰਦਰਮਾ ਤੁਹਾਡੇ ਗਿਆਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਨੂੰ ਦੋਸਤਾਂ ਤੋਂ ਲਾਭ ਹੋਵੇਗਾ। ਤੁਸੀਂ ਨਵੇਂ ਦੋਸਤ ਬਣਾ ਸਕਦੇ ਹੋ। ਤੁਹਾਨੂੰ ਉਮੀਦ ਤੋਂ ਵੱਧ ਪੈਸਾ ਮਿਲੇਗਾ। ਸਰਕਾਰੀ ਕੰਮ ਆਸਾਨੀ ਨਾਲ ਪੂਰਾ ਹੋ ਜਾਵੇਗਾ। ਤੁਸੀਂ ਅੱਜ ਕੰਮ 'ਤੇ ਲਟਕ ਰਹੇ ਕੰਮਾਂ ਨੂੰ ਪੂਰਾ ਕਰਨ ਦੇ ਯੋਗ ਹੋਵੋਗੇ। ਦੁਪਹਿਰ ਨੂੰ ਆਪਣਾ ਸਮਾਂ ਸਾਵਧਾਨੀ ਨਾਲ ਬਿਤਾਓ। ਤੁਸੀਂ ਧਾਰਮਿਕ ਗਤੀਵਿਧੀਆਂ ਵਿੱਚ ਉਦਾਸੀਨ ਮਹਿਸੂਸ ਕਰ ਸਕਦੇ ਹੋ। ਕਿਸੇ ਵੀ ਵਿਵਾਦ ਵਿੱਚ ਸ਼ਾਮਲ ਹੋਣ ਤੋਂ ਬਚੋ। ਵਿੱਤੀ ਲੈਣ-ਦੇਣ ਤੋਂ ਬਚੋ। ਇਸ ਸਮੇਂ ਦੌਰਾਨ, ਤੁਹਾਨੂੰ ਸਿਰਫ ਆਪਣੇ ਕੰਮ 'ਤੇ ਧਿਆਨ ਦੇਣਾ ਚਾਹੀਦਾ ਹੈ। ਤੁਸੀਂ ਆਪਣੇ ਪਰਿਵਾਰ ਬਾਰੇ ਚਿੰਤਤ ਹੋ ਸਕਦੇ ਹੋ। ਆਪਣੇ ਜੀਵਨ ਸਾਥੀ ਨਾਲ ਤੁਹਾਡਾ ਰਿਸ਼ਤਾ ਆਮ ਰਹੇਗਾ।

**ਕਰਕ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਦਸਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਸਰੀਰਕ ਅਤੇ ਮਾਨਸਿਕ ਬੇਅਰਾਮੀ ਦਾ ਅਨੁਭਵ ਕਰੋਗੇ। ਤੁਸੀਂ ਕੰਮ 'ਤੇ ਵੀ ਬੇਚੈਨੀ ਮਹਿਸੂਸ ਕਰੋਗੇ। ਤੁਸੀਂ ਆਪਣਾ ਜ਼ਿਆਦਾਤਰ ਸਮਾਂ ਆਰਾਮ ਕਰਨ ਵਿੱਚ ਬਿਤਾਓਗੇ। ਗੁੱਸੇ ਨਾਲ ਬਹਿਸ ਹੋ ਸਕਦੀ ਹੈ, ਪਰ ਦੁਪਹਿਰ ਨੂੰ ਤੁਹਾਡੀ ਸਰੀਰਕ ਸਥਿਤੀ ਵਿੱਚ ਸੁਧਾਰ ਹੋਵੇਗਾ। ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਰਹੇਗਾ। ਕਾਰੋਬਾਰ ਅਤੇ ਕੰਮ ਦੇ ਸਾਥੀਆਂ ਜਾਂ ਉੱਚ ਅਧਿਕਾਰੀਆਂ ਨਾਲ ਅਰਥਪੂਰਨ ਚਰਚਾਵਾਂ ਸੰਭਵ ਹਨ। ਆਮਦਨ ਸਥਿਰ ਰਹੇਗੀ।

**ਸਿੰਘ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਆਪਣੀ ਰਾਸ਼ੀ ਨੂੰ ਮੇਸ਼ ਵਿੱਚ ਬਦਲ ਦੇਵੇਗਾ। ਤੁਹਾਡੇ ਲਈ, ਚੰਦਰਮਾ ਨੌਵੇਂ ਘਰ ਵਿੱਚ ਹੋਵੇਗਾ। ਆਲਸ ਤੁਹਾਡੇ ਕੰਮ ਦੀ ਗਤੀ ਨੂੰ ਹੌਲੀ ਕਰ ਦੇਵੇਗਾ। ਕੰਮ 'ਤੇ ਕੰਮ ਇੱਕ ਬੋਝ ਵਾਂਗ ਲੱਗੇਗਾ। ਵਿਰੋਧੀ ਤੁਹਾਡੇ ਕੰਮ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਨਗੇ। ਅੱਜ ਦਫ਼ਤਰ ਵਿੱਚ ਉੱਚ ਅਧਿਕਾਰੀਆਂ ਤੋਂ ਕੁਝ ਦੂਰੀ ਬਣਾਈ ਰੱਖਣਾ ਸਭ ਤੋਂ ਵਧੀਆ ਹੈ। ਤੁਹਾਡੇ ਸੁਭਾਅ ਨੂੰ ਕਾਬੂ ਵਿੱਚ ਰੱਖਣ ਦੀ ਜ਼ਰੂਰਤ ਹੋਵੇਗੀ। ਤੁਹਾਨੂੰ ਅੱਜ ਆਰਾਮ ਕਰਨ ਦੀ ਜ਼ਰੂਰਤ ਹੋਵੇਗੀ। ਬੇਲੋੜੀਆਂ ਚਿੰਤਾਵਾਂ ਪੈਦਾ ਹੋ ਸਕਦੀਆਂ ਹਨ। ਪਰਿਵਾਰ ਦੇ ਮੈਂਬਰਾਂ ਨਾਲ ਬਹਿਸ ਹੋਣ ਦੀ ਸੰਭਾਵਨਾ ਹੈ। ਧਰਮ ਅਤੇ ਅਧਿਆਤਮਿਕਤਾ ਤੁਹਾਨੂੰ ਮਨ ਦੀ ਸ਼ਾਂਤੀ ਦੇਵੇਗੀ। ਤੁਸੀਂ ਸਿਹਤ ਲਾਭ ਲਈ ਯੋਗਾ ਵੀ ਕਰ ਸਕਦੇ ਹੋ।

**ਕੰਨਿਆ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਅੱਠਵੇਂ ਘਰ ਵਿੱਚ ਹੋਵੇਗਾ। ਤੁਸੀਂ ਅੱਜ ਕਿਸੇ ਚੀਜ਼ 'ਤੇ ਡੂੰਘਾਈ ਨਾਲ ਵਿਚਾਰ ਕਰੋਗੇ। ਤੁਹਾਡਾ ਧਿਆਨ ਜੋਤਿਸ਼ ਜਾਂ ਅਧਿਆਤਮਿਕਤਾ ਵੱਲ ਖਿੱਚਿਆ ਜਾਵੇਗਾ। ਅੱਜ ਟਕਰਾਅ ਤੋਂ ਬਚਣ ਲਈ ਸੋਚ-ਸਮਝ ਕੇ ਬੋਲੋ। ਕੰਮ 'ਤੇ ਤੁਹਾਡੇ ਸ਼ਬਦ ਕਿਸੇ ਨੂੰ ਪਰੇਸ਼ਾਨ ਕਰ ਸਕਦੇ ਹਨ। ਤੁਹਾਡੀ ਸਿਹਤ ਚੰਗੀ ਰਹੇਗੀ। ਤੁਸੀਂ ਦੁਪਹਿਰ ਨੂੰ ਯਾਤਰਾ 'ਤੇ ਜਾ ਸਕਦੇ ਹੋ। ਤੁਸੀਂ ਧਾਰਮਿਕ ਅਤੇ ਸ਼ੁਭ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਸਕਦੇ ਹੋ। ਤੁਸੀਂ ਆਪਣੇ ਪਰਿਵਾਰ ਨਾਲ ਵੀ ਸਮਾਂ ਬਿਤਾਓਗੇ। ਆਪਣੀ ਸਿਹਤ ਦਾ ਪੂਰਾ ਧਿਆਨ ਰੱਖੋ।

**ਤੁਲਾ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਆਪਣੀ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਆ ਜਾਵੇਗਾ। ਚੰਦਰਮਾ ਤੁਹਾਡੇ ਸੱਤਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਨੂੰ ਆਪਣੇ ਸਮਾਜਿਕ ਕਾਰਜਾਂ ਲਈ ਪ੍ਰਸ਼ੰਸਾ ਮਿਲੇਗੀ। ਆਪਣੇ ਅਜ਼ੀਜ਼ ਨਾਲ ਮੁਲਾਕਾਤ ਖੁਸ਼ੀ ਅਤੇ ਸੰਤੁਸ਼ਟੀ ਲਿਆਵੇਗੀ। ਵਿਆਹੁਤਾ ਜੀਵਨ ਖੁਸ਼ੀ ਅਤੇ ਸੰਤੁਸ਼ਟੀ ਨਾਲ ਭਰਿਆ ਰਹੇਗਾ। ਅੱਜ ਦੁਪਹਿਰ ਅਤੇ ਸ਼ਾਮ ਨੂੰ ਆਪਣੀ ਬੋਲੀ ਅਤੇ ਵਿਵਹਾਰ ਵਿੱਚ ਸੰਜਮ ਰੱਖੋ। ਕੰਮ 'ਤੇ ਵਿਵਾਦ ਸੰਭਵ ਹਨ। ਕਾਰੋਬਾਰੀਆਂ ਲਈ ਅੱਜ ਦਾ ਦਿਨ ਆਮ ਹੈ। ਯਾਤਰਾ ਨੂੰ ਮੁਲਤਵੀ ਕਰਨਾ ਲਾਭਦਾਇਕ ਰਹੇਗਾ। ਅੱਜ ਅਧਿਆਤਮਿਕ ਸਫਲਤਾ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਹਨ। ਧਾਰਮਿਕ ਗਤੀਵਿਧੀਆਂ ਵਿੱਚ ਤੁਹਾਡੀ ਦਿਲਚਸਪੀ ਵਧੇਗੀ। ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵਿੱਚ ਸਫਲਤਾ ਲਈ ਸਖ਼ਤ ਮਿਹਨਤ ਕਰਨ ਦੀ ਲੋੜ ਹੋਵੇਗੀ।

**ਸਕਾਰਪੀਓ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਛੇਵੇਂ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਬਹੁਤ ਖੁਸ਼ੀ ਅਤੇ ਖੁਸ਼ੀ ਦਾ ਹੋਵੇਗਾ। ਤੁਸੀਂ ਕਾਰੋਬਾਰ ਵਿੱਚ ਬਹੁਤ ਜ਼ਿਆਦਾ ਰੁੱਝੇ ਰਹੋਗੇ, ਅਤੇ ਇਸ ਨਾਲ ਵਿੱਤੀ ਲਾਭ ਹੋਵੇਗਾ। ਲੋਕਾਂ ਨੂੰ ਮਿਲਣ ਨਾਲ ਰਾਜਨੀਤਿਕ ਜਾਂ ਸਮਾਜਿਕ ਚਰਚਾਵਾਂ ਹੋਣਗੀਆਂ। ਹਾਲਾਂਕਿ, ਤੁਹਾਨੂੰ ਇਨ੍ਹਾਂ ਚਰਚਾਵਾਂ ਦੌਰਾਨ ਦੂਜਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਇਸ ਨਾਲ ਟਕਰਾਅ ਹੋ ਸਕਦਾ ਹੈ। ਵਿਆਹੁਤਾ ਜੀਵਨ ਖੁਸ਼ਹਾਲ ਰਹੇਗਾ। ਸਮਾਜਿਕ ਖੇਤਰ ਵਿੱਚ ਤੁਹਾਡੇ ਕੰਮ ਦੀ ਪ੍ਰਸ਼ੰਸਾ ਕੀਤੀ ਜਾਵੇਗੀ। ਤੁਸੀਂ ਆਪਣੇ ਅਜ਼ੀਜ਼ ਨਾਲ ਇੱਕ ਸੁਹਾਵਣਾ ਰੋਮਾਂਸ ਦਾ ਅਨੁਭਵ ਕਰੋਗੇ। ਤੁਸੀਂ ਵਾਹਨ ਦੇ ਸੁੱਖਾਂ ਦਾ ਆਨੰਦ ਮਾਣੋਗੇ।

**ਧਨੁ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਪੰਜਵੇਂ ਘਰ ਵਿੱਚ ਹੋਵੇਗਾ। ਦਿਨ ਦੀ ਸ਼ੁਰੂਆਤ ਵਿੱਚ, ਤੁਸੀਂ ਕੁਝ ਸਰੀਰਕ ਅਤੇ ਮਾਨਸਿਕ ਥਕਾਵਟ ਦਾ ਅਨੁਭਵ ਕਰੋਗੇ। ਕੰਮ ਲਈ ਕਾਹਲੀ ਹੋਵੇਗੀ। ਨਤੀਜੇ ਤੁਹਾਡੀ ਮਿਹਨਤ ਨਾਲੋਂ ਘੱਟ ਹੋਣਗੇ। ਕਾਰੋਬਾਰ ਵਿੱਚ ਲਾਲਚ ਤੋਂ ਬਚੋ। ਨੌਕਰੀ ਕਰਨ ਵਾਲਿਆਂ ਨੂੰ ਨਵਾਂ ਕੰਮ ਮਿਲ ਸਕਦਾ ਹੈ। ਦੁਪਹਿਰ ਤੱਕ, ਤੁਸੀਂ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵਿੱਚ ਸੁਧਾਰ ਦਾ ਅਨੁਭਵ ਕਰੋਗੇ। ਤੁਸੀਂ ਧਾਰਮਿਕ ਜਾਂ ਦਾਨ ਕਾਰਜ ਵਿੱਚ ਰੁੱਝੇ ਰਹੋਗੇ। ਤੁਸੀਂ ਨਿਵੇਸ਼ ਵੀ ਕਰ ਸਕਦੇ ਹੋ। ਤੁਹਾਨੂੰ ਕਾਗਜ਼ੀ ਕਾਰਵਾਈ ਵਿੱਚ ਬਹੁਤ ਸਾਵਧਾਨ ਰਹਿਣ ਦੀ ਜ਼ਰੂਰਤ ਹੋਏਗੀ।

**ਮਕਰ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਚੌਥੇ ਘਰ ਵਿੱਚ ਹੋਵੇਗਾ। ਅੱਜ ਤੁਸੀਂ ਵਧੇਰੇ ਸੰਵੇਦਨਸ਼ੀਲ ਹੋਵੋਗੇ। ਤੁਹਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ। ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹੋ। ਨਿਰਾਸ਼ਾਜਨਕ ਵਿਚਾਰਾਂ ਅਤੇ ਕੰਮਾਂ ਤੋਂ ਬਚੋ। ਜਲਦਬਾਜ਼ੀ ਵਿੱਚ ਫੈਸਲੇ ਲੈਣ ਤੋਂ ਬਚੋ। ਪਰਿਵਾਰਕ ਮੈਂਬਰਾਂ ਨਾਲ ਮਤਭੇਦ ਸੰਭਵ ਹਨ। ਇਸ ਸਮੇਂ ਦੌਰਾਨ ਆਪਣੀ ਬੋਲੀ ਵਿੱਚ ਸੰਜਮ ਰੱਖੋ। ਗੱਲਬਾਤ ਕਰਦੇ ਸਮੇਂ ਸਾਵਧਾਨ ਰਹੋ। ਸਫਲਤਾ ਪ੍ਰਾਪਤ ਕਰਨ ਲਈ ਤੁਹਾਨੂੰ ਅੱਜ ਵਾਧੂ ਮਿਹਨਤ ਕਰਨ ਦੀ ਜ਼ਰੂਰਤ ਹੋਏਗੀ। ਕੰਮ ਵਾਲੀ ਥਾਂ 'ਤੇ ਕੰਮ ਬੋਝ ਵਾਂਗ ਮਹਿਸੂਸ ਹੋ ਸਕਦਾ ਹੈ। ਸਿਹਤ ਆਮ ਰਹੇਗੀ।

**ਕੁੰਭ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਆਪਣੀ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਆ ਜਾਵੇਗਾ। ਤੁਹਾਡੇ ਲਈ, ਚੰਦਰਮਾ ਤੀਜੇ ਘਰ ਵਿੱਚ ਹੋਵੇਗਾ। ਅੱਜ ਮਹੱਤਵਪੂਰਨ ਫੈਸਲੇ ਨਾ ਲੈਣ ਦਾ ਧਿਆਨ ਰੱਖੋ। ਨਵਾਂ ਕੰਮ ਸ਼ੁਰੂ ਕਰਨ ਲਈ ਇੰਤਜ਼ਾਰ ਕਰੋ। ਦੁਪਹਿਰ ਨੂੰ ਚਿੰਤਾ ਵਧੇਗੀ। ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਫਲਤਾ ਦੇ ਨਤੀਜੇ ਵਜੋਂ ਉੱਚ ਅਧਿਕਾਰੀਆਂ ਦਾ ਗੁੱਸਾ ਆ ਸਕਦਾ ਹੈ। ਸਥਾਈ ਜਾਇਦਾਦ ਪ੍ਰਾਪਤ ਕਰਨ ਦੇ ਯਤਨ ਅੱਜ ਸਫਲ ਨਹੀਂ ਹੋਣਗੇ। ਵਿਦਿਆਰਥੀਆਂ ਲਈ ਦਿਨ ਔਸਤ ਹੈ। ਤੁਸੀਂ ਆਪਣੀ ਮਾਂ ਦੀ ਸਿਹਤ ਬਾਰੇ ਚਿੰਤਤ ਹੋ ਸਕਦੇ ਹੋ। ਤੁਹਾਨੂੰ ਆਪਣੀ ਸਿਹਤ ਪ੍ਰਤੀ ਵੀ ਲਾਪਰਵਾਹੀ ਨਹੀਂ ਕਰਨੀ ਚਾਹੀਦੀ।

**ਮੀਨ ਰਾਸ਼ੀ** – ਬੁੱਧਵਾਰ, 30 ਸਤੰਬਰ, 2026 ਨੂੰ, ਚੰਦਰਮਾ ਆਪਣੀ ਰਾਸ਼ੀ ਬਦਲ ਕੇ ਮੇਸ਼ ਰਾਸ਼ੀ ਵਿੱਚ ਆ ਜਾਵੇਗਾ। ਚੰਦਰਮਾ ਤੁਹਾਡੇ ਦੂਜੇ ਘਰ ਵਿੱਚ ਹੋਵੇਗਾ। ਅੱਜ ਬਹੁਤ ਜ਼ਿਆਦਾ ਸਵਾਰਥੀ ਹੋਣ ਤੋਂ ਬਚੋ ਅਤੇ ਦੂਜਿਆਂ ਨੂੰ ਤਰਜੀਹ ਦਿਓ। ਘਰ ਵਿੱਚ, ਪਰਿਵਾਰ ਵਿੱਚ ਅਤੇ ਕੰਮ 'ਤੇ ਚੰਗਾ ਵਿਵਹਾਰ ਤੁਹਾਡੇ ਸਬੰਧਾਂ ਨੂੰ ਬਣਾਈ ਰੱਖੇਗਾ। ਆਪਣੇ ਜੀਵਨ ਸਾਥੀ ਦੇ ਵਿਚਾਰਾਂ ਦਾ ਸਤਿਕਾਰ ਕਰਨ ਨਾਲ ਤੁਹਾਡੀ ਨੇੜਤਾ ਵਧੇਗੀ। ਤੁਸੀਂ ਨਵੇਂ ਯਤਨ ਕਰਨ ਲਈ ਉਤਸ਼ਾਹਿਤ ਹੋਵੋਗੇ। ਹਾਲਾਂਕਿ, ਵਿੱਤੀ ਮਾਮਲੇ ਅੱਜ ਅਨਿਸ਼ਚਿਤ ਰਹਿਣਗੇ। ਕਿਸੇ ਮਾਹਰ ਨਾਲ ਸਲਾਹ ਕੀਤੇ ਬਿਨਾਂ ਕਿਸੇ ਵੀ ਨਿਵੇਸ਼ ਤੋਂ ਬਚੋ। ਆਮਦਨ ਅਤੇ ਖਰਚਿਆਂ ਨੂੰ ਸੰਤੁਲਿਤ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ। ਅੱਜ ਦੁਪਹਿਰ ਤੁਹਾਨੂੰ ਮਹੱਤਵਪੂਰਨ ਕਾਰਨਾਂ ਕਰਕੇ ਯਾਤਰਾ ਕਰਨ ਦੀ ਲੋੜ ਪੈ ਸਕਦੀ ਹੈ।

# ਪਾਖੰਡੀ ਬੂਬਣਾ...

ਅਸੀਂ ਘਰੇ ਪਹੁੰਚ ਗਏ। ਸਾਧ ਮਸਾਂ ਉੱਤਰਿਆ ਗੱਡੇ ਤੋਂ ਤੇ ਬੈਠਕ ਚ ਬਿਠਾ ਦਿੱਤਾ।

ਮਾਸੜ ਕਹਿੰਦਾ "ਜਾਉ ਉਏ ਦੋ ਬੋਤਲਾਂ ਸ਼ਰਾਬ ਤੇ ਦੋ ਕਿੱਲੋ ਮੀਟ ਲਿਆਉ ਜਾ ਕੇ, ਬਾਕੀ ਸਮਾਨ ਤਾਂ ਮੈਂ ਲੈ ਆਇਆ ਹਾਂ ਸ਼ਹਿਰੋਂ।"

ਅਸੀਂ ਚੱਕਿਆ ਸਾਈਕਲ ਤੇ ਜਾ ਖੜ੍ਹੇ ਪਿੰਡ ਵਾਲੇ ਠੇਕੇ ਤੇ। ਠੇਕੇ ਦੇ ਨਾਲ ਹੀ ਮੀਟ ਵਾਲਾ ਖੋਖਾ ਸੀ ਤੇ ਉਸਤੋਂ ਦੋ ਕਿੱਲੋ ਮੀਟ ਲੈ ਲਿਆ। ਚੱਲ ਪਏ ਵਾਪਸ।

ਗੁਰਲਾਲ ਕਹਿੰਦਾ "ਯਰ ਕਦੇ ਪਾਪੇ ਨੂੰ ਕਹਿ ਦੇਈਏ ਕਿ ਥੱਕੇ ਜਿਹੇ ਪਏ ਆਂ ਦੋ ਕੁ ਪੈੱਗ ਲਾ ਲਈਏ, ਜਾਂ ਮੀਟ ਹੀ ਬਣਾ ਲਈਏ, ਆਖੂ ਪੈਸੇ ਹੀ ਹੈਣੀ , ਤੇ ਸਾਧਾਂ ਵਾਸਤੇ ਬੋਤਲਾਂ ਤੇ ਮੁਰਗਿਆਂ ਵਾਸਤੇ ਪਤਾ ਨਹੀਂ ਕਿੱਥੋਂ ਪੈਸੇ ਆ ਜਾਂਦੇ ਆ। ਪਹਿਲਾਂ ਕੋਟ ਆਲੇ ਰਾਜੇ ਬਾਬੇ ਦੀ ਝੂਹੀ ਚ ਪੈਸੇ ਵਾੜੀ ਗਿਆ। ਕਦੇ ਪੰਜ ਹਜ਼ਾਰ, ਕਦੇ ਦਸ ਹਜ਼ਾਰ, ਹੁਣ ਆਹ ਬੂਬਨਾ ਆ ਗਿਆ, ਪਤਾ ਨਹੀਂ ਕਿੰਨਾ ਕੁ ਇਹਨੂੰ ਘਰ ਲੁਟਾਊਗਾ।"

ਮੈਂ ਵਿੱਚੋਂ ਹੀ ਬੋਲ ਪਿਆ "ਮੇਰੀ ਹਾਂ ਚ ਹਾਂ ਮਿਲਾਈਂ ਤੂੰ, ਇਹਨੂੰ ਨ੍ਹੀ ਆਪਾਂ ਮੁੜਕੇ ਘਰੇ ਵੜਨ ਦਿੰਦੇ।"

ਗੁਰਲਾਲ ਕਹਿੰਦਾ "ਚੰਗਾ।"

ਗੁਰਲਾਲ ਬਹੁਤ ਵਧੀਆ ਮੁੰਡਾ ਹੈ ਕਦੇ ਵੀ ਆਵਦੇ ਪਿਉ ਮੂਹਰੇ ਨਹੀਂ ਬੋਲਿਆ। ਜੇ ਪਹਿਲਾਂ ਬੋਲਿਆ ਹੁੰਦਾ ਤਾਂ ਸ਼ਾਇਦ ਘਰ ਦਾ ਨਕਸ਼ਾ ਹੀ ਹੋਰ ਹੁੰਦਾ।

ਅਸੀਂ ਰਾਹ ਚ ਆਉਂਦਿਆਂ ਨੇ ਹੱਟੀ ਤੋਂ 20 ਰੁਪਈਆਂ ਦੀ ਰਸੌਂਦ ਫੜ ਲਿਆਂਦੀ।

ਗੁਰਲਾਲ ਕਹਿੰਦਾ "ਇਹ ਕੀ ਕਰਨੀ ਹੈ।"

ਮੈਂ ਕਿਹਾ "ਏਸੇ ਦੀ ਤਾਂ ਸਾਰੀ ਕਰਾਮਾਤ ਆ।"

ਅਸੀਂ ਠੇਕੇ ਵਾਲੀਆਂ ਬੋਤਲਾਂ ਚੋਂ ਦਾਰੂ ਕੱਢ ਕੇ ਰਸੌਂਦ ਘੋਲ ਕੇ ਬੋਤਲਾਂ ਭਰ ਕੇ ਉਵੇਂ ਹੀ ਢੱਕਣ ਚੜ੍ਹਾ ਦਿੱਤੇ।

ਅਸੀਂ ਘਰ ਪਹੁੰਚੇ ਤਾਂ ਮਾਸੜ ਮੋਟੀਆਂ ਲੱਕੜਾਂ ਪਾੜ ਕੇ ਚੁੱਲੇ ਚ ਲਾਈ ਬੈਠਾ। ਮਸਾਲਾ-ਮਸੂਲਾ ਮੈਕਸੀ ਚ ਪਾ ਕੇ ਹਲਵਾਈਆਂ ਵਾਂਗੂੰ ਗ੍ਰੇਵੀ ਬਣਾਈ ਬੈਠਾ। (ਏਥੇ ਦੱਸ ਦੇਵਾਂ ਕਿ ਭਾਈ ਮੈਂ ਅਣਪੜ੍ਹ ਬੰਦਾ ਹਾਂ ਸ਼ਾਇਦ ਤਰ੍ਹੀ ਨੂੰ ਅੰਗਰੇਜੀ ਚ ਕੁਸ਼ ਹੋਰ ਆਖਦੇ ਹੋਣ)

ਮੈਂ ਕਿਹਾ " ਮਾਸੜ ਜੀ ਹੁਣ ਤੁਸੀਂ ਫਰੀ ਹੋਜੋ ਤੇ ਅਸੀਂ ਸੰਭਾਲਦੇ ਆਂ ਸਾਰਾ ਕਾਰੋਬਾਰ।"

ਮਾਸੜ ਸਾਧ ਕੋਲ ਜਾ ਬੈਠਾ ਤੇ ਅਸੀਂ ਕਾਰਵਾਈ ਕਰਨੀ ਸ਼ੁਰੂ ਕਰਤੀ। ਸਾਰਾ ਕੁਸ਼ ਤਿਆਰ ਕਰਕੇ ਸਾਧ ਨੂੰ ਕਿਹਾ ਆਜੋ ਬਾਬਾ ਜੀ। ਸਾਧ ਨੇ ਪੰਜ-ਛੇ ਇੱਟਾਂ ਦੀ ਧੂਣੀ ਜਿਹੀ ਬਣਾ ਲਈ ਤੇ ਵਿੱਚ ਅੱਗ ਮਚਾ ਲਈ। ਹਨ੍ਹੇਰਾ ਕਾਫੀ ਹੋ ਚੁੱਕਿਆ ਸੀ। ਸਾਰੇ ਉਸ ਧੂਣੀ ਦੇ ਆਲੇ-ਦੁਆਲੇ ਬੈਠ ਗਏ।

ਮੈਨੂੰ ਸਾਧ ਕਹਿੰਦਾ "ਤੇਰਾ ਨਾਂ ਕੀ ਏ ਕਾਕਾ?"

ਮੈਂ ਕਿਹਾ "ਜੀ ਸੇਵਕ।"

ਕਹਿੰਦਾ "ਸੇਵਕਾ ਤੂੰ ਮੇਰੇ ਕੋਲ ਬੈਠ।"

ਮੈਂ ਬਹਿ ਗਿਆ ਸਾਧ ਦੇ ਕੋਲ। ਸਾਧ ਪਾਠ ਜਿਹਾ ਪੜਨ ਲੱਗ ਪਿਆ।

ਦੋ ਕੁ ਮਿੰਟਾਂ ਬਾਅਦ ਕਹਿੰਦਾ "ਲਿਆਉ ਪ੍ਰਸਾਦ ਨੂੰ ਭੋਗ ਲਵਾਈਏ।"

ਮੈਂ ਸਾਰਾ ਸਮਾਨ ਸਾਧ ਦੇ ਮੂਹਰੇ ਕਰਤਾ ਤੇ ਸਾਧ ਨੇ ਸਾਰੇ ਸਮਾਨ ਚੋਂ ਥੋੜਾ-ਥੋੜਾ ਸਮਾਨ ਅੱਗ ਤੇ ਪਾ ਕੇ ਪਾਠ ਜਿਹਾ ਪੜ੍ਹਿਆ।

ਕਹਿੰਦਾ "ਸਾਰੇ ਹੱਥ ਖੋਲ੍ਹ ਲਉ, ਕਿਸੇ ਨੇ ਹੱਥ ਨਹੀਂ ਬੰਨ੍ਹਣੇ।"

ਅਸੀਂ ਸਾਰੇ ਹੱਥ ਖੋਲ੍ਹ ਕੇ ਬੈਠ ਗਏ।

ਸਾਧ ਮੈਨੂੰ ਕਹਿੰਦਾ "ਪਾਈਂ ਸੇਵਕਾ ਕੌੜਾ ਪਾਣੀ।"

ਮੈਂ ਕੱਚ ਦਾ ਗਿਲਾਸ ਅੱਧਾ ਕਰਕੇ ਸਾਧ ਨੂੰ ਫੜਾਤਾ।

ਸਾਧ ਪੜ੍ਹ ਕੇ ਮੰਤਰ ਜਿਹਾ ਇੱਕੋ ਸਾਹੇ ਹੀ ਪੀ ਗਿਆ ਤੇ ਬਾਅਦ ਚ ਮੂੰਹ ਅਏਂ ਕਰੇ ਜਿਵੇਂ ਕੁਨੈਣ ਖਾਧੀ ਹੁੰਦੀ ਹੈ।

ਮੈਨੂੰ ਕਹਿੰਦਾ "ਦਾਰੂ ਘਰਦੀ ਹੈ?"

ਮੈਂ ਕਿਹਾ "ਨਹੀਂ ਠੇਕੇ ਦੀ ਐ, ਪੂਰੀ ਖਰੀ ਹੈ।"

ਕਹਿੰਦਾ "ਅੱਛਾ-ਅੱਛਾ।"

ਕਹਿੰਦਾ "ਗੋਸ਼ਤ ਵੀ ਲਿਆਉ।"

ਮੈਂ ਮੀਟ ਆਲੀ ਪਤੀਲੀ ਚੱਕ ਕੇ ਸਾਧ ਦੇ ਮੂਹਰੇ ਧਰਤੀ। ਸਾਧ ਨੇ ਮਾਰੀ ਕੜਛੀ ਤੇ ਦੋ ਕੁ ਸੈਂਖੀਆਂ ਪਾਈਆਂ ਬਾਟੀ ਚ ਤੇ ਜਦੋਂ ਸਾਧ ਨੇ ਸੈਂਖੀ ਮੂੰਹ ਚ ਪਾਈ ਤੇ ਚਾਰ-ਚੁਫੇਰਾ ਜਿਹਾ ਚੱਟ ਕੇ ਪਰ੍ਹੇ ਮਾਰੀ ਕੱਤੇ ਵੱਲ ਤੇ ਕੁੱਤੇ ਨੇ ਵੀ ਹੱਡੀ ਵਿਰਾਟ ਕੋਹਲੀ ਦੇ ਕੈਚ ਵਾਂਗੂੰ ਜੁੱਫ ਲਈ।

ਸਾਧ ਨੇ ਚਾਰ-ਪੰਜ ਸੈਂਖੀਆਂ ਕੱਢੀਆਂ ਤੇ ਸਾਰੀਆਂ ਹੀ ਹੱਡੀਆਂ।

ਸਾਧ ਕਹਿੰਦਾ "ਸੇਵਕਾ ਪੋਲਾ ਮਾਲ ਹੈ ਨਹੀਂ?"

ਮੈਂ ਕਿਹਾ "ਬਾਬਾ ਸਾਰਾ ਪੋਲਾ ਮਾਲ ਹੀ ਹੈ ਪਤੀਲੀ ਚ।"

ਕਹਿੰਦਾ "ਕੱਲੀਆਂ ਹੱਡੀਆਂ ਹੀ ਹੈ ਮਾਲ ਤਾਂ ਹੈ ਨ੍ਹੀ ਉੱਤੇ।"

ਮੈਂ ਸਾਧ ਦੇ ਕੰਨ ਚ ਕਿਹਾ "ਬਾਬਾ ਫਿਰ ਜਿਹੜਾ ਭੂਤ-ਪ੍ਰੇਤ ਹੈ ਘਰੇ, ਉਹ ਆਵਦਾ ਹਿੱਸਾ ਪਹਿਲਾਂ ਹੀ ਲੈ ਗਿਆ।"

ਹੁਣ ਸ਼ਰਮ ਦਾ ਮਾਰਾ ਸਾਧ ਕੀ ਕਹਿੰਦਾ "ਹਾਂ ਲਗਦਾ ਤਾਂ ਮੈਨੂੰ ਵੀ ਅਏਂ ਹੀ ਆ, ਚਲ ਕੋਈ ਨ੍ਹੀ ਆਜੂ ਸਾਹਮਣੇ ਉਹ ਵੀ।"

ਸਾਧ ਮੰਤਰ ਜਿਹਾ ਪੜ੍ਹਿਆ ਕਰੇ ਤੇ ਮੈਨੂੰ ਕਹਿ ਦਿਆ ਕਰੇ "ਪਾਈਂ ਸੇਵਕਾ ਕੌੜਾ ਪਾਣੀ।"

ਮੈਂ ਵੀ ਪੌਣਾ ਗਲਾਸ ਕਰ ਕੇ ਸਾਧ ਨੂੰ ਫੜਾ ਦਿਆ ਕਰਾਂ ਤੇ ਸਾਧ ਗਟ-ਗਟ ਕਰਕੇ ਪੀ ਜਾਇਆ ਕਰੇ। ਸਾਧ ਦੋਵੇਂ ਬੋਤਲਾਂ ਵਿਹਲੀਆਂ ਕਰ ਗਿਆ ਤੇ ਨਸ਼ਾ ਭੋਰਾ ਵੀ ਨਾ ਸਾਧ ਨੂੰ ਆਇਆ। ਸਾਧ ਜਿਹੜੀ ਵੀ ਗੱਲ ਕਿਹਾ ਕਰੇ, ਮੈਂ ਤੇ ਗੁਰਲਾਲ ਉਹ ਹੀ ਪੁੱਠੀ ਪਾ ਲਿਆ ਕਰੀਏ। ਸਾਧ ਦੀ ਅਸੀਂ ਇੱਕ ਨਾ ਚੱਲਣ ਦਿੱਤੀ। ਗੱਲ ਕੀ ਬਈ ਅੱਧੀ ਰਾਤ ਤੱਕ ਧੂਣੀ ਵੀ ਬੁਝ ਗਈ ਤੇ ਸਾਧ ਤੋਂ ਨਿੱਕਲਿਆ ਵੀ ਕੁਝ ਨਾ। ਅਖੀਰ ਸਾਧ ਮਾਸੜ ਨੂੰ ਕਹਿੰਦਾ,

"ਮੇਰੀ ਗੱਲ ਸੁਣ ਪਾਸੇ ਹੋ ਕੇ।"

ਉਹ ਪਤਾ ਨਹੀਂ ਕੀ ਮਾਸੜ ਨੂੰ ਪਾਸੇ ਜਿਹੇ ਲਿਜਾ ਕੇ ਕੀ ਕਹਿ ਆਇਆ ਤੇ,

ਮਾਸੜ ਕਹਿੰਦਾ "ਚਲੋ ਵੀ ਚੱਕੋ ਸਮਾਨ ਤੇ ਪੈਜੋ ਹੁਣ ਤੜਕੇ ਵੇਖਾਂਗੇ।"

ਮੈਂ ਕਿਹਾ "ਨਹੀਂ ਮਾਸੜਾ ਹੁਣ ਤਾਂ ਮਸਾਂ ਅਖਾੜਾ ਜੰਮਿਆਂ, ਹੁਣੇ ਹੀ ਆਉਣ ਦੇ।"

ਮਾਸੜ ਕਹਿੰਦਾ "ਸੇਵਕਾ ਜ਼ਿਦ ਨਾ ਕਰ ਚੀਜ਼ ਬਹੁਤ ਭੈੜੀ ਹੈ ਤੇਰਾ ਨੁਕਸਾਨ ਨਾ ਕਰਜੇ।"

ਮੈਂ ਗੁਰਲਾਲ ਵੱਲ ਝਾਕਿਆ ਤਾਂ ਗੁਰਲਾਲ ਨੇ ਇਸ਼ਾਰਾ ਕਰਤਾ ਵੀ "ਕੋਈ ਨਾ ਰਾਤ ਆਪਣੇ ਕੋਲੇ ਹੀ ਆ।"

ਮੈਂ ਕਿਹਾ "ਚੰਗਾ ਮਾਸੜਾ, ਸਵੇਰੇ ਸਹੀ।"

ਚਲੋ ਜੀ ਸਾਧ ਔਖਾ ਜਿਹਾ ਹੋ ਕੇ ਪੈ ਤਾਂ ਗਿਆ ਪਰ ਜਕ ਨਾ ਆਵੇ ਸਾਧ ਨੂੰ। ਮੈਂ ਤੇ ਗੁਰਲਾਲ ਵੀ ਸਾਧ ਦੇ ਕੋਲ ਹੀ ਪੈ ਗਏ। ਜਦੋਂ ਸਾਰੇ ਸੌਂ ਗਏ ਤਾਂ,

ਮੈਂ ਗੁਰਲਾਲ ਨੂੰ ਕਿਹਾ "ਹਾਂ ਕਿਵੇਂ ਕਰਨੀ ਆ ਹੁਣ।"

ਕਹਿੰਦਾ "ਕਰੀਏ ਕਾਰਵਾਈ।"

ਮੈਂ ਕਿਹਾ "ਚੱਲ।"

ਅਸੀਂ ਸਬਾਤ ਦਾ ਬਾਰ ਬੰਦ ਕਰ ਲਿਆ। ਸਾਧ ਦੇ ਮਨ ਚ ਵੱਜੀ ਵੀ ਗਲਤ ਜਗ੍ਹਾ ਆ ਗਏ।

ਮੈਂ ਕਿਹਾ "ਗੱਲ ਸੁਣ ਉਏ ਸਾਧਾ, ਦੱਸ ਕੀ ਏ ਤੇਰੇ ਚ ਕਰਾਮਾਤ।"

ਸਾਧ ਕਹਿੰਦਾ "ਕਰਾਮਾਤ ਤਾਂ ਬਹੁਤ ਹੈ ਪਰ ਤੁਸੀਂ ਦੱਸੋ ਕਿਉਂ ਪੁੱਛ ਰਹੇ ਹੋ?"

ਗੁਰਲਾਲ ਕਹਿੰਦਾ "ਬਾਬਾ ਅਸੀਂ ਤੇਰੀ ਕਰਾਮਾਤ ਹੀ ਵੇਖਣੀ ਹੈ, ਤੇ ਹੁਣ ਅਸੀਂ ਤੇਰੀ ਸੇਵਾ ਕਰਨੀ ਹੈ।"

ਸਾਧ ਕਹਿੰਦਾ "ਔਲੱਖ ਨਿਰੰਜਣ, ਕਰੋ ਬੱਚਾ ਕਰੋ। ਬਾਬਿਆਂ ਦੀ ਸੇਵਾ ਕਰੋਂਗੇ ਤਾਂ ਹੀ ਫਲ ਮਿਲੂਗਾ।"

ਗੁਰਲਾਲ ਕਹਿੰਦਾ "ਬਾਬਾ ਤੇਰੀ ਸੇਵਾ ਅਸੀਂ ਡਾਂਗ ਨਾਲ ਕਰਨੀ ਹੈ ਤੇ ਫਲ਼ ਤਾਂ ਅਸੀਂ ਝਾੜਨਾ ਹੈ।"

ਸਾਧ ਤਾਂ ਮੀਂਹ ਚ ਭਿੱਜੀ ਬੱਕਰੀ ਵਾਂਗੂੰ ਕੰਬੇ।

ਗੁਰਲਾਲ ਕਹਿੰਦਾ "ਸਹੀ ਦੱਸਦੇ ਬਾਬਾ ਤੈਨੂੰ ਕੁਝ ਨਹੀਂ ਕਹਿੰਦੇ ਤੇ ਜੇ ਝੂਠ ਬੋਲਿਆ ਤੇ ਅਸੀਂ ਤੇਰਾ ਫੇਰ ਵੇਖਲਾ ਕੀ ਹਾਲ ਕਰਦੇ ਆਂ। ਨਾ ਤੇਰੇ ਅਗਲਿਆਂ ਨੂੰ ਪਤਾ ਤੇ ਨਾ ਪਿਛਲਿਆਂ ਨੂੰ। ਇਹ ਹੈ ਟਰੱਕ ਡਰੈਵਰ ਤੇ ਮੈਂ ਇਹਦੇ ਨਾਲ ਹੀ ਨਿੱਕਲ ਜਾਣਾ ਹੈ ਤੇ ਦਿਨ ਚੜ੍ਹਦੇ ਨੂੰ ਦੂਜੀ ਸਟੇਟ ਚ ਫਿਰਦੇ ਹੋਵਾਂਗੇ। ਮਾਣਕ ਦਾ ਉਹ ਗੀਤ ਸੁਣਿਆ?"




ਸਾਧ ਦਵਾ-ਦਵ ਬੋਲਿਆ "ਕਿਹੜਾ?"

ਗੁਰਲਾਲ ਕਹਿੰਦਾ "ਭੁੱਖੇ ਨੰਗੇ ਸਾਧ ਬੂਬਨੇ,
ਗੁਣ ਜੱਟੀਏ ਜਿੰਨ੍ਹਾਂ ਦੇ ਨਿੱਤ ਗਾਉਂਦੀ।
ਦੇਵ ਨੀ ਥਰੀਕੇ ਵਾਲੇ ਤੋਂ,
ਕਾਹਤੋਂ ਸਾਧ ਦਾ ਕੂੰਡਾ ਕਰਵਾਉਂਦੀ।
ਤੜਕੇ ਨੂੰ ਲੱਤ ਵੱਢ ਕੇ,
ਮੈਂ ਤਾਂ ਚੜ੍ਹ ਜੂੰ ਬਠਿੰਡੇ ਵਾਲੀ ਰੇਲੇ।
ਇਹ ਵੇਖਲਾ ਹੁਣ,
ਤੇ ਤੜਕੇ ਨੂੰ ਅਸੀਂ ਕਿੱਥੇ ਹੋਵਾਂਗੇ ਤੇਰਾ ਕੂੰਡਾ ਕਰਕੇ।
ਤੇ ਬਖਸ਼ ਅਸੀਂ ਤੈਨੂੰ ਸਕਦੇ ਨਹੀਂ।"

ਸਾਧ ਤਾੜ ਗਿਆ ਵੀ ਕਲੱਲੇ ਫਸ ਗਏ। ਹੁਣ ਤਾਂ ਮਾਫੀ ਮੰਗਣ ਚ ਹੀ ਭਲਾਈ ਹੈ, ਵੀ ਇਹ ਤਾਂ ਦੋਵੇਂ ਹੀ ਤਲੈਂਬੜ ਸਰਾਹਣੇ ਰੱਖੀ ਬੈਠੇ ਆ।

ਸਾਧ ਕਹਿੰਦਾ "ਗੱਲ ਸੁਣੋ ਬਈ ਛੋਟੇ ਵੀਰੋ, ਸਾਡੇ ਕੋਲ ਕੁਝ ਨਹੀਂ ਹੁੰਦਾ ਤੇ ਅਸੀਂ ਭੋਲੇ-ਭਾਲੇ ਲੋਕਾਂ ਨੂੰ ਵਹਿਮਾਂ-ਭਰਮਾਂ ਚ ਪਾ ਕੇ ਬਸ ਆਪਣਾ ਤੋਰੀ-ਫੁਲਕਾ ਚਲਾਉਣੇ ਆਂ। ਜੇ ਚਾਹਵੋਂ ਤਾਂ ਤੁਸੀਂ ਵੀ ਮੇਰੇ ਨਾਲ ਰਲਜੋ, ਤੇ ਨਿੱਤ ਮੁਰਗੇ ਤੇ ਬਰੈਂਡਡ ਸ਼ਰਾਬ ਪਿਆਇਆ ਕਰੂੰ।"

ਸਾਧ ਸਾਨੂੰ ਔਫਰ ਕਰੇ।

ਮੈਂ ਕਿਹਾ "ਬਾਬਾ ਹੁਣ ਤੂੰ ਬਹੁਤ ਢਿੱਡ ਭਰ ਲਿਆ ਤੇ ਬਸ ਹੁਣ ਤੂੰ ਭੋਲੇ-ਭਾਲੇ ਲੋਕਾਂ ਨੂੰ ਲੁੱਟਣਾ ਛੱਡਦੇ।"

ਸਾਧ ਕਹਿੰਦਾ "ਇਹ ਤਾਂ ਮੇਰਾ ਬਿਜ਼ਨਸ ਹੈ।"

ਗੁਰਲਾਲ ਨੇ ਇੱਕ ਠੋਕਿਆ ਕਹੀ ਦਾ ਦਸਤਾ ਸਾਧ ਦੀ ਢੂਹੀ ਚ, ਸਾਧ ਮੰਜੇ ਤੋਂ ਬੁੜਕ ਕੇ ਅਏਂ ਡਿੱਗਿਆ ਜਿਵੇਂ ਜਿਵੇਂ ਕੰਧ ਡਿੱਗਦੀ ਹੁੰਦੀ ਆ।

ਥੱਲੇ ਪਿਆ ਸਾਧ ਹੱਥ ਬੰਨ੍ਹੇ ਤੇ ਆਖੇ "ਜਿਵੇਂ ਤੁਸੀਂ ਕਹੋਂਗੇ, ਮੈਂ ਉਵੇਂ ਹੀ ਕਰੂੰ ਬਸ ਅੱਜ ਛੱਡ ਦਿਉ।"

ਇੱਕ ਹੋਰ ਛੱਡਿਆ ਗੁਰਲਾਲ ਨੇ ਤੇ ਕਹਿੰਦਾ "ਦੱਸ ਸਾਡੇ ਬੁੜ੍ਹੇ ਤੋਂ ਕਿੰਨੇ ਪੈਸੇ ਲਏ ਐ।"

ਸਾਧ ਚੀਕ ਜਿਹੀ ਮਾਰ ਕੇ ਕਹਿੰਦਾ "ਵੀਹ ਹਜ਼ਾਰ।"

ਮੈਂ ਕਿਹਾ "ਹੁਣ ਦੱਸ ਵੀ ਆਵਦੀ ਦੁਕਾਨਦਾਰੀ ਜਿਹੀ ਬੰਦ ਕਰੇਂਗਾ ਕਿ ਨਹੀਂ?"

ਕਹਿੰਦਾ "ਮੈਨੂੰ ਛੱਡ ਦਿਉ, ਬੱਸ ਜਿਵੇਂ ਤੁਸੀਂ ਕਹੋਂਗੇ ਮੈਂ ਉਵੇਂ ਹੀ ਕਰੂੰ।"

ਮੇਰੇ ਪੈਰ ਫੜ੍ਹੀ ਬੈਠਾ। ਰੌਲਾ ਜਿਹਾ ਪਾਉਣ ਲੱਗਿਆ ਤਾਂ ਗੁਰਲਾਲ ਕਹਿੰਦਾ ਜਿੰਨਾ ਰੌਲਾ ਪਾਏਂਗਾ ਓਨਾ ਜ਼ਿਆਦਾ ਕੁੱਟਾਂਗੇ।

ਖੜਕਾ-ਦੜਕਾ ਜਿਹਾ ਸੁਣ ਕੇ ਮਾਸੀ ਤੇ ਮਾਸੜ ਵੀ ਬਾਰ ਨਾਲ ਆ ਖੜ੍ਹੇ। ਜਦੋਂ ਸਾਧ ਦੇ ਵੱਜੇ ਨਾ ਤਾਂ ਸਾਧ ਦੀ ਚੀਕ ਨਿੱਕਲੇ ਤੇ ਨਾ ਹੀ ਬੋਲਿਆ ਜਾਵੇ ਬਸ ਬਸ ਪਾਂ ਪਈ ਵਾਲੇ ਕੁੱਤੇ ਊਂਅ-ਊਂਅ ਜਿਹੀ ਕਰ ਛੱਡੇ।

ਮੈਂ ਕਿਹਾ "ਮਾਸੜ ਤੋਂ ਪੈਸੇ ਲੈ ਲਏ ਕਿ ਲੈਣੇ ਆ?

ਪਹਿਲਾਂ ਤਾਂ ਕਹਿੰਦਾ ਲੈਣੇ ਆ ਤੇ ਜਦੋਂ ਗੁਰਲਾਲ ਇੱਕ ਹੋਰ ਛੰਡੀ ਤਾਂ ਦਸਤਾ ਟੁੱਟ ਗਿਆ ਤੇ ਸਾਧ ਚੀਕ ਮਾਰ ਕੇ ਕਹਿੰਦਾ,

"ਜਿਹੜੇ ਮੇਰੇ ਕੋਲ ਆ ਉਹ ਵੀ ਲੈ ਲਉ ਤੇ ਮੈਨੂੰ ਛੱਡ ਦਿਉ।"

ਮੈਂ ਕਿਹਾ "ਬਾਬਾ ਹੁਣ ਵਿਖਾ ਕਰਾਮਾਤ ਕੋਈ, ਕਹਿ ਆਵਦੇ ਦੇਵੀ-ਦੇਵਤੇ ਨੂੰ ਵੀ ਛੁਡਾਵੇ ਤੈਨੂੰ?"

ਸਾਧ ਕਹਿੰਦਾ ਕੋਈ ਕਰਾਮਾਤ ਨਹੀਂ ਮੇਰੇ ਕੋਲ ਤੇ ਨਾ ਹੀ ਕੋਈ ਮੈਂ ਬਾਬਾ ਹਾਂ। ਮੈਂ ਤਾਂ ਬਸ ਜਵਾਨੀ ਵੇਲੇ ਵਿਹਲੀਆਂ ਖਾਣ ਗਿੱਝ ਗਿਆ ਸੀ ਬਸ ਉਹ ਹੁਣ ਤੱਕ ਤੁਰਿਆ ਆਉਣਾ ਹਾਂ।"

ਮਾਸੀ ਤੇ ਮਾਸੜ ਰੌਲਾ ਪਾਉਣ, ਬਾਰ ਖੜਕਾਉਣ।

ਮਾਸੀ ਆਖੇ "ਵੇ ਸਾਧ ਨਾ ਮਾਰ ਦਿਉ ਵੇ ਕਿਤੇ ਹੋਰ ਯੱਭ ਖੜ੍ਹਾ ਕਰ ਦਿਉਂ।"

ਮੈਂ ਗੁਰਲਾਲ ਨੂੰ ਕਿਹਾ "ਖੜ੍ਹਜਾ ਗੁਰਲਾਲ ਪੈਸੇ ਤਾਂ ਲੈ ਲਈਏ, ਜਿਹੜੇ ਮਾਸੜ ਤੋਂ ਲਏ ਨੇ ਇਹਨੇ।"

ਮੈਂ ਕਿਹਾ "ਲਿਆ ਪੈਸੇ?"

ਸਾਧ ਨੇ ਮਿੰਟ ਚ ਹੀ ਚੋਲੇ ਜਿਹੇ ਦੀ ਥੱਲੇ ਪਾਈ ਝੱਗੀ ਦੀ ਅੰਦਰਲੀ ਜੇਬ ਚੋਂ ਕੱਢਕੇ ਵੀਹ ਹਜ਼ਾਰ ਦੀਆਂ ਦੋ ਗੁੱਟੀਆਂ ਮੈਨੂੰ ਫੜਾ ਦਿੱਤੀਆਂ।

ਮੈਂ ਕਿਹਾ "ਹੁਣ ਨਾ ਮਾਰੀਂ ਗੁਰਲਾਲ।"

ਮੇਰੇ ਕਹਿੰਦੇ-ਕਹਿੰਦੇ ਤੋਂ ਗੁਰਲਾਲ ਨੇ ਪੂਰੇ ਜ਼ੋਰ ਦੀ ਤੰਗਲੀ ਸਾਧ ਦੇ ਚਿੱਤੜਾਂ ਤੇ ਮਾਰੀ ਤੇ ਤੰਗਲੀ ਦਾ ਵੀ ਦਸਤਾ ਤੋੜਤਾ। ਮੈ ਬਾਰ ਖੋਲ੍ਹਤਾ ਤੇ ਸਾਧ ਮੇਰੇ ਮਾਸੀ-ਮਾਸੜ ਦੇ ਪੈਰਾਂ ਚ ਡਿੱਗ ਪਿਆ। ਮੇਰੇ ਮਾਸੜ ਨੇ ਇੱਕ ਪੋਲਾ ਜਿਹਾ ਲਫੇੜਾ ਗੁਰਲਾਲ ਦੇ ਮਾਰਿਆ ਤੇ ਕਹਿੰਦਾ,

"ਕੰਜਰ ਦਿਉ, ਮਾਰਨਾ ਹੈ ਸਾਧ ਨੂੰ। ਇਹ ਕੋਈ ਸਰਾਫ ਦੇਜੂ।"

ਮੈਂ ਕਿਹਾ "ਪਹਿਲਾਂ ਪੁੱਛ ਲਾ ਮਾਸੜਾ ਵੀ ਇਹ ਸਰਾਫ ਦੇਣ ਜੋਗਾ ਹੈਗਾ ਵੀ ਆ ਕਿ ਨਹੀਂ।"

ਸਾਧ ਥੱਲੇ ਪਿਆ ਕਹਿੰਦਾ "ਮੈਂ ਕੋਈ ਸਰਾਫ ਨਹੀਂ ਦਿੰਦਾ ਬਾਈ ਬਸ ਮੈਨੂੰ ਛੱਡ ਦਿਉ।"

ਮਾਸੜ ਕਹਿੰਦਾ "ਕੋਈ ਨਹੀਂ ਹੁਣ ਨਹੀਂ ਤੈਨੂੰ ਕੋਈ ਕੁਝ ਆਂਹਦਾ, ਪੈਜਾ ਸੁਭਾ ਪਿੰਡ ਚਲਾ ਜਾਵੀਂ।"

ਸਾਧ ਕਹਿੰਦਾ "ਸਰਦਾਰਾ ਮੈਂ ਚੱਲਿਆ ਹਾਂ, ਮੈਨੂੰ ਜਾਣ ਦਿਉ।"

ਮਾਸੜ ਕਹਿੰਦਾ "ਹੁਣ ਜਾਏਂਗਾ ਕਾਸਤੇ?"

ਕਹਿੰਦਾ "ਮੈਂ ਤਾਂ ਤੁਰ ਕੇ ਵੀ ਜਾ ਵੜੂੰ, ਪਰ ਮੈਨੂੰ ਜਾਣਦੇ।"

ਮਾਸੜ ਕਹਿੰਦਾ "ਦੋ ਕੁ ਘੰਟੇ ਰੁਕ ਜਾ ਚਾਰ ਵਾਲੀ ਗੱਡੀ ਚੜ੍ਹਾ ਦਿਆਂਗੇ ਤੈਨੂੰ।"

ਸਾਧ ਕਹਿੰਦਾ "ਰੁਕ ਤਾਂ ਜਾਊਂ, ਪਰ ਪਊਂ ਮੈਂ ਥੋਡੇ ਕੋਲੇ।"

ਮਾਸੜ ਕਹਿੰਦਾ "ਚੱਲ ਆਜਾ ਪੈਜਾ।"

ਸਾਧ ਮਾਸੜ ਕੋਲ ਪੈ ਗਿਆ ਤੇ ਅਸੀ ਦੋਵੇਂ ਹੱਸੀ ਜਾਈਏ।

ਗੁਰਲਾਲ ਕਹਿੰਦਾ "ਪਾਪੇ ਨੂੰ ਨਾ ਦੱਸੀਂ ਵੀ ਸਾਧ ਤੋਂ ਵੀਹ ਹਜ਼ਾਰ ਰੁਪਇਆ ਆਪਾਂ ਲੈ ਲਿਆ।"

ਮੈਂ ਕਿਹਾ "ਨਹੀਂ ਦੱਸਦਾ"

ਹਜੇ ਅਸੀਂ ਗੱਲਾਂ ਹੀ ਕਰੀ ਜਾਨੇ ਆਂ ਤੇ ਸਾਧ ਤੇ ਮਾਸੜ ਲੈਟਰੀਨ ਵੱਲ ਨੂੰ ਤੁਰੇ ਜਾਣ।

ਮੈਂ ਗੁਰਲਾਲ ਨੂੰ ਕਿਹਾ "ਕੰਜਰ ਦਿਆ ਕਿਤੇ ਸਾਧ ਕੁੱਟਦਿਆਂ ਦੇ ਸਾਧ ਦੀ ਵਿੱਚੇ ਹੀ ਤਾਂ ਨਹੀਂ ਨਿੱਕਲਗੀ।"

ਸਾਡਾ ਹਸ-ਹਸ ਬੁਰਾ ਹਾਲ। ਮਾਸੜ ਸਾਧ ਨੂੰ ਦਸਾਂ ਕੁ ਮਿੰਟਾਂ ਤੋਂ ਨਵੀਂ ਵਿਆਹੀ ਬਹੂ ਵਾਂਗੂੰ ਲੈਟਰੀਨ ਵੱਲ ਨੂੰ ਲੈ ਤੁਰੇ। ਅਸੀਂ ਹੱਸੀ ਜਾਈਏ।

ਮਾਸੜ ਸਾਡੇ ਕੋਲ ਆ ਕੇ ਕਹਿੰਦਾ "ਕੰਜਰ ਦਿਉ ਸਾਧ ਕੁੱਟਤਾ ਬਾਹਲਾ, ਉਹਨੂੰ ਲੂਜ਼-ਮੋਸ਼ਣ ਲੱਗ ਗਏ, ਲਗਦਾ ਹੋਰ ਹੀ ਸਿਆਪਾ ਪਊ।"

ਮੈਂ ਕਿਹਾ "ਮਾਸੜਾ ਡਾਕਟਰ ਨੂੰ ਸੱਦ ਲਿਆ ਫਿਰ?"

ਹੁਣ ਜਿਹੜੀ ਅਸੀਂ ਰਸੌਂਦ ਘੋਲ-ਘੋਲ ਪਿਆਈ ਸੀ ਉਹਨੇ ਅੰਦਰ ਧੋ ਤਾ। ਤੜਕੇ ਤਿੰਨ ਵਜੇ ਮਾਸੜ ਸਾਡਾ ਡਾਕਟਰ ਸੱਦ ਕੇ ਲਿਆਇਆ ਤੇ ਸਾਧ ਦੇ ਟੀਕੇ-ਟੂਕੇ ਲਵਾਏ। ਫੇਰ ਮਾਸੜ ਨੂੰ ਅਸੀਂ ਟਰੈਕਟਰ ਸਟਾਰਟ ਕਰਕੇ ਦਿੱਤਾ ਤੇ ਫੇਰ ਮਾਸੜ ਸਾਧ ਨੂੰ ਤੜਕੇ ਚਾਰ ਆਲੀ ਗੱਡੀ ਚੜ੍ਹਾ ਕੇ ਆਇਆ।

ਹੁਣ ਤੁਹਾਨੂੰ ਦੱਸ ਦੇਵਾਂ ਕਿ ਮੀਟ ਸਾਰਾ ਅਸੀਂ ਖਾ ਗਏ ਤੇ ਹੱਡੀਆਂ ਪਤੀਲੀ ਚ ਪਾ ਕੇ ਸਾਧ ਨੂੰ ਫੜਾਤੀਆਂ। ਸ਼ਰਾਬ ਅਸੀਂ ਪੈਪਸੀ ਵਾਲੀ ਬੋਤਲ ਚ ਕੱਢ ਲਈ ਤੇ ਥੋੜੀ-ਥੋੜੀ ਸ਼ਰਾਬ ਪਾ ਕੇ ਵਿੱਚ ਰਸੌਂਦ ਘੋਲਤੀ। ਉਸ ਦਿਨ ਤੋਂ ਬਾਅਦ ਮਾਸੀ-ਮਾਸੜ ਦਾ ਵੀ ਕਦੇ ਸਿਰ ਨਹੀਂ ਦੁਖਿਆ। ਫਿਰ ਖੇਤ ਵੀ ਦੋ ਮੋਟਰਾਂ ਹੋਰ ਲਾ ਲਈਆਂ ਤੇ ਫਸਲ ਵੀ ਦੂਣੀ ਹੋਣ ਲੱਗ ਪਈ ਟਰੈਕਟਰ ਵੀ ਸਵਰਾਜ 855 ਲੈ ਆਂਦਾ। ਫਿਰ ਸਾਰੀ ਕਬੀਲਦਾਰੀ ਗੁਰਲਾਲ ਹੀ ਸੰਭਾਲਣ ਲੱਗ ਪਿਆ। ਪਹਿਲਾਂ ਮਾਸੜ ਸਾਡਾ ਐਵੇਂ ਹੀ ਬਾਬਿਆਂ ਨੂੰ ਘਰ ਲੁਟਾਈ ਜਾਂਦਾ ਸੀ। ਜਿਹੜਾ ਸਾਧ ਤੋਂ ਵੀਹ ਹਜ਼ਾਰ ਕਢਵਾਇਆ ਸੀ ਉਸੇ ਵੀਹ ਹਜ਼ਾਰ ਨਾਲ ਗੁਰਲਾਲ ਨੇ ਇੱਕ ਬੋਰ ਹੋਰ ਕਰ ਲਿਆ ਸੀ ਖੇਤ।

ਸੋ ਭਰਾਵੋ ਬਚ ਜੋ ਇਹਨਾਂ ਤੋਂ, ਇਹਨਾਂ ਕੋਲੇ ਕੁਝ ਨਹੀਂ ਹੈਗਾ ਸਿਰਫ ਪੈਸੇ ਦੀ ਬਰਬਾਦੀ ਹੈ। ਉਹੀ ਪੈਸੇ ਨਾਲ ਆਪਾਂ ਕੋਈ ਨਾ ਕੋਈ ਘਰ ਦਾ ਕੰਮ ਕਰ ਸਕਦੇ ਹਾਂ।

ਗੁਰਸੇਵਕ ਸਿੰਘ ਬਰਾੜ

# ਸੱਚੇ ਪਿਆਰ ਦੇ ਰਾਹੀਂ ਮਨਦੀਪ ਅਤੇ ਅੰਮੂ...



ਅਸੀਂ ਫੇਸਬੁੱਕ 'ਤੇ ਮਿਲੇ ਸਾਂ, ਮੈਨੂੰ ਉਸਦੀ ਫਰੈਂਡ ਰਿਕਵੈਸਟ ਆਈ ਸੀ ਅਤੇ ਮੈਂ ਐਕਸੈਪਟ ਕਰ ਲਈ। ਫਿਰ ਇੱਕ ਫੇਸਬੁੱਕ ਪੋਸਟ 'ਤੇ ਉਸਨੇ ਕਮੈਂਟ ਕੀਤਾ, ਮੈਂ ਉਸਦਾ ਰਿਪਲਾਈ ਕਰ ਦਿੱਤਾ।

ਉਸਨੇ ਮੈਸਜ ਕੀਤਾ। ਉਸਨੇ ਮੈਨੂੰ ਪੁੱਛਿਆ, ਮਨਦੀਪ ਤੁਸੀਂ ਕਿੱਥੇ ਰਹਿੰਦੇ ਹੋ? ਮੈਂ ਦੱਸ ਦਿੱਤਾ ਕਿ ਮੈਂ ਪਟਿਆਲੇ ਰਹਿੰਦਾ ਹਾਂ।

ਫਿਰ ਸਾਡੀਆਂ ਰੋਜ ਗੱਲਾਂ ਸ਼ੁਰੂ ਹੋ ਗਈਆਂ। "ਗੁੱਡ ਮੌਰਨਿੰਗ"-"ਗੁੱਡ ਨਾਈਟ" ਤੋਂ ਗੱਲ ਵਧੀ ਅਤੇ ਅਸੀਂ ਫੋਨ ਨੰਬਰ ਐਕਸਚੇਂਜ ਕਰ ਲਏ।

ਪਰ ਮੈਂ ਉਸਦਾ ਫੋਨ ਨੰਬਰ ਹੋਣ ਦੇ ਬਾਵਜੂਦ ਵੀ ਕਈ ਦਿਨ ਤੱਕ ਉਸਨੂੰ ਫੋਨ ਨਾਂ ਕੀਤਾ। ਅਸੀਂ ਉਸੇ ਤਰਾਂ ਟੈਕਸਟ ਮੈਸਜ ਕਰਦੇ ਰਹੇ।

ਕਦੇ ਵੱਟਸਐਪ 'ਤੇ ਅਤੇ ਕਦੇ ਮਸੈਂਜਰ 'ਤੇ। ਫਿਰ ਇੱਕ ਦਿਨ ਪਤਾ ਨਹੀਂ ਮੈਨੂੰ ਕੀ ਸੁੱਝੀ ਮੈਂ ਚੱਕ ਕੇ ਅਮ੍ਰਿਤ ਨੂੰ ਫੋਨ ਕਰ ਦਿੱਤਾ। ਉਸਨੇ ਵੀ ਫੋਨ ਚੱਕ ਲਿਆ ਅਤੇ ਸਾਡੀ ਫੋਨ 'ਤੇ ਗੱਲਬਾਤ ਸ਼ੁਰੂ ਹੋ ਗਈ। ਉਸ ਨਾਲ ਗੱਲਾਂ ਕਰਨਾ ਮੈਨੂੰ ਬਹੁਤ ਪਸੰਦ ਸੀ।

ਸਾਰਾ ਦਿਨ ਕਦੋਂ ਨਿੱਕਲ ਜਾਂਦਾ ਸੀ, ਪਤਾ ਹੀ ਨਹੀਂ ਸੀ ਚੱਲਦਾ। ਮੈਂ 'ਤੇ ਉਹ ਬਹੁਤ ਨੇੜੇ ਆ ਗਏ ਸਾਂ। ਕਈ ਵਾਰ ਤਾਂ ਸਾਰੀ-ਸਾਰੀ ਰਾਤ ਅਸੀਂ ਫੋਨ 'ਤੇ ਲੱਗੇ ਰਹਿੰਦੇ, ਨਾਂ ਉਹ ਸੌਂਦੀ 'ਤੇ ਨਾਂ ਮੈਂ।

ਅੰਮ੍ਰਿਤ ਨੂੰ ਮੈਂ ਕਿੰਨੀ ਵਾਰ ਕਿਆ ਸੀ ਕਿ ਅੰਮੂ ਆਪਣੀ ਫੋਟੋ ਭੇਜੋ ਮੈਂ ਤੁਹਾਨੂੰ ਦੇਖਣਾ ਹੈ। ਪਰ ਉਹ ਹਰ ਵਾਰ ਮੈਨੂੰ ਕੋਈ ਨਾਂ ਕੋਈ ਬਹਾਨਾਂ ਲਾ ਦਿੰਦੀ। ਮੇਰੇ ਫੋਨ ਦਾ ਕੈਮਰਾ ਸਾਫ ਨਹੀਂ, ਮੇਰਾ ਨੈੱਟ ਸਲੋਅ ਹੈ। ਕਦੇ ਕੁੱਝ 'ਤੇ ਕਦੇ ਕੁੱਝ।

ਪਹਿਲਾਂ-ਪਹਿਲ ਤਾਂ ਮੈਂ ਇਗਨੋਰ ਕਰਦਾ ਰਿਹਾ। ਫਿਰ ਮੈਨੂੰ ਸ਼ੱਕ ਹੋਣ ਲੱਗਿਆ ਕਿ ਆਖਿਰ ਅੰਮੂ ਕਿਉਂ ਆਪਣੀ ਪਿੱਕ ਨਹੀਂ ਭੇਜ ਰਹੀ।

ਮੈਂ ਪਹਿਲਾਂ ਤਾਂ ਉਸਨੂੰ ਫੋਟੋ ਲਈ ਮਜਬੂਰ ਕਰਨ ਲੱਗਿਆ। ਫਿਰ ਮੈਂ ਉਸਨੂੰ ਮਿਲਣ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਕਦੇ ਕਹਿੰਦੀ ਦੇਖੋ ਮੈਂ ਫੋਟੋ ਭੇਜੀ ਹੈ।

ਪਰ ਮੈਨੂੰ ਵੱਟਸਐਪ 'ਤੇ ਕੋਈ ਫੋਟੋ ਨਹੀਂ ਸੀ ਮਿਲਦੀ। ਕਦੇ ਕਹਿੰਦੀ ਛੱਡੋ ਫੋਟੋ ਨੂੰ ਆਪਾਂ ਮਿਲ ਹੀ ਲੈਂਦੇ ਹਾਂ। ਫਿਰ ਸਾਡਾ ਪਲੈਨ ਬਣਦਾ ਅਤੇ ਮਿਲਣ ਵਾਲੇ ਦਿਨ ਉਹ ਕੋਈ ਨਾਂ ਕੋਈ ਬਹਾਨਾਂ ਲਗਾ ਦਿੰਦੀ।

ਮੈਂ ਉਸ ਨਾਲ ਗੱਲ ਕਰਨੀ ਬੰਦ ਦਿੱਤੀ। ਮਨਦੀਪ ਪਲੀਜ਼ ਮੇਰੇ ਨਾਲ ਏਦਾਂ ਨਾਂ ਕਰੋ। ਮੈਂ ਸੱਚੀਂ ਮਿਲਣ ਲਈ ਤਿਆਰ ਆ। ਅੰਮੂ ਨੇ ਮੈਨੂੰ ਮੈਸਜ ਕਰਨੇ, ਪਰ ਮੈਂ ਉਸ ਨਾਲ ਗੁੱਸੇ ਹੀ ਰਿਹਾ।

ਫਿਰ ਉਸਦੇ ਮੈਸਜ ਆਉਣੇ ਬੰਦ ਹੋ ਗਏ। ਇੱਕ ਦਿਨ ਉਸਦੀ ਸਹੇਲੀ ਦਾ ਫੋਨ ਆਇਆ। ਮੈਂ ਨੰਬਰ ਨਹੀਂ ਸੀ ਪਹਿਚਾਣਦਾ।

ਮੈਂ ਫੋਨ ਚੱਕਿਆ, ਉਸਦੀ ਸਹੇਲੀ ਨੇ ਆਪਣਾ ਨਾਮ ਰਮਾ ਦੱਸਿਆ। "ਮਨਦੀਪ ਜੀ! ਤੁਸੀਂ ਮਿਲਣਾ ਚਾਹੁੰਦੇ ਹੋ ਅੰਮੂ ਨੂੰ?" "ਹਾਂ, ਮੈਂ ਦੇਖਣਾ ਹੈ ਉਹਨੂੰ। ਆਖਿਰ ਉਹ ਆਪਣੇ-ਆਪ ਨੂੰ ਮੈਥੋਂ ਲੁਕੋਅ ਕੇ ਕਿਉਂ ਰੱਖ ਰਹੀ ਆ?" "ਕਿਉਂਕਿ ਉਹ ਤੁਹਾਨੂੰ ਖੋਣਾ ਨਹੀਂ ਚਾਹੁੰਦੀ।" "ਮਤਲਬ?"

ਉਸ ਦਿਨ ਮੈਂ ਅੰਮ੍ਰਿਤ ਨੂੰ ਮਿਲਿਆ। ਉਹ ਮੈਨੂੰ ਇੱਕ ਪਾਰਕ ਵਿੱਚ ਮਿਲਣ ਆਈ। ਅੰਮੂ ਨਾਲ ਉਸਦੀ ਸਹੇਲੀ ਰਮਾ ਵੀ ਸੀ। ਅੰਮੂ ਨੇ ਚੁੰਨੀ ਨਾਲ ਆਪਣਾ ਚਿਹਰਾ ਢੱਕਿਆ ਹੋਇਆ ਸੀ।

ਮੈਂ ਤੁਰਦਾ ਹੋਇਆ ਅੰਮੂ ਵੱਲ ਵੱਧ ਰਿਹਾ ਸੀ। ਜਿਵੇਂ-ਜਿਵੇਂ ਮੈਂ ਅੰਮ੍ਰਿਤ ਦੇ ਨੇੜੇ ਜਾਵਾਂ, ਉਹ ਚੁੰਨੀ ਨਾਲ ਆਪਣਾ ਚਿਹਰਾ ਹੋਰ ਢਕੀ ਜਾਵੇ। ਮੈਂ ਉਸਦੇ ਸਾਹਮਣੇ ਜਾ ਕੇ ਖੜਾ ਹੋ ਗਿਆ।

ਚੁੰਨੀ ਨਾਲ ਢਕੇ ਉਸਦੇ ਚਿਹਰੇ 'ਚੋਂ ਵੀ ਉਸਦੀਆਂ ਅੱਖਾਂ ਮੈਂ ਦੇਖ ਪਾ ਰਿਹਾ ਸੀ। ਹੰਝੂਆਂ ਨਾਲ ਭਿੱਜੀਆਂ ਉਸ ਦੀਆਂ ਅੱਖਾਂ, ਲੱਗ ਰਿਹਾ ਸੀ, ਉਸਦੇ ਚਿਹਰੇ 'ਤੇ ਫੁਲਵਹਿਰੀ ਦੇ ਦਾਗ ਸਨ।

ਅੰਮ੍ਰਿਤ ਨੇ ਆਪਣੀ ਚੁੰਨੀ ਪਿੱਛੇ ਕਰੀ ਅਤੇ ਮੈਂ ਉਸਦਾ ਚਿਹਰਾ ਦੇਖਿਆ। "ਬੱਸ! ਇੰਨੀ ਕੁ ਗੱਲ ਸੀ?" ਜਦੋਂ ਮਨਦੀਪ ਨੇ ਇੰਨਾਂ ਕਿਹਾ ਤਾਂ ਅੰਮ੍ਰਿਤ ਰਮਾ ਦੇ ਗਲ਼ ਲੱਗ ਰੋਣ ਲੱਗ ਪਈ।

ਮਨਦੀਪ ਅੰਮ੍ਰਿਤ ਨੂੰ ਰੋਂਦੀ ਨੂੰ ਦੇਖਦਾ ਰਿਹਾ। ਉਸ ਦੀਆਂ ਵੀ ਅੱਖਾਂ ਭਰ ਆਈਆਂ ਸਨ। "ਇਹਨੂੰ ਲੱਗਦਾ ਸੀ, ਕਿ ਅੱਜ ਇਹਨੇ ਤੁਹਾਨੂੰ ਖੋਅ ਦੇਣਾ।

ਕਹਿੰਦੀ ਸੀ ਕਿ ਮਨਦੀਪ ਜੀ ਮੈਨੂੰ ਦੇਖਣ ਤੋਂ ਬਾਅਦ ਦੋਬਾਰਾ ਫੇਰ ਕਦੇ ਮੈਨੂੰ ਨਹੀਂ ਮਿਲਣਗੇ।" ਰਮਾ ਬੋਲੀ। ਪਰ ਇਹ ਸੱਚ ਨਹੀਂ ਸੀ।

ਇਹ ਸੱਚ ਨਹੀਂ ਅੰਮੂ! ਪਾਗਲ ਐਵੇਂ ਡਰੀ ਜਾਂਦੀ ਸੀ। ਆਪੇ ਈ ਇੰਨਾਂ ਕੁੱਝ ਸੋਚ ਲਿਆ, ਮੈਂ ਕਿਤੇ ਨਈਂ ਜਾਂਦਾ।

ਤੇਰੇ ਨਾਲ ਮੈਂ ਹੁਣ ਵੀ ਉਨਾਂ ਈ ਪਿਆਰ ਕਰਦਾਂ। ਇਹ ਤੇਰੇ ਚਿਹਰੇ ਦੇ ਦਾਗ, ਇਹਨਾਂ 'ਤੇ ਕਿਸੇ ਦਾ ਵੱਸ ਹੁੰਦਾ ਕਿਤੇ ਭਲਾ? ਮੈਂ ਤੈਨੂੰ, ਤੇਰੇ ਕਿਰਦਾਰ ਨੂੰ ਚਾਹਿਆ ਹੈ।

ਮੈਨੂੰ ਪਤਾ ਸਭ ਏਦਾਂ ਨਹੀਂ ਸੋਚਦੇ, ਪਰ ਮੇਰੇ ਲਈ ਤੂੰ ਹੁਣ ਵੀ ਮੇਰੀ ਉਹੀ ਅੰਮੂ ਏਂ।" ਮੈਂ ਬੋਲੀ ਗਿਆ 'ਤੇ ਅੰਮ੍ਰਿਤ ਰੋਂਦੀ ਰਹੀ।

ਉਹ ਬੱਸ ਰੋਂਦੀ ਹੀ ਰਹੀ। ਆਪਣੀ ਸਹੇਲੀ ਰਮਾ ਦੇ ਗੱਲ ਲੱਗੀ ਉਹ ਰੋਈ ਗਈ। ਸ਼ਾਇਦ, ਇਹ ਉਸਦੇ ਖੁਸ਼ੀ ਦੇ ਹੀ ਹੰਝੂ ਹੋਣਗੇ ਨਾਂ।

ਗੁਰਪ੍ਰੀਤ ਸਿੰਘ ਭੰਬਰ






# ਵਿਆਹ ਦੀ ਭਾਜੀ



'ਸੀਰਨੀ' ਜਾਂ 'ਭਾਜੀ' ਇੱਕ ਅਜਿਹਾ ਸ਼ਬਦ ਹੈ ਜਿਸ ਵਿੱਚ ਅਥਾਹ ਮਿਠਾਸ ਛੁਪੀ ਹੋਈ ਹੈ। ਇਸ ਇੱਕ ਸ਼ਬਦ ਦੇ ਉਚਾਰਣ ਨਾਲ ਵਿਆਹ ਵਾਲੇ ਘਰ ਦੀ ਤਸਵੀਰ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੀ ਹੈ। ਜਿਸ ਵਿੱਚ ਭੱਠੀ ਚੜ੍ਹਨਾ, ਲੱਡੂ ਵੱਟਣਾ, ਇੱਕ ਕੋਠੜੀ ਵਿੱਚ ਮੰਜਿਆਂ 'ਤੇ ਚਾਦਰਾਂ ਵਿਛਾ ਕੇ ਕੁਇੰਟਲਾਂ ਦੇ ਹਿਸਾਬ ਨਾਲ ਹਲਵਾਈਆਂ ਤੋਂ ਘਰੇ ਪਕਵਾਈ ਹੋਈ ਮਠਿਆਈ ਅਤੇ ਉਸ ਦੀ ਮਿੱਠੀ ਮਿੱਠੀ ਖ਼ੁਸ਼ਬੋ ਦੀ ਯਾਦ ਆ ਜਾਂਦੀ ਹੈ।

ਪੰਜਾਬ ਦੇ ਵਿਆਹਾਂ ਦੀਆਂ ਪੁਰਾਣੀਆਂ ਰੀਤਾਂ ਵਿੱਚ ਸੀਰਨੀ ਦਾ ਆਪਣਾ ਹੀ ਇੱਕ ਖ਼ਾਸ ਸਥਾਨ ਰਿਹਾ ਹੈ। ਸੀਰਨੀ ਤਿਆਰ ਕਰਨ ਲਈ ਉਚੇਚੇ ਤੌਰ 'ਤੇ ਵਿਆਹ ਵਾਲੇ ਘਰ ਵਿੱਚ ਕਈ ਦਿਨ ਪਹਿਲਾਂ ਭੱਠੀ ਚੜ੍ਹਾਈ ਜਾਂਦੀ ਸੀ। ਹਲਵਾਈ ਦੇ ਆਲੇ ਦੁਆਲੇ ਪਿੰਡ ਦੇ ਸ਼ਰੀਕੇ ਵਿੱਚੋਂ ਮੁੰਡੇ ਅਤੇ ਬਜ਼ੁਰਗ ਖ਼ਾਸ ਤੌਰ 'ਤੇ ਲੱਡੂ ਵੱਟਣ ਜਾਂ ਹੋਰ ਨਿੱਕੇ ਮੋਟੇ ਕੰਮਾਂ ਵਿੱਚ ਮਦਦ ਕਰਨ ਲਈ ਆਉਂਦੇ ਸਨ। ਇਕੱਠੇ ਬੈਠੇ ਜਦ ਆਪਸ ਵਿੱਚ ਹਾਸਾ ਠੱਠਾ ਤੇ ਮਸ਼ਕਰੀਆਂ ਕਰਦੇ ਤਾਂ ਵਿਆਹ ਵਾਲੇ ਘਰ ਦੀ ਰੌਣਕ ਦੁੱਗਣੀ ਹੋ ਜਾਂਦੀ ਸੀ। ਇਸ ਨਾਲ ਆਪਸੀ ਭਾਈਚਾਰਕ ਸਾਂਝ ਵਧਣ ਦੇ ਨਾਲ ਨਾਲ ਸਾਡੇ ਸਮਾਜ ਦੀ ਖ਼ੂਬਸੂਰਤ ਸੱਭਿਆਚਾਰਕ ਵਿਰਾਸਤ ਦੀ ਤਸਵੀਰ ਸਾਹਮਣੇ ਆਉਂਦੀ ਸੀ।

ਅੱਜ ਵਿਆਹ ਤੋਂ ਪਹਿਲਾਂ ਹੀ ਕਾਰਡ ਦੇ ਨਾਲ ਦਿੱਤਾ ਹੋਇਆ ਇੱਕ ਮਹਿੰਗੇ ਤੋਂ ਮਹਿੰਗਾ, ਨਵੇਂ ਡਿਜ਼ਾਈਨਾਂ ਨਾਲ ਤਿਆਰ ਕੀਤਾ ਹੋਇਆ ਮਠਿਆਈ ਦਾ ਡੱਬਾ ਵੱਡੇ ਵੱਡੇ ਝੋਲਿਆਂ, ਪੀਪਿਆਂ ਜਾਂ ਬੋਰੀਆਂ ਵਿੱਚ ਸੇਰਾਂ ਦੇ ਹਿਸਾਬ ਨਾਲ ਦਿੱਤੀ ਜਾਣ ਵਾਲੀ ਸੀਰਨੀ ਦੀ ਰੀਸ ਕਿੱਥੋਂ ਕਰ ਲਵੇਗਾ ? ਅੱਜ ਭਾਵੇਂ ਵਿਆਹਾਂ ਵਿੱਚ ਕੇਕ, ਮਠਿਆਈਆਂ ਅਤੇ ਮਹਿੰਗੇ ਤੋਹਫ਼ਿਆਂ ਆਦਿ ਦਾ ਰਿਵਾਜ ਵਧ ਗਿਆ ਹੈ, ਪਰ ਪੁਰਾਣੇ ਸਮਿਆਂ ਵਿੱਚ ਰਿਸ਼ਤੇਦਾਰਾਂ ਨੂੰ ਸੇਰਾਂ ਦੇ ਹਿਸਾਬ ਨਾਲ ਸੀਰਨੀ ਦੇਣ ਦਾ ਆਪਣਾ ਹੀ ਇੱਕ ਵੱਖਰਾ ਮਹੱਤਵ ਸੀ। ਇਹ ਖ਼ੁਸ਼ੀ ਸਾਂਝੀ ਕਰਨ ਦਾ ਸਾਦਾ ਤੇ ਪਿਆਰਾ ਤਰੀਕਾ ਸੀ।

ਪੁਰਾਣੇ ਪੰਜਾਬੀ ਵਿਆਹਾਂ ਵਿੱਚ ਸੀਰਨੀ ਕੋਈ ਇੱਕ ਨਿਸ਼ਚਿਤ ਮਠਿਆਈ ਨਹੀਂ ਸੀ। ਇਹ ਇਲਾਕੇ ਅਤੇ ਪਰਿਵਾਰ ਦੀ ਰੀਤ ਅਨੁਸਾਰ ਵੱਖ-ਵੱਖ ਮਠਿਆਈਆਂ ਦਾ ਮਿਸ਼ਰਣ ਜਾਂ ਮਿਲੀ-ਜੁਲੀ ਮਠਿਆਈ ਹੁੰਦੀ ਸੀ। ਆਮ ਤੌਰ 'ਤੇ ਇਸ ਵਿੱਚ ਬੂੰਦੀ ਦੇ ਲੱਡੂ, ਖੰਡ ਵਾਲੀਆਂ ਮੋਟੀਆਂ ਪਕੌੜੀਆਂ, ਗੁੜ ਵਾਲੀਆਂ ਮੋਟੀਆਂ ਪਕੌੜੀਆਂ, ਖੰਡ ਵਾਲੇ ਤੇ ਗੁੜ ਵਾਲੇ ਸ਼ੱਕਰ ਪਾਰੇ ਜਾਂ ਖੁਰਮੇ, ਨਮਕੀਨ ਮੱਠੀਆਂ, ਨਮਕੀਨ ਮੋਟੀਆਂ ਪਕੌੜੀਆਂ ਆਦਿ ਹੁੰਦੀਆਂ ਸਨ। ਵਿਆਹ ਵਾਲੇ ਘਰ ਵਿੱਚ ਪ੍ਰਾਹੁਣਿਆਂ ਦੀ ਆਮਦ ਕਈ ਦਿਨ ਪਹਿਲਾਂ ਹੀ ਹੋਣੀ ਸ਼ੁਰੂ ਹੋ ਜਾਂਦੀ ਸੀ। ਜਦ ਘਰੇ ਮੇਲ ਆਉਂਦਾ ਸੀ ਤਾਂ ਉਨ੍ਹਾਂ ਦੀ ਆਓ ਭਗਤ ਚਾਹ ਪਾਣੀ ਦੇ ਨਾਲ ਥਾਲਾਂ ਵਿੱਚ ਸੀਰਨੀ ਪਰੋਸ ਕੇ ਕੀਤੀ ਜਾਂਦੀ ਸੀ। ਵਿਆਹ ਵਾਲੇ ਘਰ ਦਾ ਵੱਖਰਾ ਜਿਹਾ ਨਜ਼ਾਰਾ ਹੁੰਦਾ ਸੀ।

ਪੰਜਾਬ ਵਿੱਚ ਵਿਆਹਾਂ ਦੌਰਾਨ ਰਿਸ਼ਤੇਦਾਰਾਂ ਨੂੰ ਭਾਜੀ ਮੋੜਨ ਦਾ ਰਿਵਾਜ ਹੈ। ਜੇ ਕੋਈ ਰਿਸ਼ਤੇਦਾਰ ਆਪਣੇ ਧੀ-ਪੁੱਤ ਦੇ ਵਿਆਹ ਵਿੱਚ ਕਿਸੇ ਨੂੰ ਦੋ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ ਤਾਂ ਅਗਲੀ ਵਾਰ ਉਹੀ ਰਿਸ਼ਤੇਦਾਰ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਦੀ ਖ਼ੁਸ਼ੀ ਵਿੱਚ ਢਾਈ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ। ਇਸ ਦਾ ਮਤਲਬ ਇਹ ਹੁੰਦਾ ਸੀ ਕਿ ਅਸੀਂ ਅਗਾਂਹ ਤੁਹਾਡੇ ਨਾਲ ਮਿਲਵਰਤਣ ਦੀ ਰੀਤ ਜਾਰੀ ਰੱਖਣੀ ਹੈ। ਨਾਨਕਾ ਮੇਲ ਵਿਆਹ ਵਿੱਚ ਵਧ ਚੜ੍ਹ ਕੇ ਖ਼ਰਚਾ ਕਰਕੇ ਆਉਂਦਾ ਸੀ ਤਾਂ ਉਨ੍ਹਾਂ ਨੂੰ ਵਿਆਹ ਤੋਂ ਬਾਅਦ ਵਿਦਾ ਕਰਨ ਲੱਗੇ ਪੱਚੀ ਪੱਚੀ ਸੇਰ ਭਾਜੀ ਜਾਂ ਸੀਰਨੀ ਦੀਆਂ ਪੰਡਾਂ ਬੰਨ੍ਹ ਕੇ ਦੇਣ ਦਾ ਰਿਵਾਜ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਪੂਰੇ ਪਿੰਡ ਵਿੱਚ ਫੇਰਨੀ ਹੁੰਦੀ ਸੀ ਤੇ ਦੱਸਣਾ ਹੁੰਦਾ ਸੀ ਕਿ ਉਹ ਆਪਣੇ ਦੋਹਤੇ ਜਾਂ ਦੋਹਤੀ ਦਾ ਵਿਆਹ ਕਰਕੇ ਆਏ ਹਨ। ਇਸੇ ਤਰ੍ਹਾਂ ਵਿਆਹ ਦੀ ਖ਼ੁਸ਼ੀ ਵਿੱਚ ਘਰ ਵਿੱਚ ਬਣੀ ਸੀਰਨੀ ਬਾਕੀ ਰਿਸ਼ਤੇਦਾਰਾਂ, ਸਾਕ-ਸਬੰਧੀਆਂ ਅਤੇ ਗੁਆਂਢੀਆਂ ਵਿੱਚ ਵੀ ਚਾਰ ਸੇਰ ਜਾਂ ਪੰਜ ਸੇਰ ਆਮ ਹੀ ਵੰਡੀ ਜਾਂਦੀ ਸੀ। ਇਸ ਦਾ ਮਤਲਬ ਸਿਰਫ਼ ਮੂੰਹ ਮਿੱਠਾ ਕਰਵਾਉਣਾ ਨਹੀਂ ਸੀ, ਸਗੋਂ ਇਹ ਖ਼ੁਸ਼ੀ ਵਿੱਚ ਦੂਜਿਆਂ ਨੂੰ ਸ਼ਾਮਲ ਕਰਨ ਦਾ ਪ੍ਰਤੀਕ ਸੀ। ਘਰ ਵਿੱਚ ਕੋਈ ਸ਼ੁਭ ਕਾਰਜ ਹੋਵੇ ਤਾਂ ਸੀਰਨੀ ਦੇ ਕੇ ਖ਼ੁਸ਼ਖ਼ਬਰੀ ਸਾਂਝੀ ਕਰਨੀ ਪੰਜਾਬੀ ਸੱਭਿਆਚਾਰ ਦੀ ਸਾਦਗੀ ਭਰੀ ਪਰੰਪਰਾ ਸੀ।

ਸੀਰਨੀ ਨਾਲ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਵੀ ਜੁੜੀ ਹੋਈ ਸੀ। ਕਈ ਵਾਰ ਤਾਂ ਵਿਆਹ ਵਾਲੇ ਘਰ ਦੇ ਲੋਕ ਆਪਣੇ ਹੱਥੀਂ ਤਿਆਰ ਕੀਤੀ ਸੀਰਨੀ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਦੇ ਘਰ ਆਪ ਜਾ ਕੇ ਦੇ ਕੇ ਆਉਂਦੇ ਸਨ। ਇਸ ਨਾਲ ਰਿਸ਼ਤੇਦਾਰੀਆਂ ਅਤੇ ਗੁਆਂਢ ਦੇ ਸਬੰਧ ਹੋਰ ਮਜ਼ਬੂਤ ਅਤੇ ਮਿਠਾਸ ਨਾਲ ਭਰਪੂਰ ਬਣਦੇ ਸਨ। ਸੇਰਾਂ ਦੇ ਹਿਸਾਬ ਨਾਲ ਮਿਲੀ ਸੀਰਨੀ ਵਿਆਹ ਜਾ ਕੇ ਆਉਣ ਤੋਂ ਬਾਅਦ ਵੀ ਕਈ ਕਈ ਦਿਨ ਘਰਾਂ ਵਿੱਚ ਖ਼ਤਮ ਨਹੀਂ ਹੁੰਦੀ ਸੀ ਜਿਸ ਨਾਲ ਵਿਆਹ ਦੀ ਯਾਦ ਤਰੋਤਾਜ਼ਾ ਰਹਿੰਦੀ ਸੀ।

ਸੀਰਨੀ ਤੋਂ ਇੱਕ ਗੱਲ ਹੋਰ ਸਪੱਸ਼ਟ ਹੈ ਕਿ ਪਹਿਲਾਂ ਲੋਕ ਹੱਥੀਂ ਮਿਹਨਤ ਕਰਨ ਵਾਲੇ ਸਨ, ਆਪਸੀ ਮਿਲਵਰਤਨ ਵਾਲੇ ਸਨ, ਉਹ ਰਿਸ਼ਟ ਪੁਸ਼ਟ ਸਨ। ਅੱਜਕੱਲ੍ਹ ਵਾਂਗ ਮੂੰਹ ਮਿੱਠਾ ਕਰਨ ਲਈ ਲੱਡੂ ਤੋਂ ਚੂੰਢੀ ਭਰ ਕੇ ਨਹੀਂ ਖਾਂਦੇ ਸਨ, ਉਨ੍ਹਾਂ ਨੂੰ ਕੋਈ ਸ਼ੂਗਰ ਜਾਂ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਨਹੀਂ ਲੱਗੀਆਂ ਹੋਈਆਂ ਸਨ। ਉਹ ਦੱਬ ਕੇ ਕੰਮ ਕਰਦੇ ਹੋਣ ਕਰਕੇ ਸੀਰਨੀ ਵਰਗੀ ਮਠਿਆਈ ਨੂੰ ਵੀ ਰੱਜ ਰੱਜ ਕੇ ਖਾਂਦੇ ਸਨ।

ਸੀਰਨੀ ਨਾਲ ਸਬੰਧਤ ਇੱਕ ਹੋਰ ਅਖ਼ੀਰਲੀ ਰੀਤ ਜੁੜੀ ਹੁੰਦੀ ਸੀ ਜਿਸ ਨੂੰ 'ਕੋਠੀ ਝਾੜ' ਕਿਹਾ ਜਾਂਦਾ ਹੈ। ਵਿਆਹ ਵਾਲੇ ਮੁੰਡੇ ਜਾਂ ਕੁੜੀ ਦੀ ਮਾਂ ਵਿਆਹ ਤੋਂ ਸਵਾ ਮਹੀਨਾ ਬਾਅਦ ਪੰਜ ਸੇਰ 'ਸੀਰਨੀ' ਆਪਣੇ ਪੇਕੇ ਭਾਵ ਨਾਨਕਿਆਂ ਨੂੰ ਦੇ ਕੇ ਆਉਂਦੀ ਸੀ ਜਿਸ ਦਾ ਮਤਲਬ ਇਹ ਹੁੰਦਾ ਸੀ ਕਿ ਹੁਣ ਵਿਆਹ ਦੇ ਸਾਰੇ ਰੀਤੀ ਰਿਵਾਜ ਖ਼ੁਸ਼ੀ ਖ਼ੁਸ਼ੀ ਸਮਾਪਤ ਹੋ ਗਏ ਹਨ ਤੇ ਜੋ ਘਰ ਬਚਦੀ ਮਠਿਆਈ ਸੀ ਉਹ ਕੋਠੀ ਝਾੜ ਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਉਣ ਆਈ ਹੈ। ਬਦਲੇ ਵਿੱਚ ਉਸ ਦੇ ਪੇਕੇ ਪਰਿਵਾਰ ਵੱਲੋਂ ਆਪਣੀ ਧੀ ਨੂੰ ਸ਼ਗਨ ਦੇ ਤੌਰ 'ਤੇ ਕੱਪੜੇ ਲੀੜੇ ਦੇ ਕੇ ਸ਼ਗਨਾਂ ਨਾਲ ਤੋਰਿਆ ਜਾਂਦਾ ਸੀ।

ਇਸ ਰੀਤ ਦੀ ਸਭ ਤੋਂ ਖ਼ੂਬਸੂਰਤ ਗੱਲ ਉਸ ਸਮੇਂ ਦੀ ਸਾਦਗੀ ਦੀ ਤਸਵੀਰ ਸਾਹਮਣੇ ਆਉਂਦੀ ਹੈ। ਖ਼ੁਸ਼ੀ ਮਨਾਉਣ ਲਈ ਵੱਡੇ ਹੋਟਲ, ਮਹਿੰਗੀਆਂ ਮਠਿਆਈਆਂ ਜਾਂ ਦਿਖਾਵੇ ਦੀ ਲੋੜ ਨਹੀਂ ਸੀ। ਅੱਜ ਸੀਰਨੀ ਦੀ ਇਹ ਰੀਤ ਕਈ ਥਾਵਾਂ ਤੋਂ ਲਗਭਗ ਲੋਪ ਹੋ ਚੁੱਕੀ ਹੈ। ਵਿਆਹਾਂ ਦਾ ਰੂਪ ਆਧੁਨਿਕ ਹੋ ਗਿਆ ਹੈ, ਪਰ ਜੇ ਅਸੀਂ ਆਪਣੇ ਵਿਰਸੇ ਦੀਆਂ ਅਜਿਹੀਆਂ ਸਾਦੀਆਂ ਰੀਤਾਂ ਨੂੰ ਦੁਬਾਰਾ ਯਾਦ ਕਰੀਏ ਤਾਂ ਵਿਆਹ ਸਿਰਫ਼ ਦਿਖਾਵੇ ਦਾ ਸਮਾਗਮ ਨਹੀਂ, ਸਗੋਂ ਰਿਸ਼ਤਿਆਂ ਅਤੇ ਸਾਂਝ ਦੀ ਖ਼ੁਸ਼ੀ ਵੀ ਬਣ ਸਕਦਾ ਹੈ। ਸੀਰਨੀ ਵਰਗੀ ਰੀਤ ਨੂੰ ਜਿਉਂਦੇ ਰੱਖਣਾ ਸਾਡੇ ਵਸ ਵਿੱਚ ਹੈ। ਸੀਰਨੀ ਸਿਰਫ਼ ਮਠਿਆਈ ਹੀ ਨਹੀਂ ਹੁੰਦੀ ਸੀ ਸਗੋਂ ਇਹ ਪੰਜਾਬੀ ਲੋਕ-ਜੀਵਨ ਦੀ ਮਿੱਠੀ ਸਾਂਝ ਦਾ ਪ੍ਰਤੀਕ ਸੀ।

ਸੰਪਰਕ: 99889-01324

# ਅਦਾਕਾਰਾ ਫਾਤਿਮਾ ਸਨਾ ਸ਼ੇਖ ਨੇ ਸਲਮਾਨ ਖ਼ਾਨ ਦੀ ਕੀਤੀ ਤਾਰੀਫ਼





ਅਦਾਕਾਰਾ ਫਾਤਿਮਾ ਸਨਾ ਸ਼ੇਖ ਨੇ ਆਨਲਾਈਨ ਟ੍ਰੋਲਿੰਗ ਅਤੇ ਬੌਡੀ-ਸ਼ੇਮਿੰਗ ਦੇ ਖ਼ਿਲਾਫ਼ ਸਖ਼ਤ ਰੁੱਖ ਅਪਣਾਉਣ ਲਈ ਸਲਮਾਨ ਖ਼ਾਨ ਦੀ ਤਾਰੀਫ਼ ਕੀਤੀ। 'ਬਿਗ ਬੌਸ 20' ਦੇ 'ਵੀਕੈਂਡ ਕਾ ਵਾਰ' ਦੇ ਐਪੀਸੋਡ ਦੇ ਪ੍ਰੋਮੋ ਵਿੱਚ ਦਿਖਿਆ ਕਿ ਅਦਾਕਾਰਾ ਆਪਣੀ ਹਾਲੀਆ ਸੀਰੀਜ਼ 'ਹੁੰਕਾਰ: ਦ ਰੋਰ' ਦੇ ਪ੍ਰਮੋਸ਼ਨ ਲਈ ਸ਼ੋਅ ਵਿੱਚ ਪਹੁੰਚੇਗੀ। ਇਸ ਦੌਰਾਨ ਸਲਮਾਨ ਨਾਲ ਗੱਲਬਾਤ ਵਿੱਚ ਫਾਤਿਮਾ ਨੇ ਕਿਹਾ ਕਿ ਜਿਸ ਤਰੀਕੇ ਨਾਲ ਤੁਸੀਂ ਟ੍ਰੋਲਜ਼ ਨੂੰ ਇਸ ਵਾਰ ਮੂੰਹ ਤੋੜ ਜਵਾਬ ਦਿੱਤਾ ਹੈ, ਇਹ ਬਹੁਤ ਵੱਡੀ ਗੱਲ ਹੈ ਕਿਉਂਕਿ ਤੁਹਾਡੀ ਪੁਜ਼ੀਸ਼ਨ ਵਿੱਚ ਜੇਕਰ ਕੋਈ ਅਜਿਹੀ ਗੱਲ ਕਰਦਾ ਹੈ, ਕੋਈ ਮੁੱਦਿਆਂ 'ਤੇ ਖੜ੍ਹਾ ਹੁੰਦਾ ਹੈ, ਤਾਂ ਉਹ ਲੋਕਾਂ 'ਤੇ ਬਹੁਤ ਵੱਡਾ ਪ੍ਰਭਾਵ ਪਾਉਂਦਾ ਹੈ।

ਹਾਲਾਂਕਿ, ਫਾਤਿਮਾ ਦੀ ਇਸ ਗੱਲ 'ਤੇ ਸਲਮਾਨ ਨੇ ਕੀ ਰਿਐਕਸ਼ਨ ਦਿੱਤਾ, ਇਹ ਪ੍ਰੋਮੋ ਵਿੱਚ ਨਹੀਂ ਦਿਖਿਆ। ਸਲਮਾਨ ਖ਼ਾਨ ਨੇ ਟ੍ਰੋਲਿੰਗ 'ਤੇ ਨਾਰਾਜ਼ਗੀ ਜਤਾਈ ਸੀ। ਸਲਮਾਨ ਖ਼ਾਨ ਨੇ ਪਿਛਲੇ ਹਫ਼ਤੇ ਟੀਵੀ ਸ਼ੋਅ 'ਬਿਗ ਬੌਸ 20' ਵਿੱਚ ਸੋਸ਼ਲ ਮੀਡੀਆ ਟ੍ਰੋਲਿੰਗ, ਬੌਡੀ-ਸ਼ੇਮਿੰਗ ਅਤੇ ਏਜ-ਸ਼ੇਮਿੰਗ 'ਤੇ ਨਾਰਾਜ਼ਗੀ ਪ੍ਰਗਟਾਈ ਸੀ।

ਉਨ੍ਹਾਂ ਨੇ ਕਿਹਾ ਸੀ ਕਿ ਸੋਸ਼ਲ ਮੀਡੀਆ ਅੱਜ ਗੇਮਿੰਗ, ਕੰਟੈਂਟ ਕ੍ਰਿਏਸ਼ਨ ਅਤੇ ਵੀਡੀਓ ਐਡੀਟਿੰਗ ਵਰਗੇ ਖੇਤਰਾਂ ਵਿੱਚ ਰੋਜ਼ਗਾਰ ਅਤੇ ਪਛਾਣ ਦਾ ਜ਼ਰੀਆ ਬਣ ਚੁੱਕਾ ਹੈ, ਪਰ ਇਸ ਦਾ ਇੱਕ ਨਕਾਰਾਤਮਕ ਪਹਿਲੂ ਟ੍ਰੋਲਿੰਗ ਵੀ ਹੈ। ਸਲਮਾਨ ਨੇ ਸਵਾਲ ਚੁੱਕਿਆ ਸੀ ਕਿ ਕਿਸੇ ਦੂਜੇ ਵਿਅਕਤੀ ਨੂੰ ਅਪਮਾਨਿਤ ਕਰਕੇ ਪੈਸਾ ਕਮਾਉਣ ਦੀ ਲੋੜ ਕਿਉਂ ਪੈਂਦੀ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਸੋਸ਼ਲ ਮੀਡੀਆ 'ਤੇ ਕਿਸੇ ਦੇ ਸਰੀਰ, ਵਜ਼ਨ, ਲੁੱਕਸ, ਪਰਿਵਾਰ, ਉਮਰ, ਮੁਸਕਾਨ, ਕਰੀਅਰ ਜਾਂ ਨਿੱਜੀ ਜ਼ਿੰਦਗੀ ਨੂੰ ਲੈ ਕੇ ਇਤਰਾਜ਼ਯੋਗ ਟਿੱਪਣੀਆਂ ਕਰਦੇ ਹਨ।

ਉਨ੍ਹਾਂ ਨੇ ਟ੍ਰੋਲਰਜ਼ ਤੋਂ ਪੁੱਛਿਆ ਸੀ ਕਿ ਜਿਸ ਵਿਅਕਤੀ ਨੂੰ ਉਹ ਗਾਲਾਂ ਕੱਢ ਰਹੇ ਹਨ, ਉਹ ਨਹੀਂ ਜਾਣਦੇ ਕਿ ਉਹ ਨਿੱਜੀ ਤੌਰ 'ਤੇ ਕਿਹੜੀਆਂ ਹਾਲਤਾਂ ਵਿੱਚੋਂ ਲੰਘ ਰਿਹਾ ਹੈ। ਸਲਮਾਨ ਨੇ ਇਹ ਵੀ ਕਿਹਾ ਸੀ ਕਿ ਟ੍ਰੋਲਰਜ਼ ਨੂੰ ਸੋਚਣਾ ਚਾਹੀਦਾ ਹੈ ਕਿ ਜੇਕਰ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਬਾਰੇ ਅਜਿਹੀ ਟਿੱਪਣੀ ਕੀਤੀ ਜਾਵੇ ਤਾਂ ਉਨ੍ਹਾਂ ਨੂੰ ਕਿਹੋ ਜਿਹਾ ਲੱਗੇਗਾ। ਉਨ੍ਹਾਂ ਨੇ ਦੱਸਿਆ ਸੀ ਕਿ ਉਨ੍ਹਾਂ ਨੂੰ ਵੀ ਸੋਸ਼ਲ ਮੀਡੀਆ 'ਤੇ 'ਬੁੱਢਾ ਹੋ ਗਿਆ' ਵਰਗੀਆਂ ਟਿੱਪਣੀਆਂ ਸੁਣਨ ਨੂੰ ਮਿਲਦੀਆਂ ਹਨ। ਸਲਮਾਨ ਨੇ ਕਿਹਾ ਕਿ 60 ਸਾਲ ਦਾ ਹੋਣਾ ਕੁਦਰਤੀ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਸ਼ੋਅ ਦੇ ਮੰਚ 'ਤੇ ਆਪਣੀ ਟੋਪੀ, ਜੈਕਟ ਅਤੇ ਟੀ-ਸ਼ਰਟ ਲਾਹ ਕੇ ਆਪਣੇ ਐਬਸ ਦਿਖਾਏ ਸਨ।

# ਟੁੱਟਦੇ ਰਿਸ਼ਤੇ ਨਾਤੇ

ਮੋਹ ਦੀਆਂ ਤੰਦਾਂ ਵਿੱਚ ਬੱਝੇ,
ਉਹ ਪਿਆਰੇ ਰਿਸ਼ਤੇ ਨਾਤੇ,
ਦਿਨੋ-ਦਿਨ ਤਿੜਕੇ ਘੜੇ ਵਾਂਗ,
ਕੁਝ ਪਲਾਂ ਵਿੱਚ ਟੁੱਟਦੇ ਜਾਂਦੇ।
ਪਤਾ ਨਹੀਂ ਕਿਉਂ ਮੁੱਕਦੇ ਜਾਂਦੇ ?
ਆਪਣੇ ਹੀ ਆਪਣਿਆਂ ਤੋਂ ਲੁੱਕਦੇ ਜਾਂਦੇ।

ਦੁੱਖ-ਦਰਦ ਜੋ ਕਦੇ,
ਹਿਕਾਂ ਤਾਣ ਸਾਂਝਾ ਹੁੰਦਾ ਸੀ,
ਉਹ ਸਾਂਝੀਵਾਲਤਾ ਦੇ ਪੈਗਾਮ,
ਹੁਣ ਹੌਲੀ-ਹੌਲੀ ਭੁੱਲਦੇ ਜਾਂਦੇ।
ਆਪਣੇ ਹੀ ਆਪਣਿਆਂ ਤੋਂ ਲੁੱਕਦੇ ਜਾਂਦੇ।

ਜਿੱਥੇ ਵੱਸਦਾ ਸੀ ਕਦੇ ਨਿੱਘਾ ਪਿਆਰ,
ਉੱਥੇ ਨੋਟਾਂ ਦੇ ਬਾਜ਼ਾਰ ਸਜਦੇ ਜਾਂਦੇ।
ਜਜ਼ਬਾਤਾਂ ਦੇ ਰਿਸ਼ਤੇ ਹੁਣ,
ਮੋਬਾਈਲ ਸਕਰੀਨ ਤੱਕ ਸਿਮਟੇ ਜਾਂਦੇ।
ਨਿੱਘੇ ਰਿਸ਼ਤਿਆਂ ਦੇ ਉਹ ਵਿਹੜੇ,
ਅੱਜ ਕੱਲ੍ਹ ਸੁੰਨੇ-ਸੁੰਨੇ ਜਾਪਦੇ ਜਾਂਦੇ।

ਵੇਖ ਕੇ ਬਦਲਦੇ ਦਸਤੂਰ,
ਮਾਪਿਆਂ ਦੇ ਵੀ ਸਾਹ ਸੁੱਕਦੇ ਜਾਂਦੇ।
ਧੀ ਦੇ ਵਸਦੇ ਘਰ-ਬਾਰ,
ਕਿਉਂ ਪਲਾਂ ਵਿੱਚ ਉੱਜੜਦੇ ਜਾਂਦੇ ?
ਆਪਣੇ ਹੀ ਆਪਣਿਆਂ ਤੋਂ ਲੁੱਕਦੇ ਜਾਂਦੇ।

ਦਿਨੋਂ-ਦਿਨ ਡੁੱਬਦੇ ਸੂਰਜ ਵਾਂਗ,
ਇਹ ਪਿਆਰ ਛਿਪਦੇ ਜਾਂਦੇ।
ਜਿਵੇਂ ਅੰਬਰ ਦੀ ਹਿੱਕ ਵਿੱਚੋਂ,
ਟੁੱਟਦੇ ਹੋਏ ਤਾਰੇ ਜਾਂਦੇ।
ਮੋਹ ਵਿੱਚ ਬੱਝੇ ਹੋਏ,
ਉਹ ਰਿਸ਼ਤੇ ਨਾਤੇ ਟੁੱਟਦੇ ਜਾਂਦੇ।

ਰੰਗ ਬਿਰੰਗੇ ਰਿਸ਼ਤੇ ਨਾਤਿਆਂ ਦੇ,
ਹੁਣ ਕਿਉਂ ਰੰਗ ਸੁਕਦੇ ਜਾਂਦੇ ?
ਮੁਰਝਾਏ ਹੋਏ ਫੁੱਲਾਂ ਵਾਂਗ,
ਟਾਹਣੀ ਨਾਲੋਂ ਟੁੱਟਦੇ ਜਾਂਦੇ।
ਆਪਣੇ ਹੀ ਆਪਣਿਆਂ ਤੋਂ ਲੁਕਦੇ ਜਾਂਦੇ।

ਪਰਮਬੀਰ ਕੌਰ ਰਿਆੜ

# ਸੰਜੇ ਲੀਲਾ ਭੰਸਾਲੀ ਦੀ ਫ਼ਿਲਮ 'ਚੋਂ Alia Bhatt ਦੀ ਗਲੈਮਰਸ ਝਲਕ ਵਾਇਰਲ

ਸੰਜੇ ਲੀਲਾ ਭੰਸਾਲੀ ਦੀ ਬਹੁ-ਉਡੀਕੀ ਜਾ ਰਹੀ ਫ਼ਿਲਮ 'ਲਵ ਐਂਡ ਵਾਰ' (Love & War) ਦੇ ਨਿਰਮਾਤਾਵਾਂ ਨੇ ਸ਼ੁੱਕਰਵਾਰ ਨੂੰ ਅਦਾਕਾਰਾ ਆਲੀਆ ਭੱਟ ਦੀ ਪਹਿਲੀ ਝਲਕ (ਫ਼ਰਸਟ ਲੁੱਕ ਪੋਸਟਰ) ਜਾਰੀ ਕਰ ਦਿੱਤੀ ਹੈ। ਸਾਲ 2027 ਦੀਆਂ ਸਭ ਤੋਂ ਚਰਚਿਤ ਫ਼ਿਲਮਾਂ ਵਿੱਚੋਂ ਇੱਕ ਮੰਨੀ ਜਾ ਰਹੀ ਇਹ ਫ਼ਿਲਮ ਹਰ ਨਵੇਂ ਪੋਸਟਰ ਨਾਲ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਰਹੀ ਹੈ। ਇਹ ਫ਼ਿਲਮ ਭੰਸਾਲੀ ਦੀਆਂ ਪੁਰਾਤਨ (ਪੀਰੀਅਡ) ਫ਼ਿਲਮਾਂ ਦੀ ਸ਼ੈਲੀ ਤੋਂ ਵੱਖਰੀ ਅਤੇ ਇੱਕ ਸਮਕਾਲੀ ਦੌਰ ਦੀ ਕਹਾਣੀ ਨੂੰ ਦਰਸਾਉਂਦੀ ਹੈ। ਰਣਬੀਰ ਕਪੂਰ ਦੀ ਝਲਕ ਸਾਹਮਣੇ ਆਉਣ ਤੋਂ ਬਾਅਦ ਹੁਣ ਨਿਰਮਾਤਾਵਾਂ ਨੇ ਆਲੀਆ ਭੱਟ ਦਾ ਪੋਸਟਰ ਜਾਰੀ ਕੀਤਾ ਹੈ। ਇਸ ਪੋਸਟਰ ਵਿੱਚ ਆਲੀਆ ਇੱਕ ਗਲੈਮਰਸ ਕੈਬਰੇ-ਪ੍ਰੇਰਿਤ ਅਵਤਾਰ ਵਿੱਚ ਨਜ਼ਰ ਆ ਰਹੀ ਹੈ, ਜੋ ਆਤਮ-ਵਿਸ਼ਵਾਸ, ਖਿੱਚ ਅਤੇ ਪੁਰਾਣੇ ਦੌਰ ਦੀ ਸ਼ਾਨ ਦਾ ਸੁਮੇਲ ਪੇਸ਼ ਕਰਦੀ ਹੈ।

ਪੋਸਟਰ ਵਿੱਚ ਆਲੀਆ ਸਲਿਟ ਸਕਰਟ ਅਤੇ ਖ਼ਾਸ ਹੈੱਡਪੀਸ ਪਹਿਨ ਕੇ ਕੁਰਸੀ 'ਤੇ ਬੈਠੀ ਦਿੱਖ ਰਹੀ ਹੈ,




ਜਦਕਿ ਪਿਛੋਕੜ ਦਾ ਰੈਟਰੋ ਮਾਹੌਲ ਪੋਸਟਰ ਨੂੰ ਹੋਰ ਖ਼ੂਬਸੂਰਤ ਬਣਾਉਂਦਾ ਹੈ। 'ਭੰਸਾਲੀ ਪ੍ਰੋਡਕਸ਼ਨਜ਼' ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ 'ਤੇ ਅਦਾਕਾਰਾ ਦੀ ਇਹ ਪਹਿਲੀ ਝਲਕ ਸਾਂਝੀ ਕੀਤੀ ਹੈ। ਇਸ ਤੋਂ ਪਹਿਲਾਂ ਵੀਰਵਾਰ ਨੂੰ ਨਿਰਮਾਤਾਵਾਂ ਨੇ ਰਣਬੀਰ ਕਪੂਰ ਦਾ ਫ਼ਰਸਟ ਲੁੱਕ ਪੋਸਟਰ ਜਾਰੀ ਕੀਤਾ ਸੀ, ਜਿਸ ਵਿੱਚ ਉਹ ਇੱਕ ਦਮਦਾਰ ਅਤੇ ਰੈਟਰੋ ਅਵਤਾਰ ਵਿੱਚ ਨਜ਼ਰ ਆਏ ਸਨ। ਉਸ ਪੋਸਟਰ ਵਿੱਚ ਰਣਬੀਰ ਇੱਕ ਵਿੰਟੇਜ ਗੱਡੀ ਦੀ ਡਰਾਈਵਿੰਗ ਸੀਟ 'ਤੇ ਬੈਠੇ ਦਿਖਾਈ ਦਿੱਤੇ ਹਨ, ਜਿਨ੍ਹਾਂ ਨੇ ਬਜ਼ ਕੱਟ ਵਾਲੇ ਵਾਲ, ਬਾਰੀਕ ਮੁੱਛਾਂ ਅਤੇ ਗੋਲ ਸਨਗਲਾਸ ਪਾਏ ਹੋਏ ਹਨ।

ਜ਼ਿਕਰਯੋਗ ਹੈ ਕਿ 'ਲਵ ਐਂਡ ਵਾਰ' ਵਿੱਚ ਰਣਬੀਰ ਕਪੂਰ, ਆਲੀਆ ਭੱਟ ਅਤੇ ਵਿੱਕੀ ਕੌਸ਼ਲ ਪਹਿਲੀ ਵਾਰ ਸੰਜੇ ਲੀਲਾ ਭੰਸਾਲੀ ਦੇ ਨਿਰਦੇਸ਼ਨ ਹੇਠ ਇੱਕਠੇ ਕੰਮ ਕਰ ਰਹੇ ਹਨ। ਇਹ ਫ਼ਿਲਮ 21 ਜਨਵਰੀ 2027 ਨੂੰ ਹਿੰਦੀ, ਤਮਿਲ ਅਤੇ ਤੇਲਗੂ ਭਾਸ਼ਾਵਾਂ ਵਿੱਚ ਵਿਸ਼ਵ ਪੱਧਰ 'ਤੇ ਰਿਲੀਜ਼ ਹੋਵੇਗੀ।

# ਲੋਕ ਗੀਤ ਐਂਟਰਟੇਨਮੇਂਟ ਵੱਲੋਂ ਉੱਘੇ ਗਾਇਕ "ਹਰਵਿੰਦਰ ਹੈਰੀ" ਦਾ ਨਵਾਂ ਰੋਮਾਂਟਿਕ ਟਰੈਕ "ਨਾਰੇ" ਵਿਸ਼ਵ ਭਰ ਵਿੱਚ ਰਿਲੀਜ਼




ਪੰਜਾਬ ਦੀ ਪ੍ਰਸਿੱਧ ਆਡੀਓ ਕੰਪਨੀ "ਲੋਕ ਗੀਤ ਐਂਟਰਟੇਨਮੇਂਟ" ਵੱਲੋਂ ਆਏ ਦਿਨ ਵਧੀਆ ਵਧੀਆ ਗੀਤ, ਪੰਜਾਬ ਦੀਆਂ ਵਧੀਆ ਅਵਾਜ਼ਾਂ ਵਿੱਚ ਰਿਕਾਰਡ ਕਰਕੇ ਆਪਣੇ ਦਰਸ਼ਕਾਂ ਅਤੇ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕੀਤੇ ਕੀਤੇ ਜਾ ਰਹੇ ਹਨ। ਇਸੇ ਕੜੀ ਦੇ ਤਹਿਤ ਹਾਲ ਹੀ ਵਿੱਚ ਪੰਜਾਬ ਦੇ ਚੋਟੀ ਦੇ ਗੀਤਕਾਰ ਤੇ ਪੇਸ਼ਕਾਰ "ਭੱਟੀ ਭੜੀਵਾਲਾ" ਦੀ ਪੇਸ਼ਕਸ ਥੱਲੇ ਉੱਘੇ ਗਾਇਕ "ਹਰਵਿੰਦਰ ਹੈਰੀ" ਦਾ ਗਾਇਆ ਇੱਕ ਬਹੁਤ ਹੀ ਮਿੱਠਾ ਤੇ ਰੋਮਾਂਟਿਕ ਗੀਤ "ਨਾਰੇ" ਦੁਨੀਆਂ ਭਰ ਦੇ ਸਾਰੇ ਚੋਟੀ ਦੇ ਡਿਜਿਟਲ ਪਲੈਟਫਾਰਮਾਂ ਆਈ ਟਿਊਨ, ਜੀਓ ਸਾਵਨ, ਹੰਗਾਮਾ, ਸਪੋਟੀਫਾਈ ਵਰਗੀਆਂ 150 ਤੋਂ ਉੱਪਰ ਸਾਈਟਾਂ ਅਤੇ ਯੂ ਟਿਊਬ ਤੇ ਰਿਲੀਜ਼ ਕੀਤਾ ਜਾ ਚੁੱਕਾ ਹੈ।

ਇਸ ਗੀਤ ਬਾਰੇ ਗੱਲਬਾਤ ਕਰਦਿਆਂ ਭੱਟੀ ਭੜੀ ਵਾਲਾ ਨੇ ਦੱਸਿਆ ਕਿ "ਨਾਰੇ" ਗੀਤ ਨੂੰ ਸੁਰੀਲੀ ਤੇ ਮਿੱਠੀ ਰਸ ਭਰੀ ਆਵਾਜ਼ ਦੇ ਮਾਲਕ ਗਾਇਕ "ਹਰਵਿੰਦਰ ਹੈਰੀ" ਨੇ ਬਹੁਤ ਹੀ ਰੂਹ ਨਾਲ ਗਾਇਆ ਹੈ। ਗੀਤ ਦਾ ਇੱਕ ਇੱਕ ਬੋਲ ਸੁਣਨ ਵਾਲਾ ਹੈ ਜੋ ਪਿਆਰ ਵਿੱਚ ਭਿੱਜੇ ਦਿਲਾਂ ਦੀਆਂ ਭਾਵਨਾਵਾਂ ਨੂੰ ਸਮਰਪਿਤ ਹੈ। ਇਸ ਬਹੁਤ ਖ਼ੂਬਸੂਰਤ "ਨਾਰੇ" ਗੀਤ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਫ਼ਿਲਮਾਇਆ ਹੈ ਬਹੁਤ ਮਸ਼ਹੂਰ ਵੀਡੀਓ ਡਾਇਰੈਕਟਰ "ਬੌਬੀ ਬਾਜਵਾ" ਨੇ। ਇਸ ਗੀਤ ਦੇ ਫ਼ਿਲਮਾਂਕਣ ਵਿੱਚ ਡੀ.ਓ.ਪੀ. ਸ਼ੈਲੀ ਧੀਮਾਨ ਨੇ ਬਹੁਤ ਮਿਹਨਤ ਨਾਲ ਕੰਮ ਕੀਤਾ ਹੈ। ਇਸ ਗੀਤ ਦਾ ਸੰਗੀਤ ਤਿਆਰ ਕੀਤਾ ਹੈ ਉੱਘੇ ਸੰਗੀਤਕਾਰ " ਰੋਮੀ ਸਿੰਘ ਨੇ। ਇਸ ਵੀਡੀਓ ਵਿੱਚ ਬਹੁਤ ਸੋਹਣੇ ਨੌਜਵਾਨ ਮਾਡਲ ਪਰਮਵੀਰ ਸਿੰਘ ਅਤੇ ਜਸਲੀਨ ਕੌਰ ਨੇ ਬਹੁਤ ਵਧੀਆ ਕੰਮ ਕੀਤਾ ਹੈ। "ਭੱਟੀ ਭੜੀ ਵਾਲਾ ਦੀ ਪੇਸ਼ਕਸ਼ ਥੱਲੇ ਇਹ ਟਰੈਕ" ਲੋਕ ਗੀਤ ਐਂਟਰਟੇਨਮੇਂਟ" ਵੱਲੋਂ ਬੜੀ ਧੂਮ ਧਾਮ ਨਾਲ ਰਿਲੀਜ਼ ਕੀਤਾ ਗਿਆ ਹੈ। ਸਾਰੀਆਂ ਡਿਜਿਟਲ ਸਾਈਟਾਂ ਅਤੇ ਯੂ ਟਿਊਬ ਉੱਤੇ ਰਿਲੀਜ਼ ਹੋਏ ਇਸ ਟਰੈਕ ਨੂੰ ਦੁਨੀਆਂ ਭਰ ਵਿੱਚ ਰੱਜਵਾਂ ਹੁੰਗਾਰਾ ਤੇ ਪਿਆਰ ਮਿਲ ਰਿਹਾ ਹੈ।

LEGAL & BUSINESS SOLUTIONS FOR NRI'S
Property • Family • Business • Taxation Matters
ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# —ਚੂੜਾ—

ਵਿਆਹ ਕਰਕੇ ਮੈਂ ਦੋ ਮਹੀਨਿਆਂ ਦੀ ਛੁੱਟੀ ’ਤੇ ਸੀ। ਅੱਜ ਜਦੋਂ ਮੈਂ ਦਫਤਰ ਗਈ ਤਾਂ ਮੇਰੇ ਵਾਪਸ ਆਉਣ ਦੀ ਖੁਸ਼ੀ ਵਿੱਚ ਸਾਰਿਆਂ ਨੇ ਚਾਹ-ਪਾਰਟੀ ਰੱਖੀ ਹੋਈ ਸੀ। ਬਾਕੀ ਸਾਰਾ ਸਟਾਫ ਤਾਂ ਉਹੀ ਸੀ, ਪਰ ਉਹਨਾਂ ਵਿੱਚ ਇੱਕ ਚਿਹਰਾ ਨਵਾਂ ਸੀ। ਉਸ ਨੇ ਪਿਛਲੇ ਮਹੀਨੇ ਹੀ ਮਾਰਕਿਟਿੰਗ ਵਿਭਾਗ ਵਿੱਚ ਜੁਆਇਨ ਕੀਤਾ ਸੀ। ਪਤਾ ਨਹੀਂ ਕਿਉਂ, ਪਰ ਮੈਨੂੰ ਉਸ ਦੀ ਤੱਕਣੀ ਕੁਝ ਅਜੀਬ ਜਿਹੀ ਲੱਗੀ। ਚਾਹ ਪੀ ਕੇ ਅਸੀਂ ਕੁਝ ਇੱਧਰ-ਉੱਧਰ ਦੀਆਂ ਗੱਲਾਂ ਕੀਤੀਆਂ ਅਤੇ ਆਪਣੇ-ਆਪਣੇ ਕੰਮ ਵਿੱਚ ਲੱਗ ਗਏ। ਪਰ ਉਹ ਤਕਰੀਬਨ ਚੁੱਪ-ਚਾਪ ਹੀ ਰਿਹਾ, ਹਾਂ ਮੇਰੇ ਵੱਲ ਤੱਕਦਾ ਜ਼ਰੂਰ ਰਿਹਾ।



ਮੈਨੂੰ ਲੱਗਾ ਕਿ ਸ਼ਾਇਦ ਮੈਂ ਉਸ ਲਈ ਨਵੀਂ ਹਾਂ, ਇਸ ਕਰਕੇ ਦੇਖ ਰਿਹਾ ਹੋਵੇਗਾ, ਪਰ ਉਸ ਨੇ ਤਾਂ ਇਹ ਨਿੱਤ ਦਾ ਕੰਮ ਹੀ ਬਣਾ ਲਿਆ। ਉਸ ਦੀਆਂ ਨਜ਼ਰਾਂ ਹਰ ਪਲ ਮੇਰਾ ਹੀ ਪਿੱਛਾ ਕਰਦੀਆਂ ਰਹਿੰਦੀਆਂ। ਹੁਣ ਮੈਨੂੰ ਉਸ ਤੋਂ ਅਜੀਬ ਜਿਹਾ ਡਰ ਲੱਗਣ ਲੱਗ ਪਿਆ ਸੀ।

ਪਿਛਲੇ ਹਫਤੇ ਦੀ ਗੱਲ ਹੈ। ਜਦੋਂ ਮੈਂ ਦਫਤਰ ਤੋਂ ਬਾਹਰ ਆ ਕੇ ਬੱਸ ਸਟੈਂਡ ਵੱਲ ਗਈ ਤਾਂ ਉਹ ਉੱਥੇ ਹੀ ਖੜ੍ਹਾ ਸੀ। ਮੇਰੀ ਹੀ ਬੱਸ ਵਿੱਚ ਉਹ ਵੀ ਚੜ੍ਹ ਗਿਆ।

ਹੁਣ ਤਾਂ ਗੱਲ ਮੈਨੂੰ ਵੱਸੋਂ ਬਾਹਰ ਦੀ ਲੱਗੀ, ਕਿਉਂਕਿ ਉਹ ਤਾਂ ਆਮ ਤੌਰ ’ਤੇ ਮੇਰੇ ਤੋਂ ਪਹਿਲਾਂ ਦਫਤਰ ਵਿੱਚੋਂ ਨਿਕਲ ਜਾਂਦਾ ਸੀ। ਮੈਂ ਹੀ ਦਸ-ਪੰਦਰਾਂ ਮਿੰਟ ਲੇਟ ਹੁੰਦੀ ਸੀ, ਕਿਉਂਕਿ ਮੈਨੂੰ ਸਾਰੇ ਦਿਨ ਦਾ ਹਿਸਾਬ-ਕਿਤਾਬ ਕਰਕੇ ਆਉਣਾ ਹੁੰਦਾ ਸੀ। ਫਿਰ ਉਹ ਇੰਨੀ ਦੇਰ ਮੇਰੇ ਇੰਤਜ਼ਾਰ ਵਿੱਚ ਕਿਉਂ ਖੜ੍ਹਾ ਰਿਹਾ? ਇਸ ਸਵਾਲ ਦੇ ਜਵਾਬ ਵਿੱਚ ਦਿਮਾਗ ਵਿੱਚ ਅਜੀਬੋ-ਗਰੀਬ ਖਿਆਲ ਆਉਣ ਲੱਗ ਪਏ। ਸਾਰੀ ਰਾਤ ਮੈਨੂੰ ਨੀਂਦ ਨਾ ਆਈ।

ਪਹਿਲਾਂ ਸੋਚਿਆ ਕਿ ਇਹਨਾਂ ਨਾਲ ਗੱਲ ਕਰਾਂ, ਪਰ ਫਿਰ ਮਨ ਵਿੱਚ ਡਰ ਆ ਗਿਆ ਕਿ ਕਿਤੇ ਮੈਨੂੰ ਹੀ ਗਲਤ ਨਾ ਸਮਝ ਲੈਣ। ਅਜੇ ਰਿਸ਼ਤਾ ਵੀ ਨਵਾਂ-ਨਵਾਂ ਸੀ ਅਤੇ ਮੈਨੂੰ ਇਹਨਾਂ ਦੇ ਸੁਭਾਅ ਬਾਰੇ ਵੀ ਬਹੁਤਾ ਪਤਾ ਨਹੀਂ ਸੀ।

ਇਸੇ ਉਧੇੜ-ਬੁਣ ਵਿੱਚ ਕਈ ਦਿਨ ਲੰਘ ਗਏ। ਨਾ ਤਾਂ ਮੇਰੀ ਉਸ ਨਾਲ ਗੱਲ ਕਰਨ ਦੀ ਹਿੰਮਤ ਪਈ ਅਤੇ ਨਾ ਹੀ ਕਿਸੇ ਹੋਰ ਨਾਲ। ਜਦੋਂ ਉਹ ਦੇਖਦਾ ਤਾਂ ਮੈਨੂੰ ਬਹੁਤ ਗੁੱਸਾ ਆਉਂਦਾ। ਲੱਗਦਾ ਕਿ ਕਿੰਨਾ ਬੇਸ਼ਰਮ ਹੈ — ਨਾ ਤਾਂ ਇਸ ਨੂੰ ਆਪਣੀ ਉਮਰ ਦਿੱਖਦੀ ਹੈ, ਮੇਰੇ ਤੋਂ ਤਾਂ ਤਿੰਨ-ਚਾਰ ਸਾਲ ਛੋਟਾ ਹੀ ਹੋਵੇਗਾ, ਤੇ ਨਾ ਹੀ ਮੇਰੇ ਹੱਥਾਂ ਵਿੱਚ ਪਾਇਆ ਚੂੜਾ ਦਿੱਖਦਾ ਹੈ।

ਉਂਝ ਉਹ ਕਦੇ ਮੈਨੂੰ ਬੁਲਾਉਂਦਾ ਨਹੀਂ ਸੀ। ਬੱਸ ਵਿੱਚ ਵੀ, ਸਰਦੀਆਂ ਦੇ ਦਿਨ ਹੋਣ ਕਰਕੇ, ਜ਼ਿਆਦਾ ਭੀੜ ਹੋ ਜਾਂਦੀ ਸੀ ਅਤੇ ਕਈ ਵਾਰ ਕੋਈ ਨਾ ਕੋਈ ਸ਼ਰਾਬੀ ਵੀ ਹੁੰਦਾ ਸੀ, ਪਰ ਉਹ ਢਾਲ ਬਣ ਕੇ ਮੈਨੂੰ ਭੀੜ ਤੋਂ ਬਚਾ ਕੇ ਰੱਖਦਾ। ਪਰ ਉਸ ਦੀ ਇਹ ਮਿਹਰਬਾਨੀ ਵੀ ਮੈਨੂੰ ਚੰਗੀ ਨਾ ਲੱਗਦੀ।

ਆਖ਼ਰ ਮੈਂ ਆਪਣੀ ਸਹੇਲੀ ਨਾਲ ਇਹ ਗੱਲ ਸਾਂਝੀ ਕੀਤੀ ਤਾਂ ਉਸ ਨੇ ਮੈਨੂੰ ਹੋਰ ਵੀ ਡਰਾ ਦਿੱਤਾ ਕਿ ਅਜਿਹੇ ਸਿਰਫ਼ਰੇ ਖਤਰਨਾਕ ਹੋ ਸਕਦੇ ਹਨ, ਦੂਰ ਹੀ ਰਹੀਂ ਉਸ ਤੋਂ। ਉਸਨੇ ਕਿੰਨੇ ਹੀ ਵਾਕਿਏ ਗਿਣਾ ਦਿੱਤੇ ਇਹੋ ਜਿਹੇ ਸਿਰਫ਼ਰਿਆਂ ਦੇ।

ਉਸਦੇ ਨਾਲ ਗੱਲ ਕਰਕੇ ਤਾਂ, ਹੁਣ ਤਾਂ ਮੇਰੀ ਹਾਲਤ ਹੋਰ ਵੀ ਬੁਰੀ ਹੋ ਗਈ ਸੀ। ਸਮਝ ਨਹੀਂ ਆਉਂਦੀ ਸੀ ਕਿ ਕੀ ਕਰਾਂ। ਫਿਰ ਉਹ ਅਗਲੇ ਦਿਨ ਦਫਤਰ ਨਹੀਂ ਆਇਆ, ਨਾ ਹੀ ਉਸ ਤੋਂ ਅਗਲੇ ਦਿਨ। ਮਨ ਵਿੱਚ ਖਿਆਲ ਆਉਣ ਲੱਗੇ ਕਿ ਕਿਤੇ ਮੇਰੇ ਲਈ ਕੋਈ ਸਾਜ਼ਿਸ਼ ਤਾਂ ਨਹੀਂ ਕਰ ਰਿਹਾ। ਬੱਸ ਵਿੱਚ ਜਾਣ ਤੋਂ ਵੀ ਮਨ ਘਬਰਾਉਣ ਲੱਗ ਪਿਆ ਸੀ।

ਅਗਲੇ ਦਿਨ ਉਹ ਸਵੇਰੇ ਹੀ ਮੈਨੂੰ ਮੇਰੇ ਕੈਬਿਨ ਵੱਲ ਆਉਂਦਾ ਦਿਖਿਆ। ਉਸ ਨੂੰ ਦੇਖ ਕੇ ਹੀ ਮੈਨੂੰ ਘਬਰਾਹਟ ਹੋਣ ਲੱਗ ਪਈ। ਉਸ ਦੇ ਹੱਥ ਵਿੱਚ ਮਠਿਆਈ ਵਾਲਾ ਡੱਬਾ ਸੀ। ਆਉਂਦਿਆਂ ਹੀ ਉਸ ਨੇ ਉਹ ਮੇਰੇ ਅੱਗੇ ਕਰ ਦਿੱਤਾ ਅਤੇ ਕਿਹਾ ਕਿ ਅੱਜ ਉਸ ਦੀ ਭੈਣ ਦਾ ਜਨਮਦਿਨ ਹੈ ਅਤੇ ਉਹ ਗੁਰੂਘਰ ਅਰਦਾਸ ਕਰਵਾ ਕੇ ਆਇਆ ਹੈ।

ਮੈਂ ਬਰਫੀ ਦਾ ਟੁਕੜਾ ਚੁੱਕਿਆ ਅਤੇ ਆਪਣੀ ਘਬਰਾਹਟ ਲਕਾਉਂਦਿਆਂ ਉਸ ਨੂੰ ਵਧਾਈ ਦਿੱਤੀ ਅਤੇ ਕਿਹਾ, “ਮੇਰੀਆਂ ਸ਼ੁਭਕਾਮਨਾਵਾਂ ਆਪਣੀ ਭੈਣ ਤੱਕ ਪਹੁੰਚਾ ਦੇਵੀਂ।”

ਇੰਨਾ ਸੁਣਦੇ ਹੀ ਉਸ ਦਾ ਚਿਹਰਾ ਮੁਰਝਾ ਗਿਆ ਅਤੇ ਅੱਖਾਂ ਵਿੱਚ ਨਮੀ ਆ ਗਈ।

“ਉਹ ਤਾਂ ਹੁਣ ਮੇਰੀਆਂ ਤੇ ਤੁਹਾਡੀਆਂ ਸ਼ੁਭਕਾਮਨਾਵਾਂ ਤੋਂ ਬਹੁਤ ਦੂਰ ਚਲੀ ਗਈ ਹੈ। ਪਰਸੋਂ ਹੀ ਉਸ ਦਾ ਸਵਾ ਸਾਲ ਵਾਲਾ ਭੋਗ ਸੀ।”

ਉਸ ਦੀ ਇੰਨੀ ਗੱਲ ਸੁਣ ਕੇ ਮੇਰਾ ਸਰੀਰ ਜਿਵੇਂ ਸੁੰਨ ਹੋ ਗਿਆ।

“ਤੁਸੀਂ ਵੀ ਪਤਾ ਨਹੀਂ ਮੇਰੇ ਬਾਰੇ ਕੀ ਸੋਚਦੇ ਹੋਵੋਗੇ। ਅਸਲ ਵਿੱਚ ਜਿਸ ਦਿਨ ਤੁਸੀਂ ਦਫਤਰ ਆਏ ਸੀ, ਨੀਲੇ ਸੂਟ ਤੇ ਲਾਲ ਚੂੜੇ ਵਿੱਚ ਬਿਲਕੁਲ ਮੇਰੀ ਭੈਣ ਵਰਗੇ ਲੱਗੇ। ਇੱਕ ਪਲ ਲਈ ਤਾਂ ਲੱਗਿਆ ਕਿ ਉਹੀ ਮੇਰੇ ਸਾਹਮਣੇ ਆ ਕੇ ਖੜ੍ਹ ਗਈ ਹੈ।

ਆਖ਼ਰੀ ਵਾਰ ਜਦੋਂ ਮਿਲੀ ਸੀ ਤਾਂ ਉਸ ਨੇ ਵੀ ਨੀਲਾ ਸੂਟ ਅਤੇ ਹੱਥਾਂ ਵਿੱਚ ਚੂੜਾ ਪਾਇਆ ਹੋਇਆ ਸੀ। ਉਸ ਦਿਨ ਵੀ ਉਹ ਦੱਸਦੀ ਰਹੀ ਕਿ ਕਿਵੇਂ ਸਹੁਰੇ ਹਰ ਨਿੱਕੀ-ਨਿੱਕੀ ਗੱਲ ’ਤੇ ਤਾਹਨੇ ਦਿੰਦੇ ਹਨ। ਪਰ ਮੰਮੀ-ਡੈਡੀ ਨੇ ਸਮਝਾਇਆ ਕਿ ਨਵੇਂ ਮਾਹੌਲ ਵਿੱਚ ਢਲਣ ਲਈ ਕਈ ਵਾਰ ਸਮਾਂ ਲੱਗ ਜਾਂਦਾ ਹੈ, ਹੌਲੀ-ਹੌਲੀ ਸਭ ਠੀਕ ਹੋ ਜਾਵੇਗਾ।

ਪਰ ਉਹ ਆਖ਼ਰੀ ਦਿਨ ਸੀ ਜਿਸ ਦਿਨ ਅਸੀਂ ਉਸ ਨੂੰ ਦੇਖਿਆ ਸੀ। ਫਿਰ ਤਾਂ ਬੱਸ ਫ਼ੋਨ ਹੀ ਆਇਆ। ਸਾਡੇ ਪਹੁੰਚਣ ਤੱਕ ਤਾਂ ਉਸ ਦਾ ਸਸਕਾਰ ਵੀ ਹੋ ਚੁੱਕਾ ਸੀ। ਉਸ ਦਾ ਰੰਗਲਾ ਚੂੜਾ ਸੜ ਕੇ ਸਵਾਹ ਹੋ ਗਿਆ ਸੀ।” ਇਹ ਕਹਿ ਕੇ ਉਹ ਹੁੱਬਕੀਆਂ ਮਾਰ-ਮਾਰ ਕੇ ਰੋਣ ਲੱਗ ਪਿਆ।

ਮੇਰੀਆਂ ਅੱਖਾਂ ਵਿੱਚ ਸ਼ਾਇਦ ਪਛਤਾਵੇ ਦੇ ਹੰਝੂ ਸਨ ਅਤੇ ਅਗਲੇ ਹੀ ਪਲ ਮੈਂ ਆਪਣੇ ਛੋਟੇ ਵੀਰ ਨੂੰ ਗਲ ਲਾ ਕੇ ਚੁੱਪ ਕਰਵਾ ਰਹੀ ਸੀ।

ਕਹਾਣੀਕਾਰਾ- ਹਰਪ੍ਰੀਤ ਬਰਾੜ ਸਿੱਧੂ

# ਕਰਮਾਂ ਸੜੀ

ਮੱਗੂ ਕਿਆਂ ਦੀ ਨੂੰਹ ਕੁਲਜੀਤ ਨੂੰ ਕੋਈ ਨੌਂ ਕੁ ਵਰ੍ਹੇ ਹੋ ਗਏ ਨੇ ਮੇਰੇ ਪਿੰਡ ਵਿਆਹੀ ਨੂੰ। ਵਿਆਹ ਵੇਲੇ ਉਮਰ ਕੋਈ ਬਹੁਤੀ ਨਹੀਂ ਸੀ ਓਹਦੀ, ਤਕਰੀਬਨ 21 ਕੁ ਵਰ੍ਹਿਆਂ ਦੀ ਹੋਵੇਗੀ।

ਕਾਲਜ ਦੀ ਪੜ੍ਹਾਈ ਦੂਜੇ ਵਰ੍ਹੇ 'ਚ ਸੀ ਅਜੇ ਜੋ ਵਿਆਹ ਮਗਰੋਂ ਵਿੱਚੇ ਛੱਡੀ ਗਈ। ਘਰਵਾਲਾ ਵੇਹਲੜ ਨਿਕਲਿਆ ਤੇ ਸਿਰੇ ਦਾ ਸ਼ਰਾਬੀ। ਸਹੁਰਾ ਦੁਨੀਆਂ ਤੋਂ ਚੱਲ ਵੱਸਿਆ ਤੇ ਸੱਸ ਜਿਵੇਂ ਖਸਮ ਤੇ ਮੁੰਡੇ ਦਾ ਹੌਕਾ ਜਿਹਾ ਲੈਕੇ ਮੰਜੇ ਜੋਗੀ ਹੋਈ ਪਈ ਹੋਵੇ।

ਘਰ ਦਾ ਤੋਰੀ-ਫੁਲਕਾ ਚਲਾਉਣ ਲਈ ਕੁਲਜੀਤ ਦਿਨੇ ਆੜ੍ਹਤੀਆਂ ਦੇ ਸਕੂਲ ਕੰਮ ਕਰਦੀ ਤੇ ਸ਼ਾਮੀਂ ਉਹਨੇ ਡੰਗਰਾਂ ਜੋਗਾ ਘਾਹ ਵੱਢ ਕੇ ਲਿਆਉਣਾ । ਜ਼ਿੰਦਗੀ ਨਾਲ ਘੋਲ ਕਰਦੀ ਨੇ ਕਦੇ ਆਖਣਾ ਕਿ ਮੈਂ ਤਾਂ ਕਰਮਾਂ ਸੜੀ ਆ...

ਇੱਕ ਦਿਨ ਸਿਰ ਤੇ ਬਾਲਣ ਦੀ ਪੰਡ ਚੁੱਕੀ ਤੁਰੀ ਆਵੇ ਸੜ੍ਹਕ ਵੱਲ। ਨਾਲ ਗੁਆਢਣਾਂ ਵੀ ਨੇ ਦੋ। ਅੱਗੇ ਭੇਡਾਂ ਦਾ ਵਾਹਵਾ ਵੱਡਾ ਇੱਜੜ ਹੋਣ ਕਰਕੇ ਸੜ੍ਹਕ ਤੋਂ ਲੰਘ ਰਹੀਆਂ ਗੱਡੀਆਂ ਨੂੰ ਖਲ੍ਹਾਰ ਜਹੀ ਪੈ ਗਈ। ਗੱਡੀਆਂ ਕੋਲੋਂ ਬਾਲਣ ਚੁੱਕੀ ਤਿੰਨੋਂ ਲੰਘਾਊ ਹੋਈਆ ਈ ਸੀ ਕਿ ਕੋਲ ਨੀਲੀ ਬੱਤੀ ਆਲੀ ਗੱਡੀ ਤੇ ਪੁਲਸੀਆਂ ਵਾਲੀ ਪਾਇਲਟ ਗੱਡੀ ਵੀ ਪਿੱਛਾਂਹ ਮੁੜ ਆਈਆ।

ਆਹ ਪਿਛਾਂਹ ਮੁੜ ਆਏ, ਮੁੱਖੇ ਨੇ ਰਾਹ ਤਾਂ ਦੇਤਾ ਸੀ... ਆਪੋ 'ਚ ਗੱਲਾਂ ਕਰਦੀਆਂ, ਤੁਰੀਆਂ ਜਾਂਦੀਆਂ ਕੋਲ ਆ ਖੜ੍ਹੀ ਨੀਲੀ ਬੱਤੀ ਵਾਲੀ ਗੱਡੀ ਦੀ ਤਾਕੀ ਖੋਲ ਬਾਹਰ ਨਿਕਲਦਿਆਂ ਕਿਸੇ ਕੁੜੀ ਨੇ ਅਵਾਜ਼ ਮਾਰੀ...ਕੁਲਜੀਤ...

ਗੱਡੀ 'ਚੋਂ ਨਿੱਕਲੀ ਅਫ਼ਸਰ ਬੀਬੀ ਨੂੰ ਦੇਖ ਕੁਲਜੀਤ ਦੀਆਂ ਤਾਂ ਜਿਵੇਂ ਅੱਖਾਂ ਖੜ੍ਹ ਗਈਆ। ਸਿਰੋਂ ਬਾਲਣ ਵਾਲੀ ਪੰਡ ਹੇਠਾਂ ਸਿੱਟੀ ਤੇ ਦੋਹਾਂ 'ਚ ਘੁੱਟ ਗਲਵੱਕੜੀ ਪੈ ਗਈ। ਵਾਹਵਾ ਚਿਰ ਗਲਵੱਕੜੀ ਨਾ ਛੱਡੀ ਤੇ ਡਾਹਡਾ ਰੋਈਅਓ ਦੋਵੇਂ। "ਤੂੰ ਤੇ ਕਮਲੀਏ ਦੱਸਿਆ ਵੀ ਨਾ ਕਿ ਕਿੱਥੇ ਰਹਿਨੀ ਵੱਸਦੀ ਸੈਂ..." ਅਫ਼ਸਰ ਬੀਬੀ ਨੇ ਕੁਲਜੀਤ ਨੂੰ ਆਖਿਆ।

ਪਿਓ ਹੋਰਾਂ ਮਾਰ ਦੇਣੀ ਸੀ, ਜੇ ਦੱਸ ਕੇ ਜਾਂਦੇ ਕਿ ਕਿੱਥੇ ਰਹਾਂਗੇ, ਕੁਲਜੀਤ ਨੇ ਮੋੜਵਾਂ ਉੱਤਰ ਦਿੱਤਾ। ਵੱਡੀ ਅਫ਼ਸਰ ਲੱਗ ਗੀ ਏਂ ਕੋਈ,,,ਹਾਂ, ਡੀ.ਸੀ. ਆ ਏਸੇ ਜਿਲ੍ਹੇ ਦੀ, ਭੈਣ ਕੁਲਜੀਤ ਦੇ ਸੁਆਲ ਦਾ ਜੁਆਬ ਦਿੰਦਿਆਂ ਡਿਪਟੀ ਕਮਿਸ਼ਨਰ ਮਨਦੀਪ ਕੌਰ ਨੇ ਆਖਿਆ। 5-7 ਮਿੰਟ ਦੁੱਖ-ਸੁੱਖ ਕੀਤਾ ਤੇ ਮਨਦੀਪ ਆਖਿਆ, ਵੋਟਾਂ ਨੇ, ਮੰਤਰੀ ਆ ਰਿਹੈ ਦਿੱਲੀਓਂ, ਆਵਾਂਗੀ ਵੋਟਾਂ ਤੋਂ ਬਾਅਦ ਤੇਰੇ ਕੋਲ...

ਦੁਬਾਰੇ ਮਿਲੀਆਂ ਤੇ ਮਨਦੀਪ ਮੁੜ ਗੱਡੀ 'ਚ ਬਹਿ ਡਿਊਟੀ ਨੂੰ ਤੁਰ ਪਈ।

ਅੱਖੀਓਂ ਓਹਲੇ ਹੋਣ ਤੱਕ ਕਾਫ਼ਲੇ ਦੀਆਂ ਗੱਡੀਆਂ ਵੇਹਦੀ ਰਹੀ ਤੇ ਕੁਲਜੀਤ ਸੁੰਨ ਹੋ ਭੁੰਜੇ ਜਾ ਬੈਠੀ। ਨਾਲਦੀਆਂ ਪੁੱਛਿਆ, ਕੌਣ ਸੀ, ਕੋਈ ਮਾਮੇ-ਭੂਆ ਦੀ ਧੀ ਸੀ ਕਿ ਕੋਈ ਹੋਰ?

ਸਕੀ ਭੈਣ ਊ ਮੇਰੀ, ਕੁਲਜੀਤ ਆਖਿਆ,
ਸਾਲ ਵੱਡੀ ਮੈਥੋਂ, ਇੱਕੋ ਢਿੱਡੋਂ ਜੰਮੀਆਂ ਅਸੀਂ...।
ਕਰਮਾਂ ਸੜੀ ਨਹੀਂ ਮੈਂ ਜਿੰਦੀਏ, ਅਕਲੋਂ ਸੜੀਂ ਆ...।

ਵਿਆਹ ਮੇਰਾ ਘਰਦਿਆਂ ਦੀ ਮਰਜ਼ੀ ਨਾਲ ਨਹੀਂ ਸੀ ਹੋਇਆ, ਘਰੋਂ ਭੱਜ ਕੇ ਜਗਦੀਪ ਨਾਲ ਵਿਆਹ ਕਰਵਾਇਆ ਸੀ। ਨਖੱਟੂ ਨਿਕਲਿਆ। ਜੋ ਰੂਪ ਏਹਨੇ ਵਿਆਹ ਤੋਂ ਪਹਿਲਾਂ ਵਿਖਾਇਆ, ਓਹ ਤਾਂ ਚਾਰ ਮਹੀਨੇ ਵੀ ਨਹੀਂ ਰਿਹਾ। ਨਾ ਫਿਰ 'ਗਾਂਹ ਜੋਗੀ ਨਾ ਪਿਛਾਂਹ ਜੋਗੀ...।

ਭੈਣ ਨੂੰ ਮੈਂ ਪੜ੍ਹਾਉਂਦੀ ਹੁੰਦੀ ਸਾਂ, ਨਾ ਭਟਕਦੀ ਤਾਂ ਖਬਰੇ ਮੈਂ ਵੀ ਅੱਜ ਬਾਲਣ ਨਾ ਚੁਗਦੀ ਹੁੰਦੀ, ਕੋਈ ਅਫ਼ਸਰ ਹੁੰਦੀ...।

ਬਾਲਣ ਦੀ ਪੰਡ ਹੁਣ ਉਸਨੂੰ ਪੱਥਰਾਂ ਵਾਂਗ ਭਾਰੀ ਲੱਗ ਰਹੀ ਸੀ।

ਲਿਖਤ- ਸੁਖਜੀਤ_ਸਿੰਘ



# ਆਟੇ ਨਾਲ ਲਿੱਬੜੀ ਡੱਬੀ



ਵਿਆਹ ਨੂੰ ਅਜੇ ਪੰਜ ਮਹੀਨੇ ਨਹੀਂ ਬੀਤੇ ਸਨ ਕੇ ਦੀਪੋ ਦਾ ਪਤੀ ਜਹਾਜ਼ ਚੜ੍ਹ ਮੁੜ ਵਿਦੇਸ਼ ਚਲਾ ਗਿਆ। ਉਂਝ ਸਭ ਪਰਿਵਾਰ ਖੁਸ਼ ਸੀ ਕੇ ਮੁੰਡਾ ਸੋਹਣਾ ਸੁਨੱਖਾ ਤੇ ਬਾਹਰਲੇ ਮੁਲਕ ਕਮਾ ਵੀ ਚੰਗਾ ਲੈਂਦਾ ਹੈ ।

ਦੀਪੋ ਦਾ ਹਾਰ ਸ਼ਿੰਗਾਰ ਦਿਨੋ ਦਿਨ ਵੱਧਦਾ ਰਿਹਾ, ਸੱਸ ਬਹੁਤ ਪਿਆਰ ਕਰਦੀ ਸੀ ਦੀਪੋ ਨੂੰ। ਵਿਹੜੇ ਮੁਹੱਲੇ ਔਰਤਾਂ ਵਿੱਚ ਆਪਣੀ ਸੁਨੱਖੀ ਨੂੰਹ ਦੀਆਂ ਸਿਫ਼ਤਾਂ ਕਰਦੀ ਨਹੀਂ ਸੀ ਥੱਕਦੀ।

ਸਮਾਂ ਬੀਤਦਾ ਗਿਆ ਚਾਰ ਸਾਲਾਂ ਵਿੱਚ ਕਦੇ ਕਦੇ ਫੋਨ ਵੀ ਆ ਜਾਂਦਾ ਮੋਬਾਇਲ ਨਹੀਂ ਸੀ ਹੁੰਦੇ ਉਹਨਾਂ ਦਿਨਾਂ ਵਿੱਚ ਦੀਪੋ ਖੁੱਲ ਕੇ ਆਪਣੇ ਪਤੀ ਨਾਲ ਪੂਰੇ ਟੱਬਰ ਵਿੱਚ ਗੱਲ ਵੀ ਨਹੀਂ ਕਰ ਸਕਦੀ ਸੀ ਜਿਵੇਂ ਵਿਆਹ ਮਗਰੋਂ ਤੀਵੀਂ ਆਦਮੀ ਆਪਸ ਵਿੱਚ ਪਿਆਰ ਦੀਆਂ ਗੱਲਾਂ ਕਰ ਸਕਣ ।

ਬੇਬੇ ਪੁਰਾਣੇ ਖਿਆਲਾਂ ਦੀ ਸੀ ਰੋਟੀ ਸਬਜ਼ੀ ਚੁੱਲੇ ਤੇ ਬਣਾਉਣ ਵਿੱਚ ਵਿਸ਼ਵਾਸ਼ ਰੱਖਦੀ ਸੀ। ਗੈਸ ਸਿਲੰਡਰ ਫੱਟ ਜਾਂਦਾ ਹੈ ਉਸਦਾ ਤਰਕ ਸੀ। ਸਮੇਂ ਦੇ ਨਾਲ ਨਾਲ ਬਦਲਾਅ ਆਉਂਦਾ ਗਿਆ, ਵਿਦੇਸ਼ ਤੋਂ ਡਾਲਰ ਆਉਂਦੇ ਰਹੇ, ਘਰ ਵੀ ਸੋਹਣਾ ਬਣ ਗਿਆ ਪਰ ਦੀਪੋ ਵਿੱਚ ਕੁੱਝ ਜਿਆਦਾ ਬਦਲਾਅ ਆਇਆ।ਉਸ ਵਿੱਚ ਚਿੜਚਿੜਾਪਨ ਵੱਧਦਾ ਗਿਆ ਬਿਮਾਰ ਵੀ ਰਹਿੰਦੀ। ਇੱਕ ਦਿਨ ਛੱਡ ਦੂਜੇ ਦਵਾਈ ਲੈਣ ਤੁਰ ਪੈਂਦੀ। ਕਹਿੰਦੇ ਨੇ ਕੇ ਭੁੱਖ ਹੱਦਾਂ ਪਾਰ ਕਰਾ ਜਾਂਦੀ ਹੈ ਸ਼ਾਇਦ ਇਹੋ ਵਾਪਰ ਰਿਹਾ ਸੀ ਪਿਆਰ ਦੀ ਭੁੱਖ ਜੋ ਉਸਦੇ ਪਤੀ ਨੇ ਪੰਜ ਮਹੀਨੇ ਵਿੱਚ ਉਸ ਨਾਲ ਗੁਜ਼ਾਰ ਕੇ ਬਾਹਰਲੇ ਮੁਲਕ ਤੁਰ ਗਿਆ ਓਹੀਓ ਭੁੱਖ ਉਸਨੂੰ ਤੜਫਾ ਰਹੀ ਸੀ। ਗੱਲ ਨਿੱਕਲਦੀ ਨਿੱਕਲ ਗਈ ਦੀਪੋ ਦੇ ਨਜਾਇਜ ਸਬੰਧ ਬਣ ਚੁੱਕੇ ਸਨ ਡਾਕਟਰ ਨਾਲ ।

ਇੱਕ ਦਿਨ ਸ਼ਿੰਗਾਰ ਕਰਦੀ ਕਰਦੀ ਦੀਪੋ ਆਪਣੇ ਚੇਹਰੇ ਤੇ ਲੱਗੇ ਪਾਉਡਰ ਨੂੰ ਬੜੀ ਗੌਰ ਨਾਲ ਤੱਕ ਰਹੀ ਸੀ। ਆਪਣੇ ਵਿਆਹ ਦੀਆਂ ਤਸਵੀਰਾਂ ਵੇਖਦੀ ਕਦੇ ਡਬਲ ਬੈੱਡ ਦੀ ਬਿਨਾਂ ਸਿਲਵਿਟਾਂ ਵਾਲੀ ਸਾਫ ਸੁਥਰੀ ਰੰਗਦਾਰ ਚਾਦਰ ਵੱਲ ਵੇਖਦੀ । ਅਚਾਨਕ ਉਸਨੂੰ ਆਪਣੇ ਚੇਹਰੇ ਲੱਗਿਆ ਚਿੱਟਾ ਪਾਉਡਰ ਤੀਲਾਂ ਦੀ ਡੱਬੀ ਨਾਲ ਲੱਗੇ ਆਟੇ ਵਾਂਗ ਲੱਗਿਆ ਜੋ ਅਕਸਰ ਸਿਆਲ਼ ਦੇ ਦਿਨਾਂ ਵਿੱਚ ਬੇਬੇ ਆਟੇ ਵਾਲੇ ਪੀਪੇ ਵਿੱਚ ਰੱਖ ਦਿੰਦੀ ਸੀ ਕੇ ਮਾਚਿਸ ਸਲਾਬ ਨਾ ਜਾਵੇ ।

ਉਸਦੇ ਹੱਥੋਂ ਸ਼ਿੰਗਾਰਦਾਨੀ ਹੇਠਾਂ ਡਿੱਗ ਪਈ ਤੇ ਹਉਂਕਾ ਜੇਹਾ ਭਰਿਆ ਬਾਹਰੋਂ ਬੇਬੇ ਦੀ ਅਵਾਜ਼ ਆਈ " ਨੀ ਕੀ ਹੋਇਆ ਦੀਪੋ" ਅੱਖਾਂ ਵਿਚੋਂ ਹੰਝੂ ਪੂੰਝਦੀ ਦੀਪੋ ਆਪਣੇ ਆਪ ਨੂੰ ਕੋਸਦੀ ਵਿਆਹ ਵਾਲੀ ਤਸਵੀਰ ਵੱਲ ਵੇਖ " ਕੁੱਝ ਨੀ ਬੇਬੇ" ਕਹਿ ਕੇ ਦਵਾਈ ਲੈਣ ਤੁਰ ਪਈ ਤੁਰੇ ਜਾਂਦਿਆਂ ਸੋਚ ਰਹੀ ਸੀ ਬੇਬੇ ਨੂੰ ਬੇਜਾਨ ਚੀਜ਼ਾਂ ਦੀ ਕਿੰਨੀ ਫਿਕਰ ਹੈ ਸਲਾਬ ਨਾ ਜਾਣ ਕਦੀ ਪੁੱਤ ਨੂੰ ਇਹ ਨਹੀਂ ਕਿਹਾ ਘਰ ਜਲਦੀ ਫੇਰਾ ਪਾ ਜਾਇਆ ਕਰ ।

ਕੀ ਅੱਗ ਸਿਰਫ ਮਾਚਿਸ ਦੀਆਂ ਤੀਲੀਆਂ ਵਿੱਚ ਹੁੰਦੀ ਹੈ ਕੀ ਮਰਦਾਂ ਨੂੰ ਅਹਿਸਾਸ ਨਹੀਂ ਹੁੰਦਾ ਜਿਨ੍ਹਾਂ ਨਾਲ ਵਿਆਹ ਕਰਵਾ ਕੇ ਤੁਰ ਜਾਂਦੇ ਹਨ ਬਰਸਾਤ ਤੇ ਸਿਆਲ ਦੀਆਂ ਰੁੱਤਾਂ ਉਹਨਾਂ ਦੀ ਜ਼ਿੰਦਗੀ ਵਿੱਚ ਵੀ ਆਉਂਦੀਆਂ ਹਨ। ਕਿੰਨੇ ਸਵਾਲ ਉਧੇੜ ਬੁਣ ਦਵਾਈ ਲੈ ਕੇ ਆਪਣੇ ਬੈੱਡ ਉੱਤੇ ਗੂੜੀ ਨੀਂਦਰ ਸੌਂ ਰਹੀ ਸੀ ਦੀਪੋ ।

ਲਿਖਤ- ਪ੍ਰਦੀਪ ਬਿੰਦ

# ਸ਼ਰਾਬੀ ਦੀ ਪਤਨੀ

ਜਦੋਂ ਵੀ ਕਿਸੇ ਖੁਸ਼ੀ ਦੇ ਸਮਾਗਮ ਦੀ ਖ਼ਬਰ ਘਰ ਆਉਂਦੀ ਹੈ ਤਾਂ ਸ਼ਰਾਬੀ ਦੀ ਪਤਨੀ ਲਈ ਖੁਸ਼ੀ ਵੀ ਇੱਕ ਡਰ ਹੁੰਦੀ ਹੈ। ਉਹ ਜਦੋਂ ਕਿਸੇ ਖੁਸ਼ੀ ਦੇ ਮੌਕੇ ’ਤੇ ਜਾਣ ਲਈ ਤਿਆਰ ਹੁੰਦੀ ਹੈ ਤਾਂ ਕੱਪੜਿਆਂ ਨਾਲੋਂ ਵੱਧ ਆਪਣੇ ਡਰ ਸਮੇਟਦੀ ਹੈ। ਵਿਆਹ ਹੋਵੇ ਜਾਂ ਕੋਈ ਹੋਰ ਸਮਾਗਮ, ਘਰੋਂ ਨਿਕਲਣ ਤੋਂ ਪਹਿਲਾਂ ਪਤੀ ਨੂੰ ਸਮਝਾਉਂਦੀ ਹੈ,“ਅੱਜ ਥੋੜ੍ਹੀ ਰੱਖਿਓ, ਬੱਚੇ ਨਾਲ ਨੇ, ਲੋਕਾਂ ਵਿੱਚ ਇੱਜ਼ਤ ਰੱਖਿਓ।” ਉਹ ਹਾਂ-ਹਾਂ ਕਰੀ ਜਾਂਦਾ , ਪਰ ਉਸਨੂੰ ਪਤਾ ਹੁੰਦਾ ਹੈ ਕਿ ਇਹ ਵਾਅਦਾ ਕਿੰਨੀ ਦੇਰ ਦਾ ਹੈ।

ਸਮਾਗਮ ਵਿੱਚ ਹੋਰ ਔਰਤਾਂ ਗੀਤਾਂ, ਡਾਂਸ ਤੇ ਗੱਲਾਂ ਵਿੱਚ ਰੁੱਝੀਆਂ ਹੁੰਦੀਆਂ ਨੇ, ਪਰ ਉਸਦੀ ਨਿਗਾਹ ਵਾਰ-ਵਾਰ ਪਤੀ ਨੂੰ ਲੱਭਦੀ ਹੈ। ਗਿਲਾਸ ਕਿੰਨੇ ਹੋ ਗਏ? ਚਾਲ ਠੀਕ ਹੈ? ਕਿਸੇ ਨਾਲ ਬਹਿਸ ਤਾਂ ਨਹੀਂ ਪਿਆ ? ਉਹ ਆਨੀ-ਬਹਾਨੀ ਪਤੀ ਕੋਲ ਜਾਂਦੀ ਹੈ ਤੇ ਘਰ ਚੱਲਣ ਲਈ ਕਹਿੰਦੀ ਹੈ। ਪਰ ਪਤੀ ਦੀਆਂ ਲਾਲ ਅੱਖਾਂ ਜਿਵੇਂ ਕਹਿੰਦੀਆਂ ਹੋਣ,“ਤੇਰੀ ਕੀ ਮਜਾਲ ਆ ਇੱਥੇ ਆਉਣ ਦੀ?”

ਫਿਰ ਚਾਰ ਕੁ ਵਜੇ ਤੱਕ ਉਹੀ ਹੁੰਦਾ ਹੈ, ਜਿਸਦਾ ਡਰ ਸੀ। ਪਤੀ ਗੱਡੀ ਚਲਾਉਣ ਦੇ ਕਾਬਲ ਨਹੀਂ ਰਹਿੰਦਾ।ਪਤਨੀ ਉਸਦੀ ਡਿੱਗੀ ਪੱਗ ਤੇ ਬੱਚਿਆਂ ਨੂੰ ਬੁੱਕਲ ਵਿੱਚ ਸਮੇਟਦੀ ਹੋਈ ਸਭ ਤੋਂ ਨਜ਼ਰਾਂ ਚੁਰਾਉਂਦੀ ਟੈਂਟ ਦੇ ਵਿਚਕਾਰ ਡਿੱਗ੍ਹੇ ਪਏ ਸੂਰਮੇ ਨੂੰ ਸੰਭਾਲਣ ਦਾ ਯਤਨ ਕਰਦੀ ਹੈ,, ਬੱਚੇ ਡਰੇ ਤੇ ਸਹਿਮੇ ਹੋਏ ਮਾਂ ਨੂੰ ਪੁੱਛਦੇ ਨੇ ਕਿ ਮੰਮੀ, ਪਾਪਾ ਨੂੰ ਕੀ ਹੋਇਆ? ਪਰ ਮਾਂ ਕੋਲ ਕੋਈ ਜੁਆਬ ਨਹੀਂ ਹੁੰਦਾ।ਕੁੱਝ ਨਾਲ ਬੈਠ ਕੇ ਉਸ ਬੰਦੇ ਨੂੰ ਅਣਗਿਣਤ ਪੈੱਗ ਲਵਾਉਣ ਵਾਲੇ ਉਸਦੀ ਪਤਨੀ ਕੋਲ ਆ ਕੇ ਮੁੱਛਾਂ ਨੂੰ ਵੱਟ ਦਿੰਦੇ ਸ਼ਰਾਰਤ ਨਾਲ ਕਹਿਣਗੇ, ਭਾਬੀ, ਬਾਈ ਨੂੰ ਤੁਹਾਡਾ ਵੀ ਸੋਚਣਾ ਚਾਹੀਦਾ,, ਐਨਾ ਲਾਹਾ ਨੀ ਲੈਣਾ ਚਾਹੀਦਾ। ਬਾਕੀ ਲੋਕ, ਖਾਸ ਕਰ ਬੀਬੀਆਂ ਆਪਣੀ ਵਿਅੰਗਮਈ ਤੇ ਜ਼ਹਿਰੀਲੀ ਮੁਸਕਰਾਹਟ ਨਾਲ ਕੋਲੋਂ ਲੰਘਦੀਆਂ ਉਸ ਬੀਬੀ ਵੱਲ ਇਉਂ ਝਾਕਦੀਆਂ ਨੇ ਜਿਵੇਂ ਉਹ ਕੋਈ ਜੰਗ ਜਿੱਤ ਕੇ ਆਈਆਂ ਹੋਣ ਤੇ ਉਸ ਬੀਬੀ ਕੋਲੋਂ ਕੋਈ ਵੱਡਾ ਗੁਨਾਹ ਹੋ ਗਿਆ ਹੋਵੇ। ਫ਼ੇਰ ਕੋਈ ਹਮਦਰਦ ਰਿਸ਼ਤੇਦਾਰ ਉਸ ਬੇਸੁੱਧ ਹੋਏ ਹੀਰੋ ਤੇ ਬੱਚਿਆਂ ਨੂੰ ਘਰ ਪਹੁੰਚਾਉਂਦਾ ਹੈ।

ਵਿਆਹ ਵਿੱਚ ਵੀ ਪਤਨੀ ਨੇ ਢੰਗ ਨਾਲ ਕੁੱਝ ਖਾਧਾ ਨਹੀਂ ਹੁੰਦਾ । ਘਰ ਆ ਕੇ ਪਤੀ ਦੀਆਂ ਉਲਟੀਆਂ ਸਾਂਭਦੀ , ਗਾਲ੍ਹਾਂ ਸੁਣਦੀ ਭੁੱਖੀ ਹੀ ਪੈ ਜਾਂਦੀ ਐ । ਸਵੇਰੇ ਉਹੀ ਪਤੀ ਚਾਰ ਚੁਫੇਰੇ ਬਦਬੂ ਮਾਰਦੇ ਮਾਹੌਲ ਨੂੰ ਵੇਖ ਕੇ,ਆਪਣੀ ਕਰਤੂਤ ’ਤੇ ਸ਼ਰਮਿੰਦਾ ਹੋਣ ਦੀ ਬਜਾਏ ਫ਼ੇਰ ਉਸਨੂੰ ਹੀ ਦੋਸ਼ ਦਿੰਦਾ ਹੈ, “ਤੂੰ ਟਾਈਮ ਨਾਲ ਨੀ ਨਿੱਕਲ ਸਕਦੀ ਸੀ? ਮੇਰਾ ਜਲੂਸ ਕਢਾ ਦਿੱਤਾ?”



ਕਿੰਨੀ ਤ੍ਰਾਸਦੀ ਹੈ,ਜਲੂਸ ਉਸਨੇ ਆਪਣਾ ਆਪ ਕੱਢਿਆ ਹੁੰਦਾ ਹੈ, ਪਰ ਸ਼ਰਮ ਪਤਨੀ ਦੇ ਹਿੱਸੇ ਆਉਂਦੀ ਹੈ।

ਇਹੋ ਜਿਹੀ ਔਰਤ ਲਈ ਖੁਸ਼ੀ ਦਾ ਸਮਾਗਮ ਖੁਸ਼ੀ ਨਹੀਂ, ਇੱਕ ਪਹਿਰਾ ਹੁੰਦਾ ਹੈ। ਉਹ ਨੱਚਦੇ ਲੋਕਾਂ ਵਿਚ ਬੈਠੀ ਵੀ ਪਤੀ ਦੀ ਸ਼ਰਾਬ ਦੀ ਗਿਣਤੀ ਕਰ ਰਹੀ ਹੁੰਦੀ ਹੈ ਤੇ ਸ਼ਾਮ ਨੂੰ ਘਰ ਕਿਵੇਂ ਜਾਵਾਂਗੇ, ਸੋਚ ਰਹੀ ਹੁੰਦੀ ਹੈ।

ਸ਼ਰਾਬੀਓ! ਫ੍ਰੀ ਦੀ ਵੇਖ ਕੇ ਹੋਸ਼ ਨਾ ਗਵਾਓ।ਕਦੇ ਉਸ ਪਤਨੀ ਦੀਆਂ ਅੱਖਾਂ ਵਿੱਚ ਵੀ ਵੇਖੋ ਜੋ ਹਰ ਸਮਾਗਮ ਵਿੱਚ ਤੁਹਾਡੀ ਇੱਜ਼ਤ ਬਚਾਉਂਦਿਆਂ ਆਪਣੀ ਖੁਸ਼ੀ ਗੁਆ ਦਿੰਦੀ ਹੈ। ਤੁਹਾਡੇ ਲਈ ਇਹ ਕੁਝ ਘੰਟਿਆਂ ਦੀ ਮਸਤੀ ਹੈ, ਪਰ ਤੁਹਾਡੇ ਬੱਚਿਆਂ ਲਈ ਇਹ ਉਮਰ ਭਰ ਦੀ ਯਾਦ ਬਣ ਜਾਂਦੀ ਹੈ।ਅਸਲ ਮਰਦਾਨਗੀ ਨਸ਼ੇ ਵਿੱਚ ਬੇਕਾਬੂ ਹੋਣਾ ਨਹੀਂ,ਆਪਣੇ ਆਪ ’ਤੇ ਕਾਬੂ ਪਾਉਣਾ ਹੈ। ਜੇ ਸ਼ਰਾਬ ਤੁਹਾਡੇ ਵੱਸੋਂ ਬਾਹਰ ਹੋ ਗਈ ਹੈ ਤਾਂ ਅੱਜਕਲ੍ਹ ਬਹੁਤ ਇਲਾਜ਼ ਹਨ । ਇਹ ਕਮਜ਼ੋਰੀ ਨਹੀਂ, ਆਪਣੇ ਘਰ ਨੂੰ ਬਚਾਉਣ ਦੀ ਹਿੰਮਤ ਹੈ।

ਰਿਸ਼ਤੇਦਾਰ ਵੀ ਅਜਿਹੇ ਬੰਦੇ ਨੂੰ ਵਿਆਹ ਸ਼ਾਦੀ ਤੇ ਬੁਲਾਉਣਾ ਛੱਡ ਦਿੰਦੇ ਹਨ ਕਿ ਉਸਨੇ ਤਾਂ ਵਿਆਹ ਹੀ ਖ਼ਰਾਬ ਕਰਨਾ ਜਾਂ ਉਸਦੀ ਪਤਨੀ ਨੂੰ ਕਹਿਣਗੇ ਕਿ ਭਾਈ ਬੀਬਾ ਜਾਂ ਇਹਨੂੰ ਸਮਝਾ ਕੇ ਲਿਆਈਂ। ਫ਼ੇਰ ਉਹ ਸੂਰਮਾ ਆਪਣੇ ਅੰਦਰ ਝਾਕਣ ਦੀ ਬਜਾਏ,ਉਨ੍ਹਾਂ ਰਿਸ਼ਤੇਦਾਰਾਂ ਨੂੰ ਚੰਗਾ ਮਾੜਾ ਬੋਲਦਾ ਕਿਸੇ ਨੂੰ ਵੀ ਨਹੀਂ ਜਾਣ ਦਿੰਦਾ।ਪਤਨੀ ਤੇ ਬੱਚੇ ਵੀ ਦਿਲ ਦੀਆਂ ਸੱਧਰਾਂ, ਦਿਲ ਵਿੱਚ ਲੈ ਕੇ ਉਨ੍ਹਾਂ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ।

ਸਮਾਂ ਬਹੁਤ ਬਦਲ ਗਿਆ,ਪਤਨੀ ਨੂੰ ਡਰ ਨਹੀਂ, ਸਕੂਨ ਦਿਉ । ਬੱਚਿਆਂ ਨੂੰ ਸ਼ਰਮ ਨਹੀਂ, ਮਾਣ ਦਿਉ । ਤੁਹਾਡੇ ਦਿੱਤੇ ਜ਼ਖ਼ਮ ਸ਼ਾਇਦ ਤੁਹਾਡੇ ਬੱਚਿਆਂ ਤੇ ਪਤਨੀ ਦੀ ਯਾਦ ਵਿੱਚੋਂ ਕਦੇ ਨਹੀਂ ਮਿਟਣੇ। ਕਈ ਵਾਰ ਇਸ ਚੰਦਰੇ ਨਸ਼ੇ ਦੇ ਖਾਧੇ,ਲੋਕਾਂ ਦੀਆਂ ਖੁਸ਼ੀਆਂ ਛੱਡੋ, ਤੁਸੀਂ ਆਪਣੇ ਬੱਚਿਆਂ ਦੀ ਖੁਸ਼ੀ ਵੀ ਨਹੀਂ ਵੇਖ ਸਕਦੇ ਤੇ ਪੰਡ ਜ਼ਿੰਮੇਵਾਰੀਆਂ ਦੀ ਪਤਨੀ ਦੇ ਸਿਰ ਸੁੱਟ ਕੇ ਆਪ ਅੱਧ -ਵਿਚਾਲੇ ਹੀ ਤੁਰ ਜਾਂਦੇ ਹੋ। ਕਈ ਵਾਰ ਅੱਗੋਂ ਪੁੱਤ ਵੀ ਪਿਓ ਵਾਲੇ ਨਕਸ਼ੇ -ਕਦਮਾਂ ਤੇ ਚੱਲ ਪੈਂਦਾ ਹੈ। ਪਤਨੀ ਨੇ ਕੋਈ ਸੁਖ ਨਹੀਂ ਵੇਖਿਆ,,ਸਾਡੇ ਆਲੇ- ਦੁਆਲੇ ਅਜਿਹੀਆਂ ਅਨੇਕਾਂ ਉਦਾਹਰਨਾਂ ਨੇ।

ਦੇਰ ਆਏ ਦਰੁਸਤ ਆਏ "ਦੀ ਕਹਾਵਤ ਵਾਂਗ ਅਜੇ ਵੀ ਕੁੱਝ ਨਹੀਂ ਵਿਗੜਿਆ। ਸਿਆਣੇ ਕਹਿੰਦੇ ਨੇ ਜਦੋਂ ਜਾਗੋ, ਉਦੋਂ ਹੀ ਸਵੇਰਾ ਹੁੰਦਾ " "ਜਿਹੜਾ ਆਪੇ ਸਮਝ ਜਾਵੇ, ਬੱਤੀ ਸੁਲੱਖਣਾ, ਜਿਹੜਾ ਕਿਸੇ ਦੂਜੇ ਦੀ ਗੱਲ ਸਮਝ ਲਵੇ, ਉਹ ਤੇਤੀ ਸੁਲੱਖਣਾ ਹੁੰਦਾ। " ਜ਼ਿੰਦਗੀ ਬੜੀ ਸੋਹਣੀ ਹੈ। ਖਾਣ ਲਈ ਹੋਰ ਬਹੁਤ ਕੁੱਝ ਹੈ। ਆਪਣੀ ਪਤਨੀ ਤੇ ਬੱਚਿਆਂ ਦੀਆਂ ਖੁਸ਼ੀਆਂ ਨਾ ਖਾਓ !

ਲਿਖਤ- ਅੰਮ੍ਰਿਤਾ ਸਰਾਂ

# ਪੁੱਤਰ ਹੋਣਾ ਬੁਢਾਪੇ ਦਾ ਗਾਰੰਟੀ ਕਾਰਡ ਨਹੀਂ ਏ...

ਕਾਂਤਾ ਚਾਚੀ ਸਿਸਕ ਰਹੀ ਸੀ। "ਮੈਨੂੰ ਲੱਗਦਾ ਸੀ ਕਿ ਪੁੱਤਰ ਸੇਵਾ ਕਰਨਗੇ। ਪਰ ਪੁੱਤਰ ਤਾਂ ਆਪਣੇ ਘਰ-ਗ੍ਰਿਹਸਤੀ ਦੀ ਚੱਕੀ ਵਿੱਚ ਇੰਝ ਪਿਸ ਗਏ ਨੇ ਕਿ ਉਨ੍ਹਾਂ ਨੂੰ ਮਾਂ-ਬਾਪ, ਫਰਨੀਚਰ ਦਾ ਪੁਰਾਣਾ ਟੁਕੜਾ ਲੱਗਣ ਲੱਗ ਪਏ ਨੇ।"

ਸ਼ਾਮ ਦੀ ਚਾਹ ਦੀਆਂ ਚੁਸਕੀਆਂ ਦੇ ਨਾਲ ਕਲੋਨੀ ਦੇ ਪਾਰਕ ਦੀ ਬੈਂਚ ਉੱਤੇ ਬੈਠਣਾ ਮਨੋਰਮਾ ਅਤੇ ਕਾਂਤਾ ਚਾਚੀ ਦਾ ਰੋਜ਼ ਦਾ ਨਿਯਮ ਸੀ। ਮਨੋਰਮਾ, ਜੋ ਇੱਕ ਸਰਕਾਰੀ ਸਕੂਲ ਵਿੱਚ ਪ੍ਰਿੰਸੀਪਲ ਸੀ, ਰਿਟਾਇਰਮੈਂਟ ਦੇ ਨੇੜੇ ਸੀ। ਉੱਥੇ ਹੀ ਕਾਂਤਾ ਚਾਚੀ, ਜੋ ਉਮਰ ਵਿੱਚ ਉਨ੍ਹਾਂ ਤੋਂ ਦਸ ਸਾਲ ਵੱਡੀ ਸੀ, ਇੱਕ ਰਵਾਇਤੀ ਅਤੇ ਰਸੂਖਦਾਰ ਪਰਿਵਾਰ ਦੀ ਗ੍ਰਹਿਣੀ ਸੀ।

ਦੋਵਾਂ ਦਾ ਸੁਭਾਅ ਬਿਲਕੁਲ ਉਲਟ ਸੀ, ਫਿਰ ਵੀ ਇੱਕ ਗਹਿਰੀ ਦੋਸਤੀ ਸੀ। ਮਨੋਰਮਾ ਦੀ ਦੁਨੀਆ ਕਿਤਾਬਾਂ ਅਤੇ ਵਿਚਾਰਾਂ ਵਿੱਚ ਸਿਮਟੀ ਹੋਈ ਸੀ, ਜਦੋਂ ਕਿ ਕਾਂਤਾ ਚਾਚੀ ਦੀ ਦੁਨੀਆ ਉਨ੍ਹਾਂ ਦੇ ਤਿੰਨ ਹੱਟੇ-ਕੱਟੇ ਪੁੱਤਰਾਂ ਅਤੇ ਉਨ੍ਹਾਂ ਦੇ ਭਵਿੱਖ ਦੀਆਂ ਯੋਜਨਾਵਾਂ ਦੇ ਦੁਆਲੇ ਘੁੰਮਦੀ ਸੀ।

ਕਾਂਤਾ ਚਾਚੀ ਅਕਸਰ ਆਪਣੀਆਂ ਭਾਰੀਆਂ ਸੋਨੇ ਦੀਆਂ ਚੂੜੀਆਂ ਖਣਕਾਉਂਦੀ ਕਹਿੰਦੀ, "ਮਨੋਰਮਾ, ਤੂੰ ਬੁਰਾ ਨਾ ਮੰਨੀਂ, ਪਰ ਮੈਨੂੰ ਤੇਰੀ ਚਿੰਤਾ ਹੁੰਦੀ ਏ। ਤੇਰੀਆਂ ਦੋਵੇਂ ਧੀਆਂ, ਰਿਆ ਅਤੇ ਜਿਆ, ਪਰਦੇਸ ਚਲੀਆਂ ਜਾਣਗੀਆਂ। ਚਿੜੀ ਵਾਂਗੂ ਉੱਡ ਜਾਣਗੀਆਂ। ਫਿਰ ਬੁਢਾਪੇ ਵਿੱਚ ਤੇਰਾ ਅਤੇ ਤੇਰੇ ਸਾਹਬ ਦਾ ਕੀ ਹੋਵੇਗਾ?

ਦੇਖੋ ਮੇਰੇ ਘਰ ਨੂੰ, ਤਿੰਨ ਪੁੱਤਰ ਨੇ—ਰਵੀ, ਕਵੀ ਅਤੇ ਅਵੀ। ਮੇਰਾ ਘਰ ਤਾਂ ਹਮੇਸ਼ਾ ਨੂੰਹਾਂ ਅਤੇ ਪੋਤੇ-ਪੋਤੀਆਂ ਨਾਲ ਭਰਿਆ ਰਹੇਗਾ। ਮੈਂ ਤਾਂ ਰਾਜ ਕਰੂੰਗੀ ਰਾਜ! ਤੂੰ ਹੁਣੇ ਤੋਂ ਆਦਤ ਪਾ ਲੈ ਆਪਣਾ ਪਾਣੀ ਖੁਦ ਭਰਨ ਦੀ, ਕਿਉਂਕਿ ਧੀਆਂ ਦੇ ਘਰ ਦਾ ਪਾਣੀ ਵੀ ਨਹੀਂ ਪੀਂਦੇ।"

ਮਨੋਰਮਾ ਬੱਸ ਮੁਸਕਰਾ ਦਿੰਦੀ। ਉਹ ਜਾਣਦੀ ਸੀ ਕਿ ਕਾਂਤਾ ਚਾਚੀ ਦੇ ਸ਼ਬਦਾਂ ਵਿੱਚ ਕੁੜੱਤਣ ਨਹੀਂ, ਬਲਕਿ ਉਹ ਸਦੀਆਂ ਪੁਰਾਣੀ ਸੋਚ ਏ ਜੋ ਮੰਨਦੀ ਏ ਕਿ ਪੁੱਤਰ 'ਪੂੰਜੀ' ਏ ਅਤੇ ਧੀ 'ਪਰਾਇਆ ਧਨ'। ਮਨੋਰਮਾ ਹਮੇਸ਼ਾ ਕਹਿੰਦੀ, "ਚਾਚੀ, ਔਲਾਦ ਤਾਂ ਔਲਾਦ ਹੁੰਦੀ ਏ। ਜੇ ਜੜ੍ਹਾਂ ਮਜ਼ਬੂਤ ਹੋਣ, ਤਾਂ ਰੁੱਖ ਚਾਹੇ ਕਿੱਥੇ ਵੀ ਹੋਵੇ, ਉਸਦੀ ਛਾਂ ਮਾਂ-ਬਾਪ ਤੱਕ ਪਹੁੰਚ ਹੀ ਜਾਂਦੀ ਏ।"

ਸਮੇਂ ਦਾ ਪਹੀਆ ਘੁੰਮਿਆ। ਪੰਜ ਸਾਲ ਲੰਘ ਗਏ।

ਮਨੋਰਮਾ ਰਿਟਾਇਰ ਹੋ ਗਈ ਸੀ। ਉਸਦੀਆਂ ਦੋਵੇਂ ਧੀਆਂ ਆਪਣੇ-ਆਪਣੇ ਖੇਤਰ ਵਿੱਚ ਨਾਮ ਕਮਾ ਰਹੀਆਂ ਸਨ। ਵੱਡੀ ਧੀ ਰਿਆ ਬੈਂਗਲੋਰ ਵਿੱਚ ਸਾਫਟਵੇਅਰ ਇੰਜੀਨੀਅਰ ਸੀ ਅਤੇ ਛੋਟੀ ਜਿਆ ਮੁੰਬਈ ਵਿੱਚ ਫੈਸ਼ਨ ਡਿਜ਼ਾਈਨਰ। ਮਨੋਰਮਾ ਅਤੇ ਉਨ੍ਹਾਂ ਦੇ ਪਤੀ, ਰਮੇਸ਼ ਜੀ, ਆਪਣੀ ਸ਼ਾਂਤ ਜ਼ਿੰਦਗੀ ਜੀ ਰਹੇ ਸਨ।

ਦੂਜੇ ਪਾਸੇ, ਕਾਂਤਾ ਚਾਚੀ ਦਾ ਘਰ ਸੱਚਮੁੱਚ ਭਰ ਗਿਆ ਸੀ। ਤਿੰਨੇ ਪੁੱਤਰਾਂ ਦੇ ਵਿਆਹ ਹੋ ਚੁੱਕੇ ਸਨ। ਘਰ ਵਿੱਚ ਤਿੰਨ ਨੂੰਹਾਂ ਆ ਗਈਆਂ ਸਨ। ਉੱਪਰੋਂ ਦੇਖਣ ਉੱਤੇ ਕਾਂਤਾ ਚਾਚੀ ਦਾ ਘਰ ਕਿਸੇ ਮੇਲੇ ਵਾਂਗੂ ਲੱਗਦਾ ਸੀ। ਹਰ ਵੇਲੇ ਗੱਡੀਆਂ ਆਉਂਦੀਆਂ-ਜਾਂਦੀਆਂ, ਬੱਚਿਆਂ ਦਾ ਰੌਲਾ, ਅਤੇ ਰਸੋਈ ਵਿੱਚ ਖੜਕੱਟ। ਪਰ ਉਸ ਭਰੇ-ਪੂਰੇ ਘਰ ਦੀਆਂ ਦੀਵਾਰਾਂ ਪਿੱਛੇ ਦੀ ਹਕੀਕਤ ਕੁਝ ਹੋਰ ਹੀ ਸੀ।

ਇੱਕ ਦੁਪਹਿਰ, ਜਦੋਂ ਸੂਰਜ ਸਿਰ ਉੱਤੇ ਸੀ, ਮਨੋਰਮਾ ਆਪਣੇ ਬਗੀਚੇ ਵਿੱਚ ਪੌਦਿਆਂ ਨੂੰ ਪਾਣੀ ਦੇ ਰਹੀ ਸੀ। ਤਦੇ ਉਸਨੇ ਦੇਖਿਆ ਕਿ ਕਾਂਤਾ ਚਾਚੀ ਹੌਲੀ-ਹੌਲੀ, ਲੰਗੜਾਉਂਦੀ ਹੋਈ ਉਨ੍ਹਾਂ ਦੇ ਗੇਟ ਵੱਲ ਆ ਰਹੀ ਆ। ਉਨ੍ਹਾਂ ਦੇ ਹੱਥ ਵਿੱਚ ਇੱਕ ਟਿਫਿਨ ਸੀ। ਕਾਂਤਾ ਚਾਚੀ ਦਾ ਚਿਹਰਾ ਉੱਤਰਿਆ ਹੋਇਆ ਸੀ, ਅਤੇ ਉਹ ਪੁਰਾਣੀ ਚਮਕ, ਜੋ ਉਨ੍ਹਾਂ ਦੇ ਤਿੰਨ ਪੁੱਤਰਾਂ ਦੀ ਮਾਂ ਹੋਣ ਦੇ ਮਾਣ ਤੋਂ ਆਉਂਦੀ ਸੀ, ਕਿੱਥੇ ਗਾਇਬ ਸੀ।

ਮਨੋਰਮਾ ਨੇ ਦੌੜ ਕੇ ਗੇਟ ਖੋਲ੍ਹਿਆ। ਬਈ ਚਾਚੀ! ਇੰਨੀ ਧੁੱਪ ਵਿੱਚ? ਅਤੇ ਇਹ ਪੈਰ ਵਿੱਚ ਕੀ ਹੋਇਆ?"

ਕਾਂਤਾ ਚਾਚੀ ਨੇ ਜ਼ਬਰਦਸਤੀ ਮੁਸਕਰਾਉਣ ਦੀ ਕੋਸ਼ਿਸ਼ ਕੀਤੀ, "ਕੁਝ ਨਹੀਂ ਬਹੂ... ਉਹ ਬੱਸ ਬਾਥਰੂਮ ਵਿੱਚ ਪੈਰ ਤਿਲਕ ਗਿਆ ਸੀ। ਮੋਚ ਆ ਗਈ ਏ। ਸੋਚਿਆ, ਤੇਰੇ ਲਈ ਥੋੜ੍ਹੀ ਕੜੀ ਬਣਾਈ ਸੀ, ਤੈਨੂੰ ਪਸੰਦ ਏ ਨਾ, ਤਾਂ ਦੇ ਆਵਾਂ।"

ਮਨੋਰਮਾ ਨੇ ਉਨ੍ਹਾਂ ਨੂੰ ਸਹਾਰਾ ਦੇ ਕੇ ਸੋਫੇ ਉੱਤੇ ਬਿਠਾਇਆ। "ਚਾਚੀ, ਘਰ ਵਿੱਚ ਤਿੰਨ-ਤਿੰਨ ਨੂੰਹਾਂ ਨੇ, ਪੁੱਤਰ ਨੇ, ਤੁਸੀਂ ਕਿਉਂ ਕਸ਼ਟ ਕਰਦੇ ਓ? ਕਿਸੇ ਦੇ ਹੱਥ ਭਿਜਵਾ ਦਿੰਦੇ।"

ਕਾਂਤਾ ਚਾਚੀ ਦੀਆਂ ਅੱਖਾਂ ਵਿੱਚ ਇੱਕ ਪਲ ਲਈ ਪਾਣੀ ਤੈਰਿਆ, ਜਿਸਨੂੰ ਉਨ੍ਹਾਂ ਨੇ ਪੱਲੂ ਨਾਲ ਪੂੰਝ ਲਿਆ। "ਬਈ, ਉਹ ਸਭ ਰੁੱਝੇ ਰਹਿੰਦੇ ਨੇ। ਵੱਡੀ ਦਫਤਰ ਜਾਂਦੀ ਏ, ਵਿਚਕਾਰਲੀ ਬੱਚਿਆਂ ਵਿੱਚ ਉਲਝੀ ਏ, ਅਤੇ ਛੋਟੀ... ਉਹ ਤਾਂ ਆਪਣੇ ਕਮਰੇ ਤੋਂ ਨਿਕਲਦੀ ਹੀ ਨਹੀਂ। ਮੈਂ ਸੋਚਿਆ, ਥੋੜ੍ਹਾ ਚੱਲ ਲਵਾਂਗੀ ਤਾਂ ਪੈਰ ਠੀਕ ਹੋ ਜਾਵੇਗਾ।"

ਮਨੋਰਮਾ ਸਮਝ ਗਈ ਕਿ ਗੱਲ ਕੁਝ ਹੋਰ ਏ। ਉਸਨੇ ਚਾਚੀ ਲਈ ਠੰਡਾ ਪਾਣੀ ਮੰਗਵਾਇਆ। ਕਾਂਤਾ ਚਾਚੀ ਘਰ ਨੂੰ ਨਿਹਾਰਨ ਲੱਗੀਆਂ। ਘਰ ਬਿਲਕੁਲ ਸ਼ਾਂਤ ਅਤੇ ਵਿਵਸਥਿਤ ਸੀ। "ਬਹੁਤ ਸੁਕੂਨ ਏ ਤੇਰੇ ਘਰ ਵਿੱਚ ਮਨੋਰਮਾ," ਉਨ੍ਹਾਂ ਨੇ ਇੱਕ ਡੂੰਘਾ ਸਾਹ ਭਰ ਕੇ ਕਿਹਾ।

"ਸੁਕੂਨ ਤਾਂ ਏ ਚਾਚੀ, ਪਰ ਕਦੇ-ਕਦੇ ਸੁੰਨਸਾਨ ਵੀ ਲੱਗਦਾ ਏ," ਮਨੋਰਮਾ ਨੇ ਸੱਚ ਕਿਹਾ।

ਤਦੇ ਮਨੋਰਮਾ ਦਾ ਫੋਨ ਵੱਜਿਆ। ਵੀਡੀਓ ਕਾਲ ਸੀ। ਸਕ੍ਰੀਨ ਉੱਤੇ ਰਿਆ ਅਤੇ ਜਿਆ ਦੋਵੇਂ ਸਨ।

"ਮਾਂ! ਹੈਪੀ ਐਨੀਵਰਸਰੀ ਇਨ ਐਡਵਾਂਸ!" ਦੋਵੇਂ ਇੱਕੋ ਸਮੇਂ ਚੀਕੀਆਂ।



ਮਨੋਰਮਾ ਖਿੜ-ਖਿੜਾ ਉੱਠੀ। "ਬਦਮਾਸ਼ੋ, ਕੱਲ੍ਹ ਏ ਸਾਲਗਿਰਾਹ।"

"ਪਤਾ ਏ ਮਾਂ," ਰਿਆ ਬੋਲੀ, "ਪਰ ਤੁਹਾਡਾ ਗਿਫਟ ਅੱਜ ਸ਼ਾਮ ਤੱਕ ਪਹੁੰਚ ਜਾਵੇਗਾ। ਅਤੇ ਸੁਣੋ, ਪਾਪਾ ਦੀ ਸ਼ੂਗਰ ਦੀ ਦਵਾਈ ਖਤਮ ਹੋ ਰਹੀ ਸੀ, ਮੈਂ ਔਨਲਾਈਨ ਆਰਡਰ ਕਰ ਦਿੱਤਾ ਏ, ਇੱਕ ਘੰਟੇ ਵਿੱਚ ਆ ਜਾਵੇਗਾ। ਅਤੇ ਮਾਂ, ਉਹ ਜੋ ਤੁਹਾਡੀ ਵਾਸ਼ਿੰਗ ਮਸ਼ੀਨ ਖਰਾਬ ਸੀ, ਮਕੈਨਿਕ ਨੂੰ ਬੁੱਕ ਕਰ ਦਿੱਤਾ ਏ, ਉਹ 4 ਵਜੇ ਆਵੇਗਾ। ਤੁਸੀਂ ਬੱਸ ਗੇਟ ਖੋਲ੍ਹ ਦੇਣਾ।"

ਕਾਂਤਾ ਚਾਚੀ ਇਹ ਸਭ ਦੇਖ ਅਤੇ ਸੁਣ ਰਹੀ ਸੀ। ਧੀਆਂ ਕੋਹਾਂ ਦੂਰ ਬੈਠ ਕੇ ਵੀ ਆਪਣੀ ਮਾਂ ਦੀ ਰਸੋਈ ਦੀ ਇੱਕ-ਇੱਕ ਖਬਰ ਰੱਖ ਰਹੀਆਂ ਸਨ। ਕਾਲ ਕੱਟਣ ਤੋਂ ਬਾਅਦ ਮਨੋਰਮਾ ਨੇ ਦੇਖਿਆ ਕਿ ਕਾਂਤਾ ਚਾਚੀ ਦੀਆਂ ਅੱਖਾਂ ਤੋਂ ਹੰਝੂ ਵਹਿ ਰਹੇ ਸਨ।

"ਕੀ ਹੋਇਆ ਚਾਚੀ?" ਮਨੋਰਮਾ ਨੇ ਘਬਰਾ ਕੇ ਪੁੱਛਿਆ।

ਕਾਂਤਾ ਚਾਚੀ ਦਾ ਬੰਨ੍ਹ ਟੁੱਟ ਗਿਆ। "ਮਨੋਰਮਾ, ਤੂੰ ਠੀਕ ਕਹਿੰਦੀ ਸੀ। ਰਾਜ ਕਰਨ ਦੇ ਸੁਪਨੇ ਦੇਖਣਾ ਆਸਾਨ ਏ, ਪਰ ਹਕੀਕਤ ਬਹੁਤ ਕੌੜੀ ਹੁੰਦੀ ਏ। ਮੇਰਾ ਘਰ ਭਰਿਆ ਹੋਇਆ ਏ, ਪਰ ਮੈਂ ਇਕੱਲੀ ਆਂ। ਮੇਰੇ ਤਿੰਨ ਪੁੱਤਰ ਨੇ, ਪਰ ਮੈਨੂੰ ਡਾਕਟਰ ਕੋਲ ਲੈ ਜਾਣ ਲਈ ਕਿਸੇ ਕੋਲ ਵਕਤ ਨਹੀਂ ਏ। ਸਭ ਕਹਿੰਦੇ ਨੇ—'ਮਾਂ, ਤੁਸੀਂ ਤਾਂ ਠੀਕ ਓ, ਬੱਸ ਵਹਿਮ ਏ'। ਅੱਜ ਸਵੇਰੇ ਪੈਰ ਮੁੜਿਆ, ਤਾਂ ਵਿਚਕਾਰਲੀ ਨੂੰਹ ਬੋਲੀ—'ਅੰਮਾਂ ਜੀ, ਦੇਖ ਕੇ ਚੱਲਿਆ ਕਰੋ, ਹੁਣ ਮੈਂ ਤੁਹਾਡੀ ਮਾਲਿਸ਼ ਕਰਾਂ ਜਾਂ ਬੱਚਿਆਂ ਦਾ ਟਿਫਿਨ ਬਣਾਵਾਂ?'"

ਕਾਂਤਾ ਚਾਚੀ ਸਿਸਕ ਰਹੀ ਸੀ। "ਮੈਨੂੰ ਲੱਗਦਾ ਸੀ ਕਿ ਪੁੱਤਰ ਸੇਵਾ ਕਰਨਗੇ। ਪਰ ਪੁੱਤਰ ਤਾਂ ਆਪਣੇ ਘਰ-ਗ੍ਰਿਹਸਤੀ ਦੀ ਚੱਕੀ ਵਿੱਚ ਇੰਝ ਪਿਸ ਗਏ ਨੇ ਕਿ ਉਨ੍ਹਾਂ ਨੂੰ ਮਾਂ-ਬਾਪ, ਫਰਨੀਚਰ ਦਾ ਪੁਰਾਣਾ ਟੁਕੜਾ ਲੱਗਣ ਲੱਗ ਪਏ ਨੇ। ਮੈਂ ਭਰੀ ਰਸੋਈ ਵਿੱਚ ਆਪਣੇ ਲਈ ਰੋਟੀਆਂ ਖੁਦ ਸੇਕਦੀ ਆਂ ਮਨੋਰਮਾ। ਉਹ ਕਹਿੰਦੇ ਨੇ—'ਮਾਂ, ਅਸੀਂ ਤਾਂ ਪਿੱਜ਼ਾ ਮੰਗਵਾਇਆ ਏ, ਤੁਸੀਂ ਖਾਓਗੇ ਨਹੀਂ, ਤਾਂ ਆਪਣੇ ਲਈ ਖਿਚੜੀ ਬਣਾ ਲਓ।' ਬੁਢਾਪੇ ਵਿੱਚ ਰਾਣੀਆਂ ਵਾਲੀ ਜ਼ਿੰਦਗੀ ਤਾਂ ਦੂਰ, ਮੈਨੂੰ ਤਾਂ ਆਪਣੀ ਇੱਜ਼ਤ ਬਚਾਉਣੀ ਭਾਰੀ ਪੈ ਰਹੀ ਏ।"

ਮਨੋਰਮਾ ਨੇ ਚਾਚੀ ਦਾ ਹੱਥ ਫੜ ਲਿਆ। ਉਹ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਦੇਣਾ ਚਾਹੁੰਦੀ ਸੀ, ਨਾ ਹੀ 'ਮੈਂ ਤਾਂ ਕਿਹਾ ਸੀ' ਬੋਲ ਕੇ ਉਨ੍ਹਾਂ ਨੂੰ ਨੀਵਾਂ ਦਿਖਾਉਣਾ ਚਾਹੁੰਦੀ ਸੀ।

ਕੁਝ ਦਿਨ ਬਾਅਦ, ਮਨੋਰਮਾ ਦੇ ਪਤੀ ਰਮੇਸ਼ ਜੀ ਨੂੰ ਅਚਾਨਕ ਦਿਲ ਦਾ ਦੌਰਾ ਪਿਆ। ਇਹ ਖਬਰ ਕਲੋਨੀ ਵਿੱਚ ਅੱਗ ਵਾਂਗੂ ਫੈਲ ਗਈ। ਕਾਂਤਾ ਚਾਚੀ ਘਬਰਾ ਗਈ। ਉਨ੍ਹਾਂ ਨੂੰ ਲੱਗਿਆ, ਹੁਣ ਮਨੋਰਮਾ ਕੀ ਕਰੇਗੀ? ਇਕੱਲੀ ਔਰਤ, ਧੀਆਂ ਦੂਰ ਬੈਠੀਆਂ ਨੇ, ਕਿਵੇਂ ਸੰਭਾਲੇਗੀ ਸਭ? ਕਾਂਤਾ ਚਾਚੀ ਖੂੰਡੀ ਦੇ ਸਹਾਰੇ ਹਸਪਤਾਲ ਪਹੁੰਚੀ, ਇਹ ਸੋਚ ਕੇ ਕਿ ਮਨੋਰਮਾ ਇਕੱਲੀ ਵਿਲਕ ਰਹੀ ਹੋਵੇਗੀ।

ਪਰ ਜਦੋਂ ਉਹ ਹਸਪਤਾਲ ਦੇ ਪ੍ਰਾਈਵੇਟ ਵਾਰਡ ਵਿੱਚ ਪਹੁੰਚੀ, ਤਾਂ ਨਜ਼ਾਰਾ ਦੇਖ ਕੇ ਹੈਰਾਨ ਰਹਿ ਗਈ।

ਰਮੇਸ਼ ਜੀ ਬਿਸਤਰੇ ਉੱਤੇ ਸਨ, ਉਨ੍ਹਾਂ ਦੀ ਹਾਲਤ ਸਥਿਰ ਸੀ। ਰਿਆ ਅਤੇ ਜਿਆ, ਦੋਵੇਂ ਉੱਥੇ ਮੌਜੂਦ ਸਨ। ਰਿਆ ਡਾਕਟਰ ਨਾਲ ਫਾਈਲਾਂ ਉੱਤੇ ਚਰਚਾ ਕਰ ਰਹੀ ਸੀ, ਅਤੇ ਜਿਆ ਆਪਣੇ ਲੈਪਟਾਪ ਉੱਤੇ ਸ਼ਾਇਦ ਦਫਤਰ ਦਾ ਕੰਮ ਵੀ ਨਿਪਟਾ ਰਹੀ ਸੀ ਅਤੇ ਪਿਤਾ ਲਈ ਜੂਸ ਵੀ ਕੱਢ ਰਹੀ ਸੀ। ਕਮਰੇ ਵਿੱਚ ਸਭ ਕੁਝ ਵਿਵਸਥਿਤ ਸੀ। ਕਿਸੇ ਦੇ ਚਿਹਰੇ ਉੱਤੇ ਲਾਚਾਰੀ ਨਹੀਂ, ਬਲਕਿ ਆਤਮਵਿਸ਼ਵਾਸ ਸੀ।

ਕਾਂਤਾ ਚਾਚੀ ਨੇ ਦੱਬੀ ਆਵਾਜ਼ ਵਿੱਚ ਮਨੋਰਮਾ ਤੋਂ ਪੁੱਛਿਆ, "ਇਹ ਦੋਵੇਂ ਇੰਨੀ ਜਲਦੀ ਕਿਵੇਂ ਆ ਗਈਆਂ?"

ਮਨੋਰਮਾ ਨੇ ਮਾਣ ਨਾਲ ਧੀਆਂ ਵੱਲ ਦੇਖਿਆ। "ਚਾਚੀ, ਜਿਵੇਂ ਹੀ ਖਬਰ ਮਿਲੀ, ਰਿਆ ਨੇ ਬੈਂਗਲੋਰ ਤੋਂ ਅਤੇ ਜਿਆ ਨੇ ਮੁੰਬਈ ਤੋਂ ਪਹਿਲੀ ਫਲਾਈਟ ਫੜੀ। ਅਤੇ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਨੇ ਇੱਥੇ ਦੇ ਬੈਸਟ ਕਾਰਡੀਓਲੋਜਿਸਟ ਨਾਲ ਗੱਲ ਕਰ ਲਈ ਸੀ। ਐਂਬੂਲੈਂਸ ਵੀ ਇਨ੍ਹਾਂ ਨੇ ਹੀ ਭੇਜੀ ਸੀ। ਮੈਨੂੰ ਤਾਂ ਬੱਸ ਐਂਬੂਲੈਂਸ ਵਿੱਚ ਬੈਠਣਾ ਪਿਆ। ਪੈਸਿਆਂ ਦਾ ਇੰਤਜ਼ਾਮ, ਦਵਾਈਆਂ, ਇੱਥੋਂ ਤੱਕ ਕਿ ਮੇਰੇ ਖਾਣ-ਪੀਣ ਦਾ ਖਿਆਲ... ਸਭ ਇਨ੍ਹਾਂ ਦੋਵਾਂ ਨੇ ਸੰਭਾਲ ਲਿਆ।"

ਕਾਂਤਾ ਚਾਚੀ ਨੇ ਦੇਖਿਆ ਕਿ ਰਿਆ ਆਪਣੇ ਪਿਤਾ ਦੇ ਸਿਰ ਉੱਤੇ ਹੱਥ ਫੇਰ ਰਹੀ ਸੀ ਅਤੇ ਕਹਿ ਰਹੀ ਸੀ, "ਪਾਪਾ, ਤੁਸੀਂ ਟੈਂਸ਼ਨ ਨਾ ਲਓ, ਮੈਂ ਅਤੇ ਜਿਆ ਨੇ ਫੈਸਲਾ ਕੀਤਾ ਏ ਕਿ ਅਸੀਂ ਰੋਟੇਸ਼ਨ ਵਿੱਚ ਵਰਕ-ਫਰੋਮ-ਹੋਮ ਕਰਾਂਗੀਆਂ ਅਤੇ ਅਗਲੇ ਦੋ ਮਹੀਨੇ ਤੁਹਾਡੇ ਨਾਲ ਹੀ ਰਹਾਂਗੀਆਂ।"

ਉਸ ਪਲ ਕਾਂਤਾ ਚਾਚੀ ਨੂੰ ਆਪਣੀ ਉਹ ਗੱਲ ਯਾਦ ਆ ਗਈ—"ਤੂੰ ਆਪਣੇ ਲਈ ਖਾਣਾ ਬਣਾਏਗੀ, ਖਪੇਂਗੀ।" ਅੱਜ ਹਸਪਤਾਲ ਵਿੱਚ ਖੜ੍ਹੇ ਹੋ ਕੇ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ 'ਖਪ' ਤਾਂ ਉਹ ਰਹੀ ਆ, ਆਪਣੇ ਭਰੇ-ਪੂਰੇ ਘਰ ਵਿੱਚ। ਅਤੇ ਮਨੋਰਮਾ? ਮਨੋਰਮਾ ਤਾਂ ਸੱਚ ਵਿੱਚ ਰਾਣੀ ਵਾਂਗੂ ਜੀ ਰਹੀ ਸੀ, ਕਿਉਂਕਿ ਉਸਦੀਆਂ ਧੀਆਂ ਨੇ ਉਸਨੂੰ ਕਦੇ 'ਬੋਝ' ਮਹਿਸੂਸ ਹੀ ਨਹੀਂ ਹੋਣ ਦਿੱਤਾ।

ਸ਼ਾਮ ਨੂੰ ਜਦੋਂ ਕਾਂਤਾ ਚਾਚੀ ਘਰ ਵਾਪਸ ਆਈ ਤਾਂ ਉਨ੍ਹਾਂ ਦੇ ਘਰ ਵਿੱਚ ਟੀਵੀ ਦੀ ਤੇਜ਼ ਆਵਾਜ਼ ਆ ਰਹੀ ਸੀ। ਡਰਾਇੰਗ ਰੂਮ ਵਿੱਚ ਉਨ੍ਹਾਂ ਦੇ ਪੁੱਤਰ ਅਤੇ ਨੂੰਹਾਂ ਹਾਸਾ-ਮਜ਼ਾਕ ਕਰ ਰਹੇ ਸਨ। ਕਿਸੇ ਨੇ ਇਹ ਵੀ ਨਹੀਂ ਪੁੱਛਿਆ ਕਿ "ਮਾਂ, ਤੁਸੀਂ ਕਿੱਥੇ ਗਏ ਸੀ?" ਜਾਂ "ਮਾਂ, ਤੁਹਾਨੂੰ ਭੁੱਖ ਲੱਗੀ ਏ?" ਕਾਂਤਾ ਚਾਚੀ ਚੁੱਪਚਾਪ ਆਪਣੇ ਕਮਰੇ ਵਿੱਚ ਗਈ। ਹਨੇਰਾ ਪਸਰਿਆ ਹੋਇਆ ਸੀ। ਉਨ੍ਹਾਂ ਨੇ ਪਾਣੀ ਦਾ ਜੱਗ ਚੁੱਕਿਆ, ਜੋ ਖਾਲੀ ਸੀ।

(ਚੱਲਦਾ) ਲਿਖਤ ਪਰਵੇਜ਼ ਸੰਧੂ

# ਏਸ਼ੀਅਨ ਖੇਡਾਂ 'ਚ ਭਾਰਤ ਦੇ ਕੁੱਲ ਚਾਰ ਸੋਨ ਤਗਮਿਆਂ 'ਚੋਂ ਤਿੰਨ ਚੰਡੀਗੜ੍ਹ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਜਿੱਤੇ : ਐਮ.ਪੀ. ਸਤਨਾਮ ਸਿੰਘ ਸੰਧੂ




ਚੰਡੀਗੜ੍ਹ : ਜਪਾਨ ਵਿੱਚ ਹੋ ਰਹੀਆਂ ਏਸ਼ੀਅਨ ਗੇਮਜ਼ 2026 ਵਿੱਚ ਭਾਰਤ ਵੱਲੋਂ ਹੁਣ ਤੱਕ ਜਿੱਤੇ ਗਏ ਕੁੱਲ ਚਾਰ ਸੋਨ ਤਗਮਿਆਂ ਵਿੱਚੋਂ ਤਿੰਨ ਸੋਨ ਤਗਮੇ ਆਪਣੇ ਨਾਂ ਕਰਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀ ਖਿਡਾਰੀਆਂ ਨੇ ਇਸ ਮਹਾਂਦੀਪੀ ਖੇਡ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ । ਤਗਮਿਆਂ ਦੀ ਇਹ ਸ਼ਾਨਦਾਰ ਪ੍ਰਾਪਤੀ 10 ਮੀਟਰ ਏਅਰ ਪਿਸਟਲ ਮਿਸ਼ਰਤ ਟੀਮ, ਮਹਿਲਾ ਕਬੱਡੀ ਅਤੇ ਪੁਰਸ਼ ਕਬੱਡੀ ਮੁਕਾਬਲਿਆਂ ਵਿੱਚ ਹੋਈ ਹੈ, ਜਿਸ ਨਾਲ ਏਸ਼ੀਆ ਦੇ ਸਭ ਤੋਂ ਵੱਡੇ ਬਹੁ ਖੇਡ ਮੁਕਾਬਲਿਆਂ ਵਿੱਚੋਂ ਇੱਕ ਵਿੱਚ ਭਾਰਤ ਦੀ ਸੁਨਹਿਰੀ ਮੁਹਿੰਮ ਦੇ ਕੇਂਦਰ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਖਿਡਾਰੀ ਰਹੇ ਹਨ। ਏਸ਼ੀਅਨ ਗੇਮਜ਼ 2026 ਵਿੱਚ ਕਬੱਡੀ ਚੰਡੀਗੜ੍ਹ ਯੂਨੀਵਰਸਿਟੀ ਲਈ ਸੁਨਹਿਰੀ ਮੈਦਾਨ ਸਾਬਤ ਹੋਈ। ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਕਬੱਡੀ ਟੀਮਾਂ ਵਿੱਚ ਸੀਯੂ ਦੇ ਚਾਰ ਖਿਡਾਰੀ ਸ਼ਾਮਲ ਰਹੇ ਅਤੇ ਦੋਵਾਂ ਟੀਮਾਂ ਨੇ ਆਪੋ ਆਪਣੇ ਮੁਕਾਬਲਿਆਂ ਵਿੱਚ ਸੋਨ ਤਗਮੇ ਹਾਸਲ ਕੀਤੇ।

ਚੰਡੀਗੜ੍ਹ ਯੂਨੀਵਰਸਿਟੀ ਦੀ ਪੁਸ਼ਪਾ ਰਾਣਾ ਦੀ ਕਪਤਾਨੀ ਹੇਠ ਭਾਰਤੀ ਮਹਿਲਾ ਕਬੱਡੀ ਟੀਮ ਨੇ ਸੋਨ ਤਗਮਾ ਜਿੱਤਿਆ, ਉੱਥੇ ਹੀ ਪੁਰਸ਼ ਕਬੱਡੀ ਟੀਮ ਦੇ ਉਪ ਕਪਤਾਨ ਪਵਨ ਸਹਿਰਾਵਤ ਦੇ ਨਾਲ ਸੀਯੂ ਦੇ ਖਿਡਾਰੀ ਅਸਲਮ ਇਨਾਮਦਾਰ ਅਤੇ ਆਸ਼ੂ ਮਲਿਕ ਨੇ ਭਾਰਤ ਦੀ ਪੁਰਸ਼ ਮੁਹਿੰਮ ਨੂੰ ਇੱਕ ਹੋਰ ਸੋਨ ਤਗਮੇ ਤੱਕ ਪਹੁੰਚਾਇਆ। ਇਸ ਤਰ੍ਹਾਂ ਸੀਯੂ ਦੇ ਇਹ ਚਾਰ ਖਿਡਾਰੀ ਆਇਚੀ ਨਾਗੋਯਾ ਏਸ਼ੀਅਨ ਗੇਮਜ਼ ਵਿੱਚ ਸੋਨ ਤਗਮਾ ਜਿੱਤਣ ਵਾਲੀਆਂ ਭਾਰਤ ਦੀਆਂ ਦੋਵੇਂ ਕਬੱਡੀ ਟੀਮਾਂ ਦਾ ਹਿੱਸਾ ਰਹੇ। ਸੀਯੂ ਦੀ ਖਿਡਾਰਨ ਪੁਸ਼ਪਾ ਰਾਣਾ ਦੀ ਅਗਵਾਈ ਹੇਠ ਭਾਰਤੀ ਮਹਿਲਾ ਟੀਮ ਨੇ ਸਖ਼ਤ ਸੰਘਰਸ਼ ਭਰੇ ਪ੍ਰਦਰਸ਼ਨ ਨਾਲ ਫਾਈਨਲ ਵਿੱਚ ਈਰਾਨ ਨੂੰ 37 ਦੇ ਮੁਕਾਬਲੇ 34 ਅੰਕਾਂ ਨਾਲ ਹਰਾਇਆ ਅਤੇ ਏਸ਼ੀਅਨ ਗੇਮਜ਼ ਵਿੱਚ ਭਾਰਤ ਦਾ ਖ਼ਿਤਾਬ ਸਫ਼ਲਤਾਪੂਰਵਕ ਬਰਕਰਾਰ ਰੱਖਿਆ।

ਇਸ ਤੋਂ ਬਾਅਦ ਭਾਰਤੀ ਪੁਰਸ਼ ਕਬੱਡੀ ਟੀਮ ਨੇ ਫਾਈਨਲ ਵਿੱਚ ਈਰਾਨ ਨੂੰ 39 ਦੇ ਮੁਕਾਬਲੇ 35 ਅੰਕਾਂ ਨਾਲ ਹਰਾ ਕੇ ਏਸ਼ੀਅਨ ਗੇਮਜ਼ ਦਾ ਆਪਣਾ ਤਾਜ ਬਰਕਰਾਰ ਰੱਖਿਆ ਅਤੇ ਕਬੱਡੀ ਵਿੱਚ ਸੋਨ ਤਗਮਿਆਂ ਦਾ ਦੋਹਰਾ ਕਾਰਨਾਮਾ ਪੂਰਾ ਕੀਤਾ। ਚੰਡੀਗੜ੍ਹ ਯੂਨੀਵਰਸਿਟੀ ਦੇ ਖਿਡਾਰੀ ਆਸ਼ੂ ਮਲਿਕ, ਅਸਲਮ ਇਨਾਮਦਾਰ ਅਤੇ ਪਵਨ ਸਹਿਰਾਵਤ ਸੋਨ ਤਗਮਾ ਜੇਤੂ ਭਾਰਤੀ ਟੀਮ ਦਾ ਹਿੱਸਾ ਸਨ, ਜਿਸ ਨਾਲ ਗੇਮਜ਼ ਵਿੱਚ ਭਾਰਤ ਦੀਆਂ ਦੋਵੇਂ ਕਬੱਡੀ ਜਿੱਤਾਂ ਵਿੱਚ ਯੂਨੀਵਰਸਿਟੀ ਦੀ ਨੁਮਾਇੰਦਗੀ ਰਹੀ। ਚੰਡੀਗੜ੍ਹ ਯੂਨੀਵਰਸਿਟੀ ਦੀ ਸੁਰੁਚੀ ਸਿੰਘ ਨੇ 10 ਮੀਟਰ ਏਅਰ ਪਿਸਟਲ ਮਿਸ਼ਰਤ ਟੀਮ ਮੁਕਾਬਲੇ ਵਿੱਚ ਸੋਨ ਤਗਮਾ ਜਿੱਤਿਆ।

ਜਪਾਨ ਵਿੱਚ ਹੋਈਆਂ ਏਸ਼ੀਅਨ ਗੇਮਜ਼ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀ ਖਿਡਾਰੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ਉੱਤੇ ਖੁਸ਼ੀ ਜ਼ਾਹਰ ਕਰਦਿਆਂ ਰਾਜ ਸਭਾ ਮੈਂਬਰ ਪਾਰਲੀਮੈਂਟ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ, "ਇਹ ਸੱਚਮੁੱਚ ਸਾਡੇ ਸਾਰਿਆਂ ਲਈ ਮਾਣ ਵਾਲਾ ਪਲ ਹੈ ਕਿ ਭਾਰਤ ਵੱਲੋਂ ਜਿੱਤੇ ਗਏ ਕੁੱਲ 4 ਸੋਨ ਤਗਮਿਆਂ ਵਿੱਚੋਂ 3 ਸੋਨ ਤਗਮੇ ਚੰਡੀਗੜ੍ਹ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਜਿੱਤੇ ਹਨ। ਜਪਾਨ ਵਿੱਚ ਹੋ ਰਹੀਆਂ ਏਸ਼ੀਅਨ ਗੇਮਜ਼ 2026 ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦਾ 24 ਖਿਡਾਰੀਆਂ ਦਾ ਇੱਕ ਮਜ਼ਬੂਤ ਦਲ 12 ਖੇਡਾਂ ਵਿੱਚ ਹਿੱਸਾ ਲੈ ਰਿਹਾ ਹੈ। ਸੀਯੂ ਨੇ ਇਸ ਤੋਂ ਪਹਿਲਾਂ ਲਗਾਤਾਰ ਦੋ ਸਾਲ ਵੱਕਾਰੀ ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ ਦਾ ਖ਼ਿਤਾਬ ਜਿੱਤ ਕੇ ਅਜਿਹਾ ਕਰਨ ਵਾਲੀ ਦੇਸ਼ ਦੀ ਪਹਿਲੀ ਯੂਨੀਵਰਸਿਟੀ ਬਣਨ ਦਾ ਵਿਲੱਖਣ ਮਾਣ ਹਾਸਲ ਕੀਤਾ ਸੀ। ਇਸ ਤੋਂ ਵੀ ਪਹਿਲਾਂ ਸੀਯੂ ਵੱਕਾਰੀ ਮੌਲਾਨਾ ਅਬੁਲ ਕਲਾਮ ਆਜ਼ਾਦ (ਮਾਕਾ) ਟਰਾਫੀ ਜਿੱਤਣ ਵਾਲੀ ਦੇਸ਼ ਦੀ ਪਹਿਲੀ ਨਿੱਜੀ ਯੂਨੀਵਰਸਿਟੀ ਬਣੀ ਸੀ।"

# ਭਾਰਤੀ ਨਿਸ਼ਾਨੇਬਾਜ਼ ਨੀਰੂ ਢਾਂਡਾ ਨੇ ਏਸ਼ੀਅਨ ਖੇਡਾਂ 'ਚ ਜਿੱਤਿਆ ਸੋਨੇ ਦਾ ਤਗਮਾ



ਨਗੋਆ (ਜਾਪਾਨ) : ਨੀਰੂ ਢਾਂਡਾ ਨੇ ਏਸ਼ੀਆਈ ਖੇਡਾਂ ਦੀ ਮਹਿਲਾ ਟ੍ਰੈਪ ਵਿਅਕਤੀਗਤ ਮੁਕਾਬਲੇ 'ਚ ਮੰਗਲਵਾਰ ਨੂੰ ਇਤਿਹਾਸ ਰਚਦਿਆਂ ਭਾਰਤ ਲਈ ਪਹਿਲਾ ਸੋਨ ਤਗ਼ਮਾ ਜਿੱਤਿਆ। ਉਨ੍ਹਾਂ ਨੇ 28 ਅੰਕਾਂ ਦੇ ਨਾਲ ਨਵਾਂ ਏਸ਼ੀਆਈ ਰਿਕਾਰਡ ਵੀ ਕਾਇਮ ਕੀਤਾ। ਇਸ ਤੋਂ ਪਹਿਲਾਂ ਕੋਈ ਭਾਰਤੀ ਮਹਿਲਾ ਟ੍ਰੈਪ ਜਾਂ ਸਕੀਟ ਨਿਸ਼ਾਨੇਬਾਜ਼ ਏਸ਼ੀਆਈ ਖੇਡਾਂ 'ਚ ਵਿਅਕਤੀਗਤ ਤਗ਼ਮਾ ਨਹੀਂ ਜਿੱਤ ਸਕੀ ਸੀ।

ਹਰਿਆਣਾ ਦੀ 26 ਸਾਲਾ ਨੀਰੂ ਨੇ ਇਸ ਤੋਂ ਪਹਿਲਾਂ ਮਹਿਲਾ ਟ੍ਰੈਪ ਟੀਮ ਮੁਕਾਬਲੇ 'ਚ ਵੀ ਭਾਰਤ ਨੂੰ ਚਾਂਦੀ ਦਾ ਤਗ਼ਮਾ ਦਿਵਾਉਣ 'ਚ ਅਹਿਮ ਭੂਮਿਕਾ ਨਿਭਾਈ। ਉਹ ਜੁਲਾਈ 'ਚ ਇਟਲੀ 'ਚ ਹੋਏ ਸ਼ਾਟਗਨ ਵਿਸ਼ਵ ਕੱਪ 'ਚ ਟ੍ਰੈਪ ਮੁਕਾਬਲੇ ਦਾ ਗੋਲਡ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ ਸੀ। ਨੀਰੂ ਨੇ ਫਾਈਨਲ 'ਚ 28 ਅੰਕ ਹਾਸਲ ਕੀਤੇ, ਜੋ ਪਿਛਲੇ 24 ਅੰਕਾਂ ਦੇ ਏਸ਼ੀਆਈ ਰਿਕਾਰਡ ਤੋਂ ਬਿਹਤਰ ਹੈ। ਚੀਨ ਦੀ ਸੁਨ ਯੂਨੋਂਗ ਨੇ 26 ਅੰਕਾਂ ਨਾਲ ਚਾਂਦੀ ਦਾ ਤਗ਼ਮਾ ਜਿੱਤਿਆ, ਜਦਕਿ ਕੁਵੈਤ ਦੀ ਅਬਦੁਲਮਲਿਕ ਹਾਜਰ ਨੇ 21 ਅੰਕਾਂ ਨਾਲ ਕਾਂਸੀ ਦਾ ਤਗ਼ਮਾ (ਬਰੌਂਜ਼ ਮੈਡਲ) ਹਾਸਲ ਕੀਤਾ।

ਨੀਰੂ ਨੇ ਕਿਹਾ, ''ਮੈਂ ਇਹ ਤਗ਼ਮਾ ਭਾਰਤੀ ਫ਼ੌਜ ਦੇ ਉਨ੍ਹਾਂ ਜਵਾਨਾਂ ਨੂੰ ਸਮਰਪਿਤ ਕਰਦੀ ਹਾਂ, ਜੋ ਦੇਸ਼ ਦੀ ਰਾਖੀ ਲਈ ਇਸ ਤੋਂ ਵੀ ਵੱਡਾ ਕੰਮ ਕਰਦੇ ਹਨ। ਨਾਲ ਹੀ ਇਸ ਨੂੰ ਸਵਰਗੀ ਰਾਜਾ ਰਣਧੀਰ ਸਿੰਘ ਨੂੰ ਸਮਰਪਿਤ ਕਰਦੀ ਹਾਂ, ਜਿਨ੍ਹਾਂ ਨੇ 1978 'ਚ ਏਸ਼ੀਆਈ ਖੇਡਾਂ 'ਚ ਭਾਰਤ ਲਈ ਪਹਿਲਾ ਟ੍ਰੈਪ ਸੋਨ ਤਗ਼ਮਾ ਜਿੱਤਿਆ ਸੀ।'' ਆਪਣੇ ਹੁਣ ਤੱਕ ਦੇ ਸਫ਼ਰ ਬਾਰੇ ਉਨ੍ਹਾਂ ਕਿਹਾ, ''2018 ਜਕਾਰਤਾ ਏਸ਼ੀਆਈ ਖੇਡਾਂ 'ਚ ਟ੍ਰੈਪ ਮੁਕਾਬਲੇ ਦਾ ਚਾਂਦੀ ਦਾ ਤਗ਼ਮਾ ਜਿੱਤਣ ਵਾਲੇ ਮੇਰੇ ਚਚੇਰੇ ਭਰਾ ਲਕਸ਼ੈ ਸ਼ਿਓਰਾਨ ਨੇ ਮੈਨੂੰ ਟ੍ਰੈਪ ਨਿਸ਼ਾਨੇਬਾਜ਼ੀ ਅਪਣਾਉਣ ਲਈ ਪ੍ਰੇਰਿਤ ਕੀਤਾ। ਮੈਂ ਬਾਅਦ 'ਚ ਭੋਪਾਲ ਸਥਿਤ ਮੱਧ ਪ੍ਰਦੇਸ਼ ਨਿਸ਼ਾਨੇਬਾਜ਼ੀ ਅਕਾਦਮੀ ਚਲੀ ਗਈ, ਕਿਉਂਕਿ ਉੱਥੇ ਮੈਨੂੰ ਨਿਸ਼ਾਨੇਬਾਜ਼ੀ ਦੇ ਅਭਿਆਸ ਲਈ ਬੰਦੂਕ ਅਤੇ ਕਾਰਤੂਸ ਮੁਫ਼ਤ 'ਚ ਮਿਲ ਰਹੇ ਸਨ।'' ਇਸ ਤੋਂ ਪਹਿਲਾਂ ਕਿਸੇ ਵੀ ਭਾਰਤੀ ਮਹਿਲਾ ਟ੍ਰੈਪ ਨਿਸ਼ਾਨੇਬਾਜ਼ ਨੇ ਏਸ਼ੀਆਈ ਖੇਡਾਂ ਦੇ ਵਿਅਕਤੀਗਤ ਮੁਕਾਬਲੇ 'ਚ ਤਗ਼ਮਾ ਨਹੀਂ ਜਿੱਤਿਆ ਸੀ।

ਭਾਰਤ ਲਈ ਪੁਰਸ਼ ਟ੍ਰੈਪ ਦੇ ਵਿਅਕਤੀਗਤ ਮੁਕਾਬਲੇ 'ਚ 1978 'ਚ ਰਣਧੀਰ ਸਿੰਘ ਨੇ ਇਤਿਹਾਸਕ ਸੋਨ ਤਗ਼ਮਾ ਜਿੱਤਿਆ ਸੀ, ਜਦਕਿ 2010 ਏਸ਼ੀਆਈ ਖੇਡਾਂ 'ਚ ਰੋਂਜਨ ਸੋਢੀ ਨੇ ਪੁਰਸ਼ ਡਬਲ ਟ੍ਰੈਪ ਦਾ ਵਿਅਕਤੀਗਤ ਸੋਨਾ ਹਾਸਲ ਕੀਤਾ ਸੀ। ਨੀਰੂ ਨੇ 118 ਅੰਕਾਂ ਨਾਲ ਕਤਰ ਦੀ ਰੇ ਬੇਸਿਲ ਨਾਲ ਸਾਂਝੇ ਤੌਰ 'ਤੇ ਚੋਟੀ 'ਤੇ ਰਹਿੰਦਿਆਂ ਅੱਠ ਨਿਸ਼ਾਨੇਬਾਜ਼ਾਂ ਦੇ ਫਾਈਨਲ 'ਚ ਜਗ੍ਹਾ ਬਣਾਈ ਸੀ। 118 ਅੰਕ ਕੁਆਲੀਫਿਕੇਸ਼ਨ 'ਚ ਖੇਡਾਂ ਦਾ ਰਿਕਾਰਡ ਵੀ ਰਿਹਾ। ਮਹਿਲਾ ਟ੍ਰੈਪ ਟੀਮ ਮੁਕਾਬਲੇ 'ਚ ਨੀਰੂ (118), ਆਸ਼ੀਮਾ ਅਹਲਾਵਤ (106) ਅਤੇ ਮਨੀਸ਼ਾ ਕੀਰ (104) ਦੀ ਭਾਰਤੀ ਟੀਮ ਨੇ ਕੁੱਲ 328 ਅੰਕਾਂ ਨਾਲ ਚਾਂਦੀ ਦਾ ਤਗ਼ਮਾ ਜਿੱਤਿਆ। ਚੀਨ ਦੀ ਲਿਊ ਸ਼ਾਨਸ਼ਾਨ, ਯੂਨੋਂਗ ਅਤੇ ਝੂ ਜਿੰਗਯੂ ਦੀ ਟੀਮ ਨੇ 346 ਅੰਕਾਂ ਨਾਲ ਸੋਨ ਤਗ਼ਮਾ ਹਾਸਲ ਕੀਤਾ। ਕੁਵੈਤ ਦੀ ਅਲਹਵਾਲ ਸ਼ਾਹਦ, ਅਬਦੁਲਮਲਿਕ ਹਾਜਰ ਅਤੇ ਅਲਹਵਾਲ ਸਾਰਾ ਦੀ ਟੀਮ ਨੇ 325 ਅੰਕਾਂ ਨਾਲ ਕਾਂਸੀ ਦਾ ਤਗ਼ਮਾ ਜਿੱਤਿਆ। ਵਿਅਕਤੀਗਤ ਕੁਆਲੀਫਿਕੇਸ਼ਨ 'ਚ ਆਸ਼ੀਮਾ ਅਹਲਾਵਤ 16ਵੇਂ ਅਤੇ ਮਨੀਸ਼ਾ ਕੀਰ 23ਵੇਂ ਸਥਾਨ 'ਤੇ ਰਹੀਆਂ ਅਤੇ ਫਾਈਨਲ 'ਚ ਜਗ੍ਹਾ ਨਹੀਂ ਬਣਾ ਸਕੀਆਂ।

# ਜੈਵਲਿਨ ਥਰੋਅ 'ਚ ਯਸ਼ਵੀਰ ਸਿੰਘ ਨੇ ਚਾਂਦੀ ਅਤੇ ਰੋਹਿਤ ਯਾਦਵ ਨੇ ਜਿੱਤਿਆ ਕਾਂਸੀ ਦਾ ਤਗ਼ਮੇ




ਏਸ਼ਿਆਈ ਖੇਡਾਂ ਦੇ ਨੇਜ਼ਾ ਸੁੱਟਣ (ਜੈਵਲਿਨ ਥਰੋਅ) ਦੇ ਮੁਕਾਬਲੇ ਵਿੱਚ ਦੁਨੀਆਂ ਦੇ ਨੰਬਰ ਇੱਕ ਖਿਡਾਰੀ ਸ੍ਰੀਲੰਕਾ ਦੇ ਰਮੇਸ਼ ਥਰੰਗਾ ਨੇ ਭਾਰਤ ਦੀਆਂ ਸੋਨ ਤਗ਼ਮਾ ਜਿੱਤਣ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਪਰ ਯਸ਼ਵੀਰ ਸਿੰਘ ਅਤੇ ਰੋਹਿਤ ਯਾਦਵ ਕ੍ਰਮਵਾਰ ਚਾਂਦੀ ਅਤੇ ਕਾਂਸੀ ਦੇ ਤਗ਼ਮੇ ਜਿੱਤਣ ਵਿੱਚ ਕਾਮਯਾਬ ਰਹੇ।

ਮੁਕਾਬਲੇ ਵਿੱਚ ਰਮੇਸ਼ ਥਰੰਗਾ ਨੇ 88.55 ਮੀਟਰ ਨੇਜ਼ਾ ਸੁੱਟ ਕੇ ਸੋਨੇ ਦਾ ਤਗ਼ਮਾ ਆਪਣੇ ਨਾਂ ਕੀਤਾ। ਯਸ਼ਵੀਰ ਨੇ 85.72 ਮੀਟਰ ਦੇ ਆਪਣੇ ਨਿੱਜੀ ਸਰਵੋਤਮ ਪ੍ਰਦਰਸ਼ਨ ਨਾਲ ਚਾਂਦੀ ਜਿੱਤੀ; ਰੋਹਿਤ ਯਾਦਵ ਨੇ 84.35 ਮੀਟਰ ਨਾਲ ਕਾਂਸੇ ਦਾ ਤਗ਼ਮਾ ਹਾਸਲ ਕੀਤਾ। ਦੂਜੇ ਪਾਸੇ ਪਾਕਿਸਤਾਨ ਦਾ ਮੌਜੂਦਾ ਓਲੰਪਿਕ ਚੈਂਪੀਅਨ ਅਤੇ ਏਸ਼ਿਆਈ ਰਿਕਾਰਡ ਧਾਰਕ ਅਰਸ਼ਦ ਨਦੀਮ 80.29 ਮੀਟਰ ਦੀ ਥਰੋਅ ਨਾਲ ਚੌਥੇ ਸਥਾਨ 'ਤੇ ਰਿਹਾ। ਉਸ ਦੀਆਂ ਚਾਰ ਕੋਸ਼ਿਸ਼ਾਂ ਫਾਊਲ ਰਹੀਆਂ।

ਮੁਕਾਬਲੇ ਦੇ ਸ਼ੁਰੂ ਵਿੱਚ ਯਸ਼ਵੀਰ ਨੇ 83.56 ਮੀਟਰ ਦੀ ਥਰੋਅ ਨਾਲ ਲੀਡ ਬਣਾਈ ਸੀ, ਪਰ ਤੀਜੇ ਗੇੜ ਵਿੱਚ ਰੋਹਿਤ 84.35 ਮੀਟਰ ਨੇਜ਼ਾ ਸੁੱਟ ਕੇ ਸਿਖਰ 'ਤੇ ਪੁੱਜ ਗਿਆ। ਅੱਧੇ ਮੁਕਾਬਲੇ ਤੱਕ ਦੋਵੇਂ ਭਾਰਤੀ ਖਿਡਾਰੀ ਪਹਿਲੇ ਦੋ ਸਥਾਨਾਂ 'ਤੇ ਕਾਬਜ਼ ਸਨ। ਹਾਲਾਂਕਿ ਚੌਥੇ ਗੇੜ 'ਚ ਰਮੇਸ਼ ਨੇ 88.33 ਮੀਟਰ ਦੀ ਥਰੋਅ ਕਰ ਕੇ ਪਾਸਾ ਪਲਟ ਦਿੱਤਾ ਅਤੇ ਆਪਣੀ ਆਖਰੀ ਕੋਸ਼ਿਸ਼ ਵਿੱਚ ਇਸ ਨੂੰ 88.55 ਮੀਟਰ ਤੱਕ ਪਹੁੰਚਾ ਦਿੱਤਾ। ਇਸ ਮਗਰੋਂ ਯਸ਼ਵੀਰ ਨੇ ਸ਼ਾਨਦਾਰ ਵਾਪਸੀ ਕਰਦਿਆਂ ਪੰਜਵੇਂ ਗੇੜ ਵਿੱਚ 85.14 ਅਤੇ ਛੇਵੇਂ ਗੇੜ ਵਿੱਚ 85.72 ਮੀਟਰ ਨੇਜ਼ਾ ਸੁੱਟ ਕੇ ਰੋਹਿਤ ਨੂੰ ਪਛਾੜਦਿਆਂ ਚਾਂਦੀ ਦਾ ਤਗ਼ਮਾ ਪੱਕਾ ਕਰ ਲਿਆ।

ਇਸ ਨਤੀਜੇ ਨਾਲ ਭਾਰਤ ਨੇ ਲਗਾਤਾਰ ਦੂਜੀ ਵਾਰ ਏਸ਼ਿਆਈ ਖੇਡਾਂ ਦੇ ਨੇਜ਼ਾ ਸੁੱਟਣ ਮੁਕਾਬਲੇ ਵਿੱਚ ਦੋ ਤਗ਼ਮੇ ਜਿੱਤੇ ਹਨ। ਹਾਂਗਜ਼ੂ ਖੇਡਾਂ ਵਿੱਚ ਨੀਰਜ ਚੋਪੜਾ ਨੇ ਸੋਨਾ ਅਤੇ ਕਿਸ਼ੋਰ ਜੇਨਾ ਨੇ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਸੱਟ ਕਾਰਨ ਇਸ ਵਾਰ ਨੀਰਜ ਆਪਣਾ ਖ਼ਿਤਾਬ ਬਚਾਉਣ ਨਹੀਂ ਉਤਰ ਸਕਿਆ।

# ਪੰਜਾਬ ਦੀ ਹਾਕੀ ਨੂੰ ਸਕੂਲ ਪੱਧਰ 'ਤੇ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ– ਕਨੇਡੀਅਨ ਹਾਕੀ ਕੋਚ ਸ਼ਿਵ ਜੱਗਦੇ




ਸਰੀ (ਕਨੇਡਾ): ਕਨੇਡਾ ਫੀਲਡ ਹਾਕੀ ਟੀਮ ਦੇ ਸਾਬਕਾ ਕੌਮੀ ਕੋਚ ਅਤੇ ਐਫ.ਆਈ.ਐਚ (FIH) ਕੌਮਾਂਤਰੀ ਹਾਕੀ ਸੰਘ ਦੇ ਗਰੇਡ–1 ਕੋਚ ਸ਼ਿਵ ਵੀਰਾ ਜਗਦੇ ਨਾਲ ਸਰੀ ਕਨੇਡਾ ਵਿਖੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਵਿਸ਼ੇਸ਼ ਗੱਲਬਾਤ ਕੀਤੀ।

ਕਈ ਦਹਾਕਿਆਂ ਤੱਕ ਕਨੇਡਾ ਦੀ ਕੌਮੀ ਫੀਲਡ ਹਾਕੀ ਟੀਮ ਦੇ ਮੁੱਖ ਕੋਚ ਰਹੇ ਸ਼ਿਵ ਵੀਰਾ ਜਗਦੇ ਨੇ ਇਸ ਵਿਸ਼ੇਸ਼ ਮਿਲਣੀ ਦੌਰਾਨ ਆਪਣੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਦੀ ਕੋਚਿੰਗ ਅਧੀਨ ਕਨੇਡਾ ਦੀ ਟੀਮ ਨੇ 80ਵਿਆਂ ਅਤੇ 90ਵਿਆਂ ਵਿੱਚ ਭਾਰਤ ਅਤੇ ਪਾਕਿਸਤਾਨ ਵਰਗੀਆਂ ਉਸ ਸਮੇਂ ਦੀਆਂ ਦਿੱਗਜ ਟੀਮਾਂ ਨੂੰ ਮਾਤ ਦੇ ਕੇ ਵੱਡੀਆਂ ਜਿੱਤਾਂ ਹਾਸਲ ਕੀਤੀਆਂ ਹਨ।

ਖੇਡ ਲੇਖਕ ਜਰਖੜ ਨਾਲ ਵਿਸ਼ੇਸ਼ ਗੱਲਬਾਤ ਵਿੱਚ ਜਗਦੇ ਨੇ ਕਿਹਾ ਕਿ ਪੰਜਾਬ ਦੀ ਹਾਕੀ ਵਿੱਚ ਗਰਾਸ ਰੂਟ ਤੇ ਬਹੁਤ ਨਿਘਾਰ ਆ ਰਿਹਾ ਹੈ ਪੰਜਾਬ ਵਿੱਚ ਹਾਕੀ ਨੂੰ ਮੁੜ ਜੀਵਤ ਕਰਨ ਲਈ ਸਕੂਲ ਪੱਧਰ 'ਤੇ ਮਜ਼ਬੂਤ ਕੀਤਾ ਜਾਣਾ ਲਾਜ਼ਮੀ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ "ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਪ੍ਰਮੁੱਖ ਪਿੰਡਾਂ ਦੇ ਸਕੂਲਾਂ ਵਿੱਚ ਐਸਟ੍ਰੋਟਰਫ ਹਾਕੀ ਫੀਲਡ ਸਥਾਪਿਤ ਕੀਤੇ ਜਾਣ, ਤਾਂ ਜੋ ਬੱਚੇ ਛੋਟੀ ਉਮਰ ਤੋਂ ਹੀ ਆਧੁਨਿਕ ਹਾਕੀ ਦੀ ਸਿਖਲਾਈ ਲੈ ਸਕਣ।"

**ਉਨ੍ਹਾਂ ਨੇ ਪੰਜਾਬ ਹਾਕੀ ਦੇ ਭਲੇ ਲਈ ਪੰਜ ਮੁੱਖ ਸੁਝਾਅ ਦਿੱਤੇ:–**

1. ਸਕੂਲ ਪੱਧਰ 'ਤੇ ਐਸਟ੍ਰੋਟਰਫ ਮੈਦਾਨ ਲਾਜ਼ਮੀ – ਹਰ ਸਕੂਲ ਵਿੱਚ ਐਸਟ੍ਰੋਟਰਫ ਪਿੱਚ ਬਣਾਈ ਜਾਵੇ।
2. ਬੱਚਿਆਂ ਲਈ ਇੱਕਸਾਰ ਰਾਸ਼ਟਰੀ ਕੋਚਿੰਗ ਪ੍ਰਣਾਲੀ – ਪੂਰੇ ਪੰਜਾਬ ਵਿੱਚ ਬੱਚਿਆਂ ਦੀ ਕੋਚਿੰਗ ਲਈ ਇੱਕੋ ਜਿਹਾ ਮਿਆਰੀ ਪਾਠਕ੍ਰਮ ਲਾਗੂ ਕੀਤਾ ਜਾਵੇ।
3. ਪੰਜਾਬ ਦੇ ਕੋਚਾਂ ਨੂੰ FIH ਅੰਤਰਰਾਸ਼ਟਰੀ ਸਿਖਲਾਈ – ਸਥਾਨਕ ਕੋਚਾਂ ਨੂੰ FIH ਅਧਿਕਾਰਤ ਕੋਚਿੰਗ ਕੋਰਸਾਂ ਰਾਹੀਂ ਅੰਤਰਰਾਸ਼ਟਰੀ ਪੱਧਰ 'ਤੇ ਤਿਆਰ ਕੀਤਾ ਜਾਵੇ।
4. ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਨਿਯਮਤ ਟੂਰਨਾਮੈਂਟ – ਪੇਂਡੂ ਅਤੇ ਸ਼ਹਿਰੀ ਪੱਧਰ 'ਤੇ ਸਾਲ ਭਰ ਹਾਕੀ ਟੂਰਨਾਮੈਂਟ ਕਰਵਾਏ ਜਾਣ।
5. ਖਿਡਾਰੀਆਂ ਲਈ ਪੋਸ਼ਣ, ਡਾਈਟ ਅਤੇ ਸਿਹਤ ਸੰਭਾਲ ਸਬੰਧੀ ਸਿਖਲਾਈ ਜ਼ਰੂਰੀ।

ਜਗਦੇ ਨੇ ਕਿਹਾ ਕਿ ਪੇਂਡੂ ਬੱਚਿਆਂ ਨੂੰ ਹਾਕੀ ਪ੍ਰਤੀ ਉਤਸ਼ਾਹਿਤ ਕਰਨ ਵਿੱਚ ਖੇਡ ਲੇਖਕ ਜਗਰੂਪ ਸਿੰਘ ਜਰਖੜ ਦਾ ਯੋਗਦਾਨ ਸ਼ਲਾਘਾਯੋਗ ਹੈ। ਜਰਖੜ ਹਾਕੀ ਅਕੈਡਮੀ ਉਹਨਾਂ ਦੀ ਅਗਵਾਈ ਹੇਠ ਅੱਜ ਆਲਮੀ ਪੱਧਰ ਤੇ ਨਾਮਣਾ ਖੱਟ ਰਹੀ ਹੈ। ਉਹ ਕਈ ਸਾਲਾਂ ਤੋਂ ਪੰਜਾਬ ਦੇ ਪੇਂਡੂ ਖੇਡ ਮੇਲਿਆਂ ਅਤੇ ਹਾਕੀ ਮੁਕਾਬਲਿਆਂ ਨੂੰ ਮੀਡੀਆ ਰਾਹੀਂ ਉਜਾਗਰ ਕਰਦੇ ਆ ਰਹੇ ਹਨ, ਜਿਸ ਨਾਲ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਣਾ ਮਿਲਦੀ ਹੈ।

ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ :– ਸਾਬਕਾ ਅੰਤਰਰਾਸ਼ਟਰੀ ਹਾਕੀ ਖਿਡਾਰੀ ਤੇਜਿੰਦਰ ਸਿੰਘ ਤੇਜੀ ਬੀ ਐਸ ਐਫ, ਸਾਬਕਾ ਸੀਨੀਅਰ ਅਕਾਲੀ ਆਗੂ ਅਵਤਾਰ ਸਿੰਘ ਮੱਲਾ, ਮਨਜੀਤ ਸਿੰਘ ਬਹੁਗਣ ਮਲਸੀਆ, ਗੁਰਚਰਨ ਸਿੰਘ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਨਿੱਝਰ, ਸੰਨੀ ਪਟਿਆਲਾ ਅਤੇ ਹੋਰ ਪਤਵੰਤੇ ਖੇਡ ਪ੍ਰੇਮੀ ਹਾਜ਼ਰ ਸਨ।

ਅੰਤ ਵਿੱਚ ਜਗਦੇ ਨੇ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਹੀ ਪੰਜਾਬ ਫਿਰ ਤੋਂ ਹਾਕੀ ਦਾ ਘਰ ਬਣੇਗਾ।

ਜਗਰੂਪ ਸਿੰਘ ਜਰਖੜ ਖੇਡ ਲੇਖਕ










